INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਿਤ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੁਲਾਈ
2025



ਧੁਰ ਕੀ ਬਾਣੀ ਆਈ ॥
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਦਮਦਮਾ ਸਾਹਿਬ ਵਿਖੇ, ਭਾਈ ਮਨੀ ਸਿੰਘ ਜੀ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅਨੁਭਵ ਰਾਹੀਂ, ਆਪਣੀ ਪਵਿੱਤਰ ਰਸਨਾ ਰਾਹੀਂ ਲਿਖਵਾਉਂਦੇ ਹੋਏ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

ਪੂਤਾ ਮਾਤਾ ਕੀ ਅਸੀਸ॥......

ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ
ਮਹਾਂਪੁਰਸ਼ਾਂ ਦੇ ਜੀਵਨ ਸਾਥੀ
ਸੱਚਖੰਡਵਾਸੀ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੇ
ਜਨਮ ਦਿਨ ਸਬੰਧੀ

# ਗੁਰਮਤਿ ਸਮਾਗਮ

# 8 ਅਗਸਤ 2025



ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ
ਰਤਵਾੜਾ ਸਾਹਿਬ

## ਸਮਾਂ : ਸਵੇਰੇ 10:00 ਤੋਂ 3:30

**ਅੰਮ੍ਰਿਤ ਸੰਚਾਰ : ਸਵੇਰੇ 11.00 ਵਜੇ ਹੋਣਗੇ।**

ਪ੍ਰਾਰਥਕ : ਟਰੱਸਟ ਰਤਵਾੜਾ ਸਾਹਿਬ

# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਜੁਲਾਈ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**


Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | ਮੰਝ ਪਿਆਰਾ ਗੁਰੂ ਨੂੰ.......। | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਚਉਥੈ ਪਹਰਿ ਸਬਾਹ ਕੈ....................॥ | 17 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਗੁਰੂ ਅਤੇ ਸਿੱਖ ਦਾ ਸਬੰਧ | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਸਾਵਣੁ ਤਿਨਾ ਸੁਹਾਗਣੀ.....॥ | 34 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਗੁਰ ਨਾਨਕ ਆਗਮਨ | 38 |
| | *ਡਾ. ਭਾਈ ਵੀਰ ਸਿੰਘ ਜੀ* | |
| 8. | ਗੁਰਬਾਣੀ ਅਰਥ ਭੰਡਾਰ | 42 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | ਜਨ ਪਰਉਪਕਾਰੀ ਆਏ - ਭਾਗ 4 | 47 |
| | *ਪ੍ਰੋ. ਗੁਰਦੇਵ ਸਿੰਘ* | |
| 10. | ਵਾਰਾਂ ਭਾਈ ਗੁਰਦਾਸ ਜੀ | 50 |
| 11. | ਭਾਈ ਨੰਦ ਲਾਲ ਜੀ | 52 |
| 12. | ਈਸ਼੍ਵਰ ਅਮੋਲਕ ਲਾਲ | 54 |
| 13. | ਭਾਈ ਮਨੀ ਸਿੰਘ ਜੀ | 55 |
| | *ਗਿਆਨੀ ਭਜਨ ਸਿੰਘ* | |
| 14. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ | 56 |

# ਸੰਪਾਦਕੀ

## ਸੁਰਤਿ ਸਬਦਿ ਭਵ ਸਾਗਰੁ ਤਰੀਐ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਗੁਰਮਤਿ ਦਾ ਮਾਰਗ ਸੁਰਤਿ ਸਬਦ ਦਾ ਮਾਰਗ ਹੈ। ਇਹ ਵੀਚਾਰ ਪਿਛਲੇ ਅੰਕਾਂ ਵਿਚ ਚਲ ਰਹੀ ਹੈ। 'ਸਬਦਿ ਗੁਰੂ ਸੁਰਤਿ ਧੁਨਿ ਚੇਲਾ' ਦਾ ਸਿਧਾਂਤ ਗੁਰਮਤਿ ਦਾ ਪ੍ਰਮੁੱਖ ਸਿਧਾਂਤ ਹੈ। ਸਮੁੱਚੀ ਰੂਹਾਨੀਅਤ ਇਸ ਸਿਧਾਂਤ ਵਿਚ ਸਮਾਈ ਹੋਈ ਹੈ। ਜਿਸ ਨੂੰ ਮਨੁੱਖੀ ਜਾਮੇ ਵਿਚ ਇਸ ਸਿਧਾਂਤ ਦੀ ਸੋਝੀ ਆ ਗਈ ਉਨ੍ਹਾਂ ਦਾ ਆਉਣਾ ਇਸ ਮਾਤ ਲੋਕ ਵਿਚ ਪ੍ਰਵਾਨ ਹੈ। ਭਾਵ –

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥* *ਅੰਗ- ੬੮੭*

ਆਮ ਤੌਰ 'ਤੇ ਧਾਰਮਿਕ ਸੰਸਾਰ ਵਿਚ ਸੁਰਤਿ ਦੀ ਜਗ੍ਹਾ ਤੇ ਸਰੀਰ ਨੂੰ ਹੀ ਸਭ ਕੁਝ ਸਮਝ ਲਿਆ ਗਿਆ ਹੈ। ਸਰੀਰ ਦੁਆਲੇ ਭੇਖ ਧਾਰਨ ਕੀਤੇ ਜਾਂਦੇ ਹਨ ਜਿਹੜੇ ਕਿ ਇਕ 'ਚਿੰਨ' ਦਾ ਕੰਮ ਤਾਂ ਕਰ ਸਕਦੇ ਹਨ ਅਤੇ ਦਿਖਾਵੇ ਦੇ ਤੌਰ 'ਤੇ ਦੂਜਿਆਂ ਨੂੰ ਭਰਮਾਉਣ ਦੀ ਸ਼ਕਤੀ ਤਾਂ ਉਹ ਚਿੰਨ ਰਖਦੇ ਹਨ ਪਰ ਸੁਰਤਿ ਨੂੰ ਉਚਤਾਈਆਂ ਤਕ ਪਹੁੰਚਾਣ ਲਈ ਅਸਮਰੱਥ ਹਨ। ਕਿਉਂ ਅਸਮਰੱਥ ਹਨ? ਉਹ ਕੇਵਲ ਸਰੀਰ ਨੇ ਹੀ ਧਾਰਨ ਕੀਤੇ ਹੋਏ ਹਨ। ਸਥੂਲ ਸਰੀਰ ਨੇ ਇਕ ਦਿਨ ਬਿਨਸਨਾ ਹੈ। 'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ (ਅੰਗ-੧੪੨੯) ਸਥੂਲ ਨੇ ਰੂਹ ਦੇ ਨਾਲ ਨਹੀਂ ਜਾਣਾ। ਸਥੂਲ ਸਰੀਰ ਨਾਲ ਸਬੰਧਿਤ ਮਾਇਆਵੀ ਸੰਸਾਰ ਨੇ ਇਥੇ ਹੀ ਰਹਿ ਜਾਣਾ ਹੈ। ਇਥੋਂ ਖਾਲੀ ਹੱਥ ਜਾਣਾ ਪੈਣਾ ਹੈ –

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ – ੧੩੬੫*

ਇਸ ਕਰਕੇ ਸਥੂਲ ਵਲ ਕੇਂਦਰਿਤ ਨਾ ਹੋ ਕੇ ਸੂਖਸ਼ਮ ਸਾਧਨ ਵਰਤਣੇ ਹਨ। ਸੁਰਤਿ ਸੂਖਸ਼ਮ ਹੈ ਨਾਮ ਅਤੀ ਸੂਖਸ਼ਮ ਹੈ। ਸੂਖਸ਼ਮ ਦਾ ਸੂਖਸ਼ਮ ਨਾਲ ਜੋੜ ਸੰਭਵ ਹੈ ਸਥੂਲ ਨਾਲ ਨਹੀਂ। ਸਥੂਲ ਦੀ ਸੀਮਤਾ ਹੈ। ਰੂਹ ਨਾਲ ਸਥੂਲ ਨਹੀਂ ਜਾ ਸਕਦਾ। ਇਸ ਕਰਕੇ ਲੋੜ ਹੈ ਸੂਖਸ਼ਮ ਸਾਧਨ ਵਰਤੇ ਜਾਣ ਤਾਂ ਜੋ ਰੂਹਾਨੀ ਮਾਰਗ ਜਲਦੀ ਤੈਅ ਹੋ ਸਕੇ ਬਸ਼ਰਤੇ ਕਿ ਸਥੂਲ ਵੀ ਨਾ ਕਿਤੇ ਬਿਨਸ ਜਾਵੇ। ਭਾਵ –

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ*
*ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ – ੭੨੬*

ਭਾਵ –

*ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥*
*ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥*
*ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥*
*ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥*
*ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥*
*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ*
*ਦਰਗਹ ਆਏ ਕੰਮਿ ॥* *ਅੰਗ – ੧੩੮੩*

ਸਾਰੇ ਅਮਲਾਂ ਵਿਚੋਂ ਵੱਡਾ ਸਾਰਥਕ ਅਮਲ ਹੈ ਸੁਰਤਿ ਦਾ ਰੂਹਾਨੀ ਮਾਰਗ। ਸੁਰਤਿ ਨੇ ਉਡਾਰੀ ਭਰਨੀ ਹੈ, ਸਬਦ ਦੇ ਖੰਭਾਂ ਨਾਲ। ਸ਼ਬਦ ਰੂਪੀ ਖੰਭ ਮਿਲਦੇ ਹਨ ਪੂਰੇ ਸਤਿਗੁਰੂ ਕੋਲੋਂ। ਭਾਵ –

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ – ੯੩੮*

ਜਿਵੇਂ ਮੁਰਗਾਬੀ ਪਾਣੀ ਵਿਚ ਰਹਿੰਦੀ ਹੈ, ਪਾਣੀ ਦੇ ਉਤੇ ਤੈਰਦੀ ਹੈ, ਕਮਲ ਦਾ ਫੁੱਲ ਚਿੱਕੜ ਤੋਂ ਨਿਰਲੇਪ ਹੈ ਇਸੇ ਤਰ੍ਹਾਂ ਦੁਨੀਆਂ ਵਿਚ ਰਹਿੰਦੇ ਹੋਏ ਦੁਨੀਆਂ ਤੋਂ ਅਭਿੱਜ ਰਹਿਣਾ ਹੈ। ਸੰਸਾਰ ਵਿਚ ਰਹਿਣਾ ਹੈ ਸੰਸਾਰੀ ਨਹੀਂ ਬਣਨਾ। ਸੰਸਾਰ ਵਿਚ ਰਹਿੰਦੇ ਹੋਏ ਕਰਤਾਰੀ ਬਣਨਾ ਹੈ। ਕਰਤਾਰੀ, ਕਰਤਾਰ, ਅਕਾਲਪੁਰਖ ਨਾਲ ਜੁੜਿਆਂ ਹੀ ਬਣਿਆ ਜਾ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਵਿਚ ਕੇਵਲ ਨਾਮ ਦੀ ਪ੍ਰਧਾਨਤਾ ਹੈ। ***'ਨਾਨਕ ਕੈ***

***ਘਰਿ ਕੇਵਲ ਨਾਮੁ ॥ ' (ਅੰਗ-੧੧੩੬)*** ਪਰ ਇਸ ਦੀ ਵਿਚਾਰ ਵਿਰਲੇ ਅਨੁਭਵੀ ਮਹਾਂਪੁਰਸ਼ਾਂ ਰੱਬੀ ਰੂਹਾਂ ਦੇ ਹਿੱਸੇ ਆਈ ਹੈ -

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਅੰਗ - ੨੬੫*

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

ਨਾਮ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ ਭਾਵ-

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ- ੧੨੯੧*

ਜੋ ਸਰੀਰ ਰੂਪੀ ਘਰ ਵਿਚ, ਸੁਰਤਿ ਦੇ ਮਾਰਗ ਰਾਹੀਂ ਨਿਜ ਘਰ ਦਿਖਾ ਦੇਵੇ। ਉਹ ਸਤਿਗੁਰੂ ਹੈ। ਭਾਵ -

*ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥*
*ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥*
*ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥*
*ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥*
*ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥*
*ਅੰਗ- ੧੨੪੨*

ਆਉ! ਵੀਚਾਰ ਨੂੰ ਫਿਰ ਸੁਰਤਿ ਦੇ ਮਾਰਗ ਵਲ ਲੈ ਕੇ ਜਾਈਏ। ਸਾਡੀ ਸੁਰਤਿ ਦੋ ਸੰਸਾਰਾਂ ਵਿਚ ਵਿਚਰਦੀ ਹੈ। ਇਕ ਬਾਹਰਲਾ ਸੰਸਾਰ ਹੈ ਜੋ ਸਾਨੂੰ ਦਿਸਦਾ ਹੈ ਪਰ ਇਹ ਵੀ ਸੀਮਤਾ ਵਿਚ। ਦੂਸਰਾ ਸੰਸਾਰ ਹੈ - ਅੰਦਰ ਦਾ ਸੰਸਾਰ, ਆਤਮਿਕ ਸੰਸਾਰ। ਇਸ ਦੀ ਛੋਹ ਵਿਰਲਿਆਂ ਨੂੰ ਹੈ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ - ੬੯੫*

ਇਹ ਸੁਰਤਿ ਰੂਪੀ ਚੇਤਨਾ ਬਾਹਰਮੁਖੀ ਵੀ ਹੋ ਸਕਦੀ ਹੈ ਤੇ ਅੰਤਰਮੁਖੀ ਵੀ। ਜਦੋਂ ਇਹ ਬਾਹਰਮੁਖੀ ਹੁੰਦੀ ਹੈ ਤਾਂ ਇਹ ਜੀਵ ਕਾਦਰ ਦੀ ਬਣਾਈ ਕੁਦਰਤਿ ਨੂੰ ਦੇਖ ਕੇ ਵਿਸਮਾਦ ਵਿਚ ਆਉਂਦਾ ਹੈ-

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ਅੰਗ - ੪੬੯*

ਜਦੋਂ ਇਹੀ ਸੁਰਤਿ ਅੰਤਰ ਮੁਖੀ ਹੁੰਦੀ ਹੈ ਤਾਂ ਅੰਦਰ ਪ੍ਰਕਾਸ਼, ਅਨੰਦ ਤੇ ਰਸ ਨਾਲ ਭਰਪੂਰ ਹੋ ਜਾਂਦੀ ਹੈ। ਸਦਾ ਦਾ ਖੇੜਾ ਵਿਗਸ ਜਾਂਦਾ ਹੈ -

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ - ੨*

ਉਸ ਵਿਗਾਸ ਵਿਚ ਸ਼ਬਦ ਸੁਣਾਈ ਦਿੰਦਾ ਹੈ ਜਿਸ ਨੂੰ 'ਅਨਹਦ' ਕਿਹਾ ਜਾਂਦਾ ਹੈ। ਇਸ ਨੂੰ ਸੁਣ ਕੇ ਵੀ ਸੁਰਤਿ ਵਿਸਮਾਦ ਵਿਚ ਜਾਂਦੀ ਹੈ।

*ਹਉ ਬਿਸਮ ਭਈ ਦੇਖਿ ਗੁਣਾ*
*ਅਨਹਦ ਸਬਦ ਅਗਾਜਾ ਰਾਮ ॥ ਅੰਗ - ੭੬੫*

ਇਥੇ ਸੁਰਤਿ ਆਪਣੇ ਆਪ ਵਿਚ ਲੀਨ ਹੋ ਜਾਂਦੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

*ਆਪਾ ਮਧੇ ਆਪੁ ਪਰਗਾਸਿਆ*
*ਪਾਇਆ ਅੰਮ੍ਰਿਤੁ ਨਾਮੁ ॥ ਅੰਗ - ੧੩੨੯*

ਇਹੀ ਗੁਰਮਤਿ ਦੀ ਆਖਰੀ ਮੰਜ਼ਿਲ ਹੈ। ਗੁਰਮਤਿ ਦੀਆਂ ਪੌੜੀਆਂ ਦਾ ਆਖਰੀ ਡੰਡਾ ਹੈ। ਵਡਭਾਗੇ ਹਨ ਜੋ ਇਸ ਮਾਰਗ 'ਤੇ ਚਲਦੇ ਹਨ। ਚੱਲਣ ਵਾਲੇ ਗੁਰੂ ਬਖਸ਼ਿਸ਼ ਨਾਲ ਇਕ ਦਿਨ ਪਹੁੰਚ ਵੀ ਜਾਂਦੇ ਹਨ।

ਆਉ! ਤੁਰੀਏ, ਚੱਲੀਏ ਇਸ ਮਾਰਗ 'ਤੇ।

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥*
*ਅੰਗ - ੧੩੭੬*

ਉਹ ਆਪ ਤਰਸ ਖਾ ਕੇ, ਮਿਹਰਾਂ ਦੇ ਦਰਵਾਜੇ ਖੋਲ੍ਹ ਦੇਵੇਗਾ ਕਿਉਂਕਿ ਉਹ ਦਇਆਲ ਹੈ -

*ਤੁਮ ਕਰਹੁ ਭਲਾ ਹਮ ਭਲੋ ਨ ਜਾਨਹ*
*ਤੁਮ ਸਦਾ ਸਦਾ ਦਇਆਲਾ ॥ ਅੰਗ - ੬੧੩*

ਭਾਵ -

*ਤਰਸੁ ਪਇਆ ਮਿਹਰਾਮਤਿ ਹੋਈ*
*ਸਤਿਗੁਰੁ ਸਜਣੁ ਮਿਲਿਆ ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥*
*ਅੰਗ - ੧੪੨੯*

ਜੀਵ ਦੇ ਵਸ ਵਿਚ ਕੁਝ ਨਹੀਂ ਹੈ। ਲੋੜ ਹੈ ਬਖਸ਼ਿਸ਼ ਦੀ -

*ਦੇਹੁ ਸਜਣ ਆਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ - ੧੫੭*

ਅਰਦਾਸ ਹੈ -

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਬਾਕੀ ਵੀਚਾਰ ਅਗਲੇ ਅੰਕ ਵਿਚ ਗੁਰੂ ਬਖਸ਼ਿਸ਼ ਅਤੇ ਪਾਠਕ ਜਨਾਂ ਦੇ ਪਿਆਰ ਸਦਕਾ।

ਭੁੱਲਾਂ ਚੁਕਾਂ ਦੀ ਖਿਮਾ।

# ਸਾਵਣਿ

**(ਸਾਵਣਿ ਮਹੀਨੇ ਦੀ ਸੰਗਰਾਂਦ : 16 ਜੁਲਾਈ, ਦਿਨ ਬੁੱਧਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥ ਅੰਗ-੧੩੫**

ਸਾਵਣ ਵਿਚ (ਉਹ ਜਗਿਆਸੂ ਰੂਪ) ਇਸਤ੍ਰੀ ਪ੍ਰਸੰਨ ਹੋਈ, (ਜਿਸਦਾ ਵਾਹਿਗੁਰੂ ਦੇ) ਚਰਨਾਂ ਕਵਲਾਂ ਨਾਲ ਪਿਆਰ ਹੈ। (ਜਿਸਨੂੰ) ਇਕੋ ਨਾਮ ਦਾ ਆਸਰਾ ਹੈ (ਤੇ ਜਿਸਨੇ) ਮਨ ਤੇ ਤਨ ਨੂੰ ਸੱਚੇ ਪ੍ਰੇਮ ਵਿਚ ਰੰਗ ਲਿਆ ਹੈ, (ਜਿਸਨੂੰ) ਬਿਖ (ਰੂਪ ਮਾਇਆ ਦੇ) ਸਾਰੇ ਕੂੜੇ ਆਨੰਦ ਸੁਆਹ (ਵਤ ਨਿਕੰਮੇ) ਦਿਸਦੇ ਹਨ। (ਜਿਸਨੂੰ) ਹਰੀ ਦੇ (ਨਾਮ) ਅੰਮ੍ਰਿਤ ਦੀ ਬੂੰਦ ਸੁਹਾਵਣੀ ਲਗਦੀ ਹੈ (ਤੇ ਜੋ ਉਹ) ਸਾਧੂ ਨੂੰ ਮਿਲ ਕੇ ਪੀਣ ਵਾਲੀ ਬਣ ਗਈ ਹੈ (ਐਸੀਆਂ ਸੁਭਾਗਣਾਂ ਨੂੰ ਦੇਖ ਕੇ) ਅਪਾਰ ਤੇ ਸਮਰੱਥ ਪ੍ਰਭੂ ਦੇ ਸੰਗ ਨਾਲ ਬਨ ਤੇ ਬਨਸਪਤੀ ਨੂੰ ਮਉਲਿਆ (ਤੱਕ ਕੇ ਹੁਣ ਮੇਰਾ) ਮਨ ਬੀ ਵਾਹਿਗੁਰੂ ਦੇ ਮਿਲਨ ਨੂੰ ਲੋਚਦਾ ਹੈ, (ਪਰ) ਮਿਲਾਵਣਾ (ਉਸੇ ਪ੍ਰਭੂ ਦੀ ਆਪਣੀ ਹੀ) ਬਖਸ਼ਿਸ਼ ਦੇ ਵਸੀਲੇ ਹੈ। (ਇਸ ਪ੍ਰਾਪਤੀ ਦੇ ਸਹਾਇਕ ਮਿਲੇ ਹੋਏ ਸੰਤ ਹਨ, ਇਸ ਲਈ) ਜਿਨ੍ਹਾਂ (ਸੰਤ ਰੂਪ) ਸਖੀਆਂ ਨੇ ਪ੍ਰਭੂ ਪਾਇਆ ਹੈ ਮੈਂ ਉਨ੍ਹਾਂ ਤੋਂ ਸੌ ਵਾਰੀ (ਯਾ ਨਿੱਤ) ਸਦਕੇ ਹੋ ਰਹੀ ਹਾਂ। ਹੇ ਵਾਹਿਗੁਰੂ ਦਇਆ ਕਰਕੇ ਨਾਮ ਦੇ ਕੇ ਸੁਧਾਰ ਦੇਣ ਵਾਲੇ (ਐਸੇ ਸੰਤ ਦਾ ਮਿਲਾਪ ਕਰਾ ਦੇਹ, ਇਹ) ਨਾਨਕ (ਦੀ ਅਰਦਾਸ ਹੈ)। (ਹਾਂ) ਉਨ੍ਹਾਂ ਸੁਹਾਗਣਾਂ ਲਈ ਸਾਵਣ (ਸਾਵਣ ਹੈ) ਜਿਨ੍ਹਾਂ ਦੇ ਹਿਰਦੇ ਵਿਚ 'ਜਿਨ ਰਾਮ ਨਾਮੁ ਉਰਿ ਹਾਰੁ॥ ਰਾਮ ਨਾਮ ਹਾਰ ਵਾਂਗੂੰ ਪਿਆ ਹੋਇਆ ਹੈ।

ਵਿਆਖਿਆ - ਚੇਤ ਬਸੰਤ ਰੁੱਤ ਦਾ ਸੁਹਾਵਣਾ ਮਹੀਨਾ ਹੈ ਤਿਵੇਂ ਸਾਵਣ ਪਾਵਸ ਰੁੱਤ ਦਾ ਸੁਹਾਵਣਾ ਮਹੀਨਾ ਹੈ। ਇਸ ਮਹੀਨੇ ਵਿਚ ਪ੍ਰਭੂ ਨੂੰ ਸੁਹਾਗ ਪ੍ਰਾਪਤ ਇਸਤ੍ਰੀ ਵਰਗੇ ਸੰਤ ਦਾ ਵਰਣਨ ਹੈ। ਛੇਵੀਂ ਸਤਰ ਵਿਚ ਬ੍ਰਿਹਣੀ ਦੀ ਅਭਿਲਾਖਾ ਦਰਸਾਈ ਹੈ, ਤੇ ਅਗਲੀਆਂ ਸਤਰਾਂ ਵਿਚ ਨਾਮ ਤੇ ਨਾਮ ਦੇ ਸਹਾਇਕ ਸੰਤਾਂ ਦੇ ਮਿਲਾਪ ਦੀ ਯਾਚਨਾ ਹੈ।

ਨਿਰੁਕਤ - ਸਰਸੀ - ਪ੍ਰਸੰਨ ਹੋਈ, ਖਿੜੀ, ਬਿਖਿਆ-ਬਿਖ ਰੂਪ ਮਾਇਆ; ਅਥਵਾ-ਵਿਸ਼ਿਆਂ ਦੇ। ਮਉਲਿਆ-ਖਿੜਿਆ, ਪ੍ਰਫੁੱਲਤ। ਸੰਪਰਦਾ ਵਿਚ ਭਾਵ ਐਉਂ ਲੈਂਦੇ ਹਨ - ਵਣ- ਸਰੀਰ ਤੇ ਤਿਣ-ਇੰਦ੍ਰੇ; ਯਾ ਸੰਮ੍ਰਥ ਤੇ ਅਪਾਰ ਪੁਰਖ ਦੇ ਸੰਗ ਵਿਚ ਮੇਰਾ ਸਰੀਰ ਤੇ ਇੰਦ੍ਰੇ ਖਿੜ ਆਏ ਹਨ, ਜੈਸਾ ਕਿ ਮਘਰ ਵਿਚ ਗੁਰੂ ਜੀ ਨੇ ਆਪ ਲਿਖਿਆ ਹੈ -

*ਤਨੁ ਮਨੁ ਮਉਲਿਆ ਰਾਮ ਸਿਉ*
*ਸੰਗਿ ਸਾਧ ਸਹੇਲੜੀਆਹ ॥ ਅੰਗ - ੧੩੫*

ਕਰਮਿ-ਬਖਸ਼ਿਸ਼ ਵਸੀਲੇ। ਕਰਮਿ ਦਾ ਅਰਥ 'ਕਰਨੀ ਦੁਆਰਾ' ਬੀ ਕਰਦੇ ਹਨ। ਯਥਾ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ....॥ ਅੰਗ - ੨੦੪*

ਮਇਆ-ਕ੍ਰਿਪਾ, ਮਿਹਰ, ਦਇਆ।

ਸਾਵਣੁ-ਹਰਿਆ ਭਰਿਆ, ਸਰ ਸਬਜ਼, ਭਾਵ ਸੁਹਾਵਣਾ ਹੈ (ਸਾਵਾ+ਵਣ) ਉਂਵ ਸੰਸਕ੍ਰਿਤ 'ਸ਼੍ਰਾਵਣ' ਤੋਂ 'ਸਾਵਣ' ਬਣਿਆ ਹੈ, ਉਹ ਮਹੀਨਾ, ਸ਼੍ਰਵਣ ਨਛੱਤਰ ਹੋਵੇ ਜਿਸ ਵਿਚ।

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-25)***

ਦੂਜਾ ਇਹ ਹੈ ਕਿ ਉਥੇ ਆਪਣੀ ਮਰਜ਼ੀ ਨਹੀਂ ਹੋਣੀ ਸਿੱਖੀ ਦੇ ਅੰਦਰ। ਆਪਣਾ ਸਾਰਾ ਤਨ, ਮਨ, ਧਨ ਜੋ ਵੀ ਕੁਛ ਹੈ ਉਹ ਗੁਰੂ ਦੇ ਹੁਕਮ ਦੇ ਵਿਚ ਸੁਰ ਕਰਨਾ ਪੈਣਾ ਹੈ। ਜਿਵੇਂ ਵਾਜੇ ਦੋ ਵਜਦੇ ਹੋਣ ਜੇ ਬੇਸੁਰੀ ਸੁਰ ਦੱਬੀ ਜਾਵੇ ਤਾਂ ਠੀਕ ਨਹੀਂ ਹੁੰਦੀ, ਗੁਰੂ ਦੀ ਇਕ ਸੁਰ 'ਚ ਚਲਣੈ। ਕਿਸੇ ਵਾਕ 'ਤੇ ਕਿੰਤੂ ਨਹੀਂ ਕਰਨੀ। ਸੋ ਇਹ ਗੁਰੂ ਦੀ ਗੋਰ ਸਮਾਉਣਾ ਹੁੰਦੈ। ਗੁਰੂ ਦੀ ਗੋਰ ਵਿਚ 'ਗੋਰ' ਕਬਰ ਨੂੰ ਕਹਿੰਦੇ ਨੇ। ਗੁਰੂ ਦੇ ਹਿਰਦੇ ਵਿਚ ਸਮਾਉਣਾ ਪੈਂਦੈ। ਕਬਰ 'ਚ ਕੌਣ ਸਮਾਉਂਦੈ? ਦੋ ਮੁਰਦੇ ਦੱਬ ਦਿਓ, ਦਸ ਦੱਬ ਦਿਓ, ਮੁਰਦੇ ਨਾ ਹਿੱਲਣ ਨਾ ਜੁੱਲਣ, ਉਵੇਂ ਜਿਵੇਂ ਪਏ ਰਹਿੰਦੇ ਨੇ। ਹਿਲਦੇ ਤਾਂ ਨਹੀਂ ਨਾ ਮੁਰਦੇ? ਨਾ ਕੋਈ ਬਾਂਹ ਹਿਲਾਉਂਦੈ, ਨਾ ਕੋਈ ਸਿਰ ਹਿਲਾਉਂਦੈ, ਨਾ ਕੋਈ ਦੇਖਦੈ। ਜਿਥੇ ਰੱਖ ਦਿਤੇ, ਰੱਖ ਦਿਤੇ। ਕਹਿੰਦੇ, ਇਸੇ ਤਰ੍ਹਾਂ ਨਾਲ ਗੁਰੂ ਦੀ ਗੋਰ ਵਿਚ ਸਮਾਉਣਾ ਪੈਂਦੈ, ਜੇ ਸਿੱਖੀ ਧਾਰਨ ਕਰਨੀ ਹੈ -

*ਧਾਰਨਾ - ਗੁਰ ਗੋਰ ਸਮਾਵੈ ਜੀ,*
*ਮੁਰਦਾ ਹੋਇ ਮੁਰੀਦ ਸੋ।*

*ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।*
*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।*
*ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।*
*ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।*
*ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।*
*ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ।*
*ਭਾਈ ਗੁਰਦਾਸ ਜੀ ਵਾਰ ੯/੨੨*

ਭਾਈ ਮੰਝ! ਦਾਨ ਤੂੰ ਬਹੁਤ ਵੱਡਾ ਮੰਗ ਲਿਆ। ਤੈਨੂੰ ਇਹਦੇ ਬਾਰੇ ਪਤਾ ਨਹੀਂ ਹੈ। ਸਿੱਖੀ ਕੋਈ ਮਾਮੂਲੀ ਚੀਜ਼ ਨਹੀਂ ਹੈ। ਇਹੋ ਜਿਹਾ ਨਹੀਂ ਤੂੰ ਰਹਿਣਾ ਜਿਹੋ ਜਿਹਾ ਹੁਣ ਹੈਂ? ਪੂਰੀ ਤਰ੍ਹਾਂ ਨਾਲ ਤੈਨੂੰ ਬਦਲਣਾ ਪੈਣੈ। ਇਸ ਤਰ੍ਹਾਂ ਸਮਝ ਲੈ ਕਿ ਜੇ ਗੁਰੂ ਦੀ ਗੋਰ 'ਚ ਸਮਾਉਣੈ, ਗੁਰੂ ਦੇ ਨਾਲ ਇਕਮਿਕ ਹੋਣੈ ਤਾਂ ਮੁਰਦਾ ਬਣਨਾ ਪੈਣੈ। ਆਪਣਾ ਆਪ ਛੱਡਣਾ ਪੈਣੈ, ਜਿਹਨੂੰ ego ਕਹਿੰਦੇ ਨੇ। ***'ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।'*** ਫੇਰ ਹੁਕਮ ਦੇ ਵਿਚ ਖੇਡਣਾ ਪੈਂਦੇ, ਆਪਣੀ ਮਰਜ਼ੀ ਕੋਈ ਨਹੀਂ ਰਹਿੰਦੀ ਓਹਦੀ। 'ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।' ਗੁਰਸਿੱਖੀ ਕਿਉਂਕਿ ਸਬਦਿ ਸੁਰਤਿ ਦਾ ਮਾਰਗ ਹੈ, ਇਹਦੇ 'ਚ ਲਿਵਲੀਨ ਹੋ ਕੇ 'ਮੈਂ' ਦਾ ਖਾਤਮਾ ਕਰਨਾ ਹੈ ਪੂਰੀ ਤਰ੍ਹਾਂ ਨਾਲ। 'ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।' ਤਨ ਜਿਹੜਾ ਇਹ ਧਰਮ ਦਾ ਬਣਾਉਣੈ -

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥* *ਅੰਗ - ੯੫੨*

ਕਹਿੰਦੇ, ਇਹ ਧਰਮ ਦੀ ਧਰਤੀ ਬਣਾਉਣੀ ਪੈਣੀ ਹੈ। ਧਰਮ ਬੀਜਣੈ ਇਹਦੇ ਵਿਚ, ਧਰਮ ਨੇ ਫਲਣੈ - ***'ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।'*** ਆਹ ਜਿਹੜਾ ਮਨ ਹੈ, ਇਹ ਗੱਲ ਧਿਆਨ ਨਾਲ ਸੁਣੋ। ਇਸ ਮਨ ਨੂੰ ਜਿਵੇਂ ਦੱਭ ਵਿਛਾਈਦੀ ਹੁੰਦੀ ਹੈ, ਥੱਲੇ ਦਰੀਆਂ ਵਿਛੀਆਂ ਹੁੰਦੀਆਂ ਨੇ, ਇਸ ਤਰ੍ਹਾਂ ਸੰਗਤਾਂ ਦੇ ਚਰਨਾਂ 'ਚ ਵਿਛਾਉਣਾ ਹੈ। ਵਿਛਾ ਲਏਗਾ? ਕਿੰਨਾ ਔਖੈ। ਅਸੀਂ ਤਾਂ ਨਹੀਂ ਵਿਛਾ ਸਕਦੇ, ਬਹੁਤ ਮੁਸ਼ਕਲ ਬਾਤ ਹੈ। ਮਨ ਦੱਭ ਵਾਂਗਣ ਵਿਛਾ ਦੇਣਾ, ਸਾਰਿਆਂ ਦੇ ਪੈਰਾਂ ਥੱਲੇ ਲਤਾੜਿਆ ਜਾਂਦੈ - ***'ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।'*** ਫੇਰ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਰਹੇ। ਆਪਣੇ ਆਪ ਨੂੰ ਕੁਛ ਜਣਾਏ ਨਾ, ਕੁਝ ਚੰਗਾ ਨਾ ਮੰਨੇ, ਕੋਈ ਆਪਣਾ ਹੱਕ ਨਾ ਮੰਨੇ। ਕੋਈ ਆਪਣੇ ਆਪ ਨੂੰ ਸਪੈਸ਼ਲ ਨਾ ਕਹੇ। ਮਾੜਾ ਜਿਹਾ ਕਹਿ ਦੇਈਏ ਕਿ ਤੂੰ ਨਹੀਂ ਆਹ ਕੰਮ ਕਰਨਾ, ਨਰਾਜ਼ ਹੋ ਕੇ ਨੱਠ ਜਾਂਦੈ ਕਿ ਮੈਂ ਤਾਂ ਸਪੈਸ਼ਲ ਬੰਦਾ ਹਾਂ, ਮੈਨੂੰ ਵੀ ਇਹ ਗੱਲ ਕਹਿ ਦਿਤੀ। ਨਾ, ਸਾਧਸੰਗਤ ਜੀ! ਇਹ ਰਸਤਾ ਬੜਾ ਔਖਾ ਹੈ -

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ ॥* *ਅੰਗ- ੭੫੮*

ਜੇ ਝਿੜਕਾਂ ਵੀ ਪੈਂਦੀਆਂ ਨੇ ਉਹ ਵੀ ਮਿੱਠੀਆਂ ਲਗਦੀਆਂ ਨੇ। ਇਹ ਨਹੀਂ ਮੂੰਹ ਤੋਂ ਮਿੱਠਾ ਕਹਿਣਾ ਹੈ। ਐਕਸ਼ਨ ਤੋਂ ਮਿੱਠਾ। ਜੇ ਬਖਸ਼ ਦਿਤਾ ਇਹ

ਤੇਰੀ ਵਡਿਆਈ ਹੈ ਕਿਉਂਕਿ ਤੇਰਾ ਨਾਉਂ ਹੀ ਬਖਸ਼ਿੰਦ ਹੈ। ਸੋ - ***'ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ। ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।'*** 'ਭਾਇ' ਕਹਿੰਦੇ ਨੇ ਪਿਆਰ ਨੂੰ, ਭਗਤੀ ਦੇ ਵਿਚ ਪਿਆਰ ਦੇ ਨਾਲ ਸਾਰਿਆਂ ਤੋਂ ਨੀਵਾਂ ਹੋ ਕੇ ਚੱਲੇ। ਜਿੰਨੀ ਸੰਗਤ ਬੈਠੀ ਹੋਵੇ, ਜਿੰਨੇ ਗੁਰਸਿੱਖ ਹੋਣ, ਆਪਣੇ ਆਪ ਨੂੰ ਨੀਵਾਂ ਸਮਝੇ। ਗੁਰੂ ਦੀ ਮੱਤ ਨੂੰ ਆਪਣੇ ਮਨ ਵਿਚ ਠਹਿਰਾਉਣਾ ਕਰੇ। ਫੇਰ ਕੀ ਹੋਏਗਾ? 'ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ।' ਫੇਰ ਅਖੰਡ ਅੰਮ੍ਰਿਤ ਦੀ ਧਾਰ ਚੱਲ ਪੈਂਦੀ ਹੈ। ਜਿਥੇ ਸੰਗਤ ਹੁੰਦੀ ਹੈ ਉਥੇ ਆਪ ਵੀ ਸਰਸ਼ਾਰ ਹੁੰਦੈ, ਜਿਹੜੇ ਉਹਦੇ ਬਚਨ ਸੁਣਨਗੇ, ਉਹਨਾਂ ਦੇ ਹਿਰਦਿਆਂ ਵਿਚ ਵੀ ਅੰਮ੍ਰਿਤ ਦੀ ਫੁਹਾਰ ਚੱਲਣੀ ਸ਼ੁਰੂ ਹੋ ਜਾਂਦੀ ਹੈ। ਕਹਿੰਦੇ, ਇਸ ਕਰਕੇ ਪਹਿਲਾਂ ਸੋਚ ਲੈ। ਔਖਾ ਬਹੁਤ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ- ੧੧੦੨*

ਮਰਨਾ ਕਬੂਲਣਾ ਪੈਣਾ ਹੈ, ਬਾਕੀ ਜਿਹੜੀ ਤੂੰ ਨਾਮ ਦਾਨ ਦੀ ਮੰਗ ਕੀਤੀ ਹੈ। ਉਹਦੇ ਬਾਰੇ ਵੀ ਕੁਛ ਥੋੜ੍ਹਾ ਜਿਹਾ ਸਮਝਣ ਦਾ ਯਤਨ ਕਰ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਅੰਗ - ੮੧*

ਸੰਸਾਰ ਦੇ ਵਿਚ ਇੱਕੋ ਚੀਜ਼ ਹੈ ਜਿਹਨੂੰ ਨਾਮ ਕਹਿੰਦੇ ਨੇ, ਜਿਹਦੀ ਕੀਮਤ ਨਹੀਂ ਹੈ। ਪ੍ਰੇਮੀਆਂ! ਐਨਾ ਸਸਤਾ ਤਾਂ ਨਹੀਂ ਹੈ। ਜਿਹਨੂੰ ਸਮਝ ਹੀ ਨਾ ਹੋਵੇ, ਉਹਦੇ ਪੱਲੇ ਨਾਮ ਪਾ ਦਿਓ। ਇਸ ਤਰ੍ਹਾਂ ਨਹੀਂ ਨਾਮ ਕਿਸੇ ਦੇ ਪੱਲੇ ਪਿਆ ਕਰਦਾ ਕਿਉਂਕਿ ਨਾਮ ਸਭ ਤੋਂ ਸੁਪਰੀਮ ਚੀਜ਼ ਹੈ। ਜਦੋਂ ਆਦਮੀ ਦੇ ਵਿਚੋਂ 'ਮੈਂ' ਖਤਮ ਹੋ ਜਾਵੇ। ਮਮਤਾ ਖਤਮ ਹੋ ਜਾਵੇ, ਅਹੰਭਾਵ ਖਤਮ ਹੋ ਜਾਵੇ, ਉਹ ਅਧਿਕਾਰੀ ਹੋਇਆ ਕਰਦੈ ਨਹੀਂ ਉਸ ਤੋਂ ਪਹਿਲਾਂ ਨਹੀਂ ਹੁੰਦਾ। ਬਾਕੀ ਜਿਹੜੀਆਂ ਮੋਟੀਆਂ-ਮੋਟੀਆਂ ਰਹਿਤਾਂ ਨੇ ਉਹਦੇ ਬਾਰੇ ਤੂੰ ਧਿਆਨ ਨਾਲ ਸੁਣ ਲੈ -

*ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀ ਨਾਮ ਦੀ।*
*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ - ੧੩੬੫*

ਐਨੀ ਕੀਮਤੀ ਚੀਜ਼ ਪ੍ਰਾਪਤ ਕਰਕੇ ਤੇ ਜਣੇ ਖਣੇ ਦੇ ਕੋਲ ਇਹ ਗੱਠੜੀ ਨਾਮ ਦੀ ਖੋਲ੍ਹ ਕੇ ਉਹਨੂੰ ਦੱਸਣਾ ਸ਼ੁਰੂ ਕਰ ਦਿਓ। ਉਹ ਤਾਂ ਜਾਣਕਾਰੀ ਦੇ ਸਟੋਰ ਵਿਚ ਚਲਿਆ ਜਾਏਗਾ। ਕੋਈ ਫਰਕ ਨਹੀਂ ਪੈਣਾ ਹੈਗਾ। ਕੋਈ ਅਧਿਕਾਰੀ ਮਿਲ ਜਾਵੇ -

*ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥*
*ਅੰਗ - ੧੩੭੬*
*ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ ਅੰਗ - ੧੦੮੬*

ਕਹਿੰਦੇ, ਪਹਿਲਾਂ ਕੌਡੀਆਂ ਦੇ ਭਾਅ ਜਾਂਦਾ ਹੈ। ਜੇ ਗਾਹਕ ਨਾ ਹੋਏ। ਕਿਸੇ ਨੂੰ ਪਤਾ ਹੀ ਨਹੀਂ ਸੰਸਾਰ 'ਚ, ਨਾਮ ਕੀ ਹੈ। ਕਿਵੇਂ ਜਪਿਆ ਜਾਂਦਾ ਹੈ, ਨਾਮ ਦੀ ਪ੍ਰਾਪਤੀ ਤੱਕ ਕਿਵੇਂ ਪਹੁੰਚੀਦੈ। ਨਾਮ ਦਾ ਨਿਵਾਸ ਕਿਵੇਂ ਹੁੰਦੈ। ਨਾਮ ਦੇ ਵਿਚ ਲੀਨ ਕਿਵੇਂ ਹੋਈਦੈ। ਪਤਾ ਹੀ ਨਹੀਂ ਹੈ, ਨਾ ਕਿਸੇ ਨੂੰ ਲੋੜ ਹੈ, ਨਾ ਕਿਸੇ ਨੂੰ ਪਤਾ ਹੈ। ਨਾ ਕੋਈ ਕੁਰਬਾਨੀ ਦੇ ਸਕਦੈ। ਜਦੋਂ ਤਕ ਕੁਰਬਾਨੀ ਨਹੀਂ ਦੇ ਸਕਦਾ। ਓਦੋਂ ਤਕ ਮਹਾਂਪੁਰਸ਼ ਜਿਹੜੇ ਨੇ ਚੁੱਪ ਰਹਿੰਦੇ ਨੇ - ***'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥'*** ਮੁੱਲ ਇਹਦਾ ਸਿਰ ਹੈ। ਆਪਣਾ ਆਪ ਭੇਟ ਕਰਨਾ ਪੈਂਦੈ। ਮੁਰਦਾ ਬਣਨਾ ਪੈਂਦੈ। ਕੌਣ ਬਣ ਜਾਏਗਾ ਮੁਰਦਾ। ਬੜੀ ਮੁਸ਼ਕਲ ਬਾਤ ਹੈ, ਕੋਈ ਵਿਰਲਾ ਹੈ। ਮਹਾਰਾਜ ਕਹਿੰਦੇ, ਸਾਰਾ ਸੰਸਾਰ ਨਹੀਂ ਹੈ -

*ਧਾਰਨਾ - ਵਿਰਲੇ-ਵਿਰਲੇ ਨੇ ਵਪਾਰੀ,*
*ਸੱਚੇ ਨਾਮ ਦੇ।*
*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*
*ਅੰਗ - ੧੪੧੧*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਕੋਈ ਵਿਰਲਾ ਪੁਰਸ਼ ਹੈ -

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥*
*ਅੰਗ - ੧੪੨੭*

ਲੱਖਾਂ 'ਚ ਨਹੀਂ ਹੈਗੇ ਕਰੋੜਾਂ 'ਚ ਹੈਗੇ ਵਪਾਰੀ ਕਿਉਂਕਿ ਤਨ ਮਨ ਭੇਟ ਕਰਨਾ ਸਾਰਿਆਂ ਨਾਲੋਂ ਔਖਾ ਹੈ। ਇਹੀ ਚੀਜ਼ ਅੜਿੱਕਾ ਲਾਉਂਦੀ ਹੈ ਨਾਮ ਦੇ ਅੰਦਰ। ਆਪਣਾ ਆਪ ਰੱਖ ਕੇ ਆਦਮੀ ਨਾਮ ਜਪਦੈ। ਮਹਾਰਾਜ ਕਹਿੰਦੇ, ਭਾਈ ਮੰਝ! ਬੜਾ ਮਹਿੰਗਾ ਸੌਦਾ ਤੂੰ ਮੰਗਿਆ ਹੈ। ਪਰ ਇਹ ਇਸ ਤਰ੍ਹਾਂ ਤਾਂ ਨਹੀਂ ਮਿਲਿਆ ਕਰਦਾ ਇਹ ਤਾਂ ਪੂਰਾ ਕਦਰ ਸ਼ਨਾਸ਼

ਹੋਵੇ। appreciation ਹੋਵੇ ਕਿ ਮੈਂ ਕਿਹੜੀ ਚੀਜ਼ ਮੰਗ ਰਿਹਾ ਹਾਂ। ਨਾਮ ਕੋਈ ਮਾਮੂਲੀ ਚੀਜ਼ ਤਾਂ ਨਹੀਂ ਹੁੰਦੀ। ਪਹਿਲੇ ਜ਼ਮਾਨਿਆਂ 'ਚ 12-12 ਸਾਲ ਸੇਵਾ ਕਰਾ ਕੇ ਫੇਰ ਜਾ ਕੇ ਕਿਤੇ ਕਰਮ ਦੀ ਬਾਤ ਕਰਿਆ ਕਰਦੇ ਸੀ। 12 ਸਾਲ ਸੇਵਾ ਕਰਾ ਕੇ ਉਪਾਸ਼ਨਾ ਦਾ ਬਚਨ ਕਰਿਆ ਕਰਦੇ ਸੀ। 12 ਸਾਲ ਸੇਵਾ ਕਰਾ ਕੇ ਫੇਰ ਨਾਮ ਦੀ ਬਾਤ ਕਰਿਆ ਕਰਦੇ ਸੀ। ਬਹੁਤ ਔਖਾ ਨਾਮ ਮਿਲਦਾ ਸੀ। ਹੁਣ ਜਿੰਨਾਂ ਸਸਤਾ ਕਰ ਦਿਤਾ ਓਨੀ ਹੀ ਬੇਕਦਰੀ ਹੋ ਗਈ। ਹੈ ਹੀ ਨਹੀਂ ਨਾਮ ਦਾ ਕਿਸੇ ਨੂੰ ਪਤਾ। ਅੰਦਰੋਂ ਤਾਂ ਨਿਕਲ ਹੀ ਗਿਆ, ਬਾਹਰ ਹੀ ਆ ਗਿਆ ਕਿਉਂਕਿ ਕਦਰ ਜਾਂਦੀ ਰਹੀ।

ਪਹਿਲਿਆਂ ਸਮਿਆਂ ਦੇ ਅੰਦਰ, ਜਦੋਂ ਅਸੀਂ ਛੋਟੇ ਹੁੰਦੇ। ਬਜ਼ੁਰਗਾਂ ਨੇ ਸਾਰਿਆਂ ਨੇ ਅੰਮ੍ਰਿਤ ਵੇਲੇ ਉਠਣਾ। ਜਿਨ੍ਹਾਂ ਨੂੰ ਗੁਰਸਿੱਖੀ ਦੀ ਲਗਨ ਸੀ। ਅੰਮ੍ਰਿਤ ਵੇਲੇ ਉਠ ਕੇ ਜਾ ਕੇ ਕਿਸੇ ਨੇ ਖੂਹ 'ਤੇ ਇਸ਼ਨਾਨ ਕਰਨਾ। ਕਿਸੇ ਨੇ ਟੋਭੇ 'ਤੇ ਜਾ ਕੇ ਇਸ਼ਨਾਨ ਕਰਨਾ। ਜਿਥੇ ਵੀ ਪਾਣੀ ਮਿਲਦਾ ਉਥੇ ਜਾ ਕੇ ਇਸ਼ਨਾਨ ਕਰਨਾ। ਉਥੇ ਜਾ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਸੀ। ਦਿਨ ਚੜ੍ਹੇ ਤਕ ਭਜਨ ਕਰਦੇ ਹੁੰਦੇ ਸੀ ਜਿਨ੍ਹਾਂ ਨੂੰ ਕੰਮ ਹੁੰਦਾ, ਘਰ ਵਿਚ ਮੈਂ ਦੇਖਿਐ ਸਾਡੇ ਬਾਪੂ ਜੀ, ਪਹਿਲਾਂ ਉਹਨਾਂ ਨੇ ਪੰਜਾਂ ਬਾਣੀਆਂ ਦਾ ਪਾਠ ਕਰਨਾ, ਦੁੱਧ ਰਿੜਕਣਾ ਨਾਲੇ। ਐਨਾ ਮਿੱਠਾ ਲੱਗਣਾ, ਅੱਧ ਸੁੱਤਿਆਂ ਨੂੰ, ਫੇਰ ਜਦੋਂ ਜਾਪੁ ਸਾਹਿਬ ਸ਼ੁਰੂ ਕਰ ਲੈਣਾ, ਦੁੱਧ ਕੀ ਸੀਗਾ, ਲੱਸੀ ਕੀ ਸੀ, ਉਹ ਤਾਂ ਅੰਮ੍ਰਿਤ ਹੀ ਬਣਾ ਦਿੰਦੇ ਸੀ ਰੋਜ਼। ਜਿਹੜਾ ਵੀ ਪੀਂਦਾ ਸੀ ਉਹਦੇ ਉਤੇ ਬਹੁਤ ਅਸਰ ਹੁੰਦਾ ਸੀ। ਘਰ ਸਾਰਾ ਨਾਮ ਨਾਲ ਭਰਿਆ ਹੁੰਦਾ, ਵਾਤਾਵਰਣ ਭਰਿਆ ਹੁੰਦਾ, ਹੋਰ ਕੋਈ ਗੱਲ ਨਹੀਂ ਸੀ ਹੁੰਦੀ, ਜੇ ਗੱਲ ਕਰਨੀ ਹੈ ਤਾਂ ਨਾਮ ਦੀ ਕਰਨੀ ਹੈ ਜਾਂ ਸੰਤਾਂ ਦੀ ਕਰਨੀ ਹੈ ਜਾਂ ਗੁਰੂਆਂ ਦੀ ਕਰਨੀ ਹੈ। ਆਹ ਬਜ਼ੁਰਗ ਰੋਈ ਜਾਂਦੇ ਹੁੰਦੇ ਸੀ, ਅੱਖਾਂ ਭਰੀਆਂ ਹੀ ਰਹਿੰਦੀਆਂ ਸੀ ਗੁਰੂ ਦਸਵੇਂ ਪਾਤਸ਼ਾਹ ਨੂੰ ਯਾਦ ਕਰ-ਕਰ ਕੇ। ਸਾਡੀ ਬੇਬੇ ਸੀ, ਬੀਬੀ ਜੀ ਦੀ ਮਾਤਾ, ਜਦੋਂ ਕਿਤੇ ਫਤਹਿਗੜ੍ਹ ਸਾਹਿਬ ਦਾ ਨਾਉਂ ਲੈ ਦੇਣਾ, ਅਜੇ ਗੱਲ ਅਗਾਂਹਾਂ ਕਰੀ ਨੀਂ, ਉਸੇ ਵੇਲੇ ਰੋਣਾ ਸ਼ੁਰੂ ਕਰ ਦੇਣਾ। ਜਦੋਂ ਗੁਰੂ ਦਸਵੇਂ ਪਾਤਸ਼ਾਹ ਦਾ ਨਾਉਂ ਲੈਣਾ, ਐਨਾ ਵੈਰਾਗ ਉਠਣਾ ਨੇਤਰਾਂ 'ਚੋਂ ਜਦੇ ਜਲ ਆਉਣਾ ਸ਼ੁਰੂ ਹੋ ਜਾਣਾ। ਅਸੀਂ ਕਹਿਣਾ, ਬੇਬੇ ਤੂੰ ਤਾਂ ਗੱਲ ਵੀ ਨਹੀਂ ਕਰਨ ਦਿੰਦੀ। ਪਹਿਲਾਂ ਹੀ ਝੜੀ ਲਗ ਜਾਂਦੀ ਹੈ। ਕਹਿੰਦੀ, ਗੁਰੂ ਹੈ ਹੀ ਐਨੇ ਪਿਆਰੇ ਨੇ, ਮੇਰੇ ਵਸ ਦੀ ਬਾਤ ਨਹੀਂ। ਐਨਾ ਜੁੜੇ ਰਹਿੰਦੇ ਸੀ, ਇਸ ਚੀਜ਼ ਦੇ ਨਾਲ। ਗਾਹਕ ਸੀਗੇ ਉਹ। ਕੋਈ ਜਮਾਤ ਨਹੀਂ ਸੀ ਪੜ੍ਹੀ ਹੋਈ। ਪਤਾ ਨਹੀਂ ਸੀ ਕਿ ੳ ਕੀ ਹੁੰਦੈ, ਅ ਕੀ ਹੁੰਦੈ। 9 ਬਾਣੀਆਂ ਦਾ ਨਿਤਨੇਮ ਰੋਜ਼ ਦਾ ਸੀ। ਪੰਜ ਬਾਣੀਆਂ ਜਿਹੜਾ ਨਿਤਨੇਮ ਹੈ ਇਹ, ਸ਼ਬਦ ਹਜ਼ਾਰੇ, ਦੂਜੇ ਸ਼ਬਦ ਹਜ਼ਾਰੇ, ਆਸਾ ਕੀ ਵਾਰ ਪੂਰੀ ਸ਼ਬਦਾਂ ਛੱਕਿਆਂ ਸਮੇਤ। ਗੁਰੂ ਨੌਂਵੇਂ ਪਾਤਸ਼ਾਹ ਦੇ ਪੂਰੇ ਸ਼ਬਦ, ਗੁਰੂ ਨੌਂਵੇਂ ਪਾਤਸ਼ਾਹ ਦੇ ਸਲੋਕ ਸਾਰੇ। ਬਾਬਾ ਫਰੀਦ ਦੇ, ਕਬੀਰ ਜੀ ਦੇ ਕਿੰਨਾ ਕੁਝ ਪੜ੍ਹਨਾ। ਬਨ੍ਹੇਰੇ ਕੋਲ ਬਹਿ ਜਾਂਦੀ ਸੀ ਸਵੇਰੇ 2 ਵਜੇ। ਉੱਚੀ-ਉੱਚੀ ਗਾ-ਗਾ ਕੇ ਪੜ੍ਹਨਾ, ਸਵੱਈਏ ਐਨੀ ਲਗਨ ਦੇ ਨਾਲ ਪੜ੍ਹਨੇ ਕਿਸੇ ਦਾ ਵੀ ਜੀਅ ਨਾ ਕਰਨਾ ਕਿ ਸੁੱਤੇ ਰਹੀਏ, ਸਭ ਉੱਠ ਕੇ ਬੈਠ ਜਾਂਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਹੁਣ ਤਾਂ ਕਹਾਣੀਆਂ ਬਣ ਗਈਆਂ। ਸਾਡੇ ਜੀਵਨ 'ਚੋਂ ਪ੍ਰੈਕਟੀਕਲੀ ਨਿਕਲ ਗਈਆਂ ਉਹ ਗੱਲ ਨਹੀਂ ਰਹੀ। ਨਾ ਕਿਸੇ ਨੂੰ ਨਾਮ ਦਾ ਥਾਉ ਰਿਹਾ। ਭੁੱਲਦਾ ਜਾਂਦਾ ਹੈ। ਵਿਦਿਆ ਗੁਪਤ ਹੁੰਦੀ ਚਲੀ ਜਾ ਰਹੀ ਹੈ। ਸੋ ਐਸਾ ਹੋ ਗਿਆ, ਸੰਤਾਂ ਦੇ ਕੋਲ ਜਾਓ ਨਾ, ਉਹਨਾਂ ਦੇ ਕੋਲ ਗੱਲ ਨਾ ਕਰੋ। ਸੰਤ ਪਹਿਲਾਂ ਹੀ ਚਾਹੁੰਦੇ ਸੀ ਕਿ ਮੱਖੀਆਂ ਤੋਂ ਅਸੀਂ ਲੈਣਾ ਕੀ ਹੈ। ਉਹ ਪਹਿਲਾਂ ਹੀ ਨੱਠਦੇ ਨੇ ਸਾਰੇ ਸਾਧੂ ਕਿ ਸਾਡੇ ਕੋਲ ਕੋਈ ਨਾ ਆਵੇ। ਉਹ ਤਾਂ ਸਗੋਂ ਮੌਜਾਂ ਬਣਾ ਦਿਤੀਆਂ। ਉਹ ਗਾਹਕ ਜਿਹੜਾ ਹੁੰਦੈ ਉਹਨੇ ਕਿਤੋਂ ਨਾ ਕਿਤੋਂ ਆ ਹੀ ਜਾਣੈ। ਨੱਠ ਭੱਜ ਕੇ ਪਹੁੰਚ ਜਾਣੈ। ਉਹ ਫੇਰ ਅਸਲੀ ਹੀ ਗਾਹਕ ਹੋਇਆ ਕਰਦੈ।

ਸੋ ਕਹਿਣ ਲੱਗੇ, ਭਾਈ ਮੰਝ! ਇਹ ਜਿਹੜਾ ਤੂੰ ਸੌਦਾ ਮੰਗਿਆ ਹੈ ਉਸ ਤੋਂ ਪਹਿਲਾਂ ਦੀ ਗੱਲ ਹੈ। ਬਹੁਤ ਮਹਿੰਗਾ ਹੈ। ਪਹਿਲਾਂ ਤੂੰ ਸੁਣ ਲੈ ਇਹਦੇ ਵਾਸਤੇ। ਜੇ ਤਾਂ ਰਹਿਤਾਂ ਰੱਖ ਲਵੇਂਗਾ ਫੇਰ ਤਾਂ ਮਿਲ ਜਾਏਗਾ। ਇਹਦੇ ਵਾਸਤੇ ਰਹਿਤਾਂ ਰੱਖਣੀਆਂ ਪੈਣੀਆਂ ਨੇ। ਪਹਿਲਾਂ ਝੋਲੀ ਲਿਆ। ਕਹਿਣ ਲੱਗਿਆ, ਮਹਾਰਾਜ! ਕਾਹਦੀ ਝੋਲੀ ਲਿਆਵਾਂ। ਕਹਿੰਦੇ, ਕੱਪੜੇ 'ਚ ਨਾਮ ਨਹੀਂ ਟਿਕਣਾ। ਬਕਸੇ ਵਿਚ ਨਾਮ ਨਹੀਂ ਟਿਕਣਾ। ਲੋਹੇ ਦਾ ਲੈ ਆ, ਲੱਕੜ ਦਾ ਲੈ ਆ। ਕੋਈ ਘੜਾ ਲੈ ਆ ਉਹਦੇ 'ਚ ਨਾਮ

ਨਹੀਂ ਟਿਕਣਾ। ਉਸ ਨਾਮ ਨੇ ਟਿਕਣਾ ਹੈ, ਹਿਰਦੇ ਦੀ ਝੋਲੀ ਦੇ ਵਿਚ। ਉਸ ਝੋਲੀ ਦਾ ਨਾਉਂ ਹੈ ਪ੍ਰਤੀਤ, ਭਰੋਸਾ। ਗੁਰੂ ਦੇ ਉਤੇ ਐਨਾ ਭਰੋਸਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ – ੪੪੨*

ਗੁਰੂ ਦਾ ਜੋ ਬਚਨ ਹੈ ਉਹ ਬਿਲਕੁਲ ਸਤਿ ਕਰਕੇ ਮੰਨਣਾ। ਉਹਦੇ ਵਿਚ ਕਿੰਤੂ ਨਹੀਂ ਕਰਨੀ, ਅਗਰ ਮਗਰ ਕਰਕੇ ਉਹਦੇ ਅਰਥ ਨਹੀਂ ਕੱਢਣੇ। ਜਦੋਂ ਅਸੀਂ ਗੁਰੂ ਦਾ ਬਚਨ ਇਸੇ ਤਰ੍ਹਾਂ ਨਾਲ ਮੰਨ ਲਵਾਂਗੇ, ਹੂ-ਬ-ਹੂ ਤੇ ਸਾਡੇ ਅੰਦਰ ਹਿਲਜੁਲ ਪੈਦਾ ਕਰ ਦੇਵੇ, ਉਸ ਵੇਲੇ 'ਸੁਣਿਐ' ਦੀ ਅਵਸਥਾ ਹੁੰਦੀ ਹੈ –

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ – ੨*

ਸੋ ਪ੍ਰਤੀਤ ਦਾ ਭਾਂਡਾ ਹੈ, ਉਹ ਜ਼ਰੂਰੀ ਹੈ –

*ਧਾਰਨਾ – ਗੁਰ ਕੀ ਪ੍ਰਤੀਤ ਜੀ,*
*ਜਿਸਦੇ ਮਨ ਵਿਚ ਹੈ ਭਾਈ।*
*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ – ੨੮੩*

ਪ੍ਰਤੀਤ, ਭਰੋਸਾ, ਯਕੀਨ, faith ਇਹ ਸਭ ਇਕੋ ਹੀ ਚੀਜ਼ ਹੈ, ਜਿਹਦੇ ਮਨ ਵਿਚ ਗੁਰੂ ਦੀ ਪ੍ਰਤੀਤ ਹੈ, ਸਤਿ ਸ਼ਾਸਤਰ ਦੇ ਬਚਨਾਂ ਦੇ ਉਤੇ ਪ੍ਰਤੀਤ ਹੈ, ਕਿਸੇ ਧਰਮ ਦਾ ਹੋਵੇ, ਕੁਰਾਨ ਸ਼ਰੀਫ 'ਤੇ ਪ੍ਰਤੀਤ ਹੋਣੀ ਚਾਹੀਦੀ, ਗੀਤਾ 'ਤੇ ਹੋਣੀ ਚਾਹੀਦੀ ਹੈ, ਵੇਦਾਂ 'ਤੇ ਹੋਣੀ ਚਾਹੀਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਤੇ 100% ਪ੍ਰਤੀਤ ਹੋਵੇ ਤੇ ਗੁਰੂ ਨੂੰ ਇਹ ਸਮਝੇ – ***'ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥'*** ਉਹਨੂੰ ਅਗਰ-ਮਗਰ ਨਾ ਕਰੇ। ਸ੍ਰੀ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਨੂੰ ਇਸ ਤਰ੍ਹਾਂ ਮੰਨਦੇ ਸੀ, ਉਹਨਾਂ ਦਾ ਭਰੋਸਾ ਇਸ ਤਰ੍ਹਾਂ ਸੀ, ਸਭ ਕੱਚੀਆਂ ਗੱਲਾਂ ਨੇ। ਕੱਚਿਆਂ ਬੰਦਿਆਂ ਦੀਆਂ ਗੱਲਾਂ ਸੁਣ-ਸੁਣ ਕੇ, ਅੰਨ੍ਹਿਆਂ ਦੀਆਂ, ਆਪ ਅੰਨ੍ਹੇ ਹੋਏ-ਹੋਏ ਨੇ। ਮਹਾਰਾਜ ਕਹਿੰਦੇ, ਉਹ ਤਾਂ ਆਪ ਹੀ ਪ੍ਰਮੇਸ਼ਰ ਸੀਗੇ –

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ – ੧੩੯੫*

ਆਪ ਹੀ ਆਏ ਸੀ ਓਹ। ਇਥੇ ਤਾਂ ਸਾਰੇ ਹੀ ਪ੍ਰਮੇਸ਼ਰ ਦਾ ਰੂਪ ਹੈਂ, ਜਿੰਨੇ ਤੁਸੀਂ ਬੈਠੇ ਹੋਂ। ਸਿਰਫ ਐਨਾ ਹੀ ਹੈ ਕਿ ਇਕ ਪਾਸੇ ਅਸੀਂ ਮਾਇਆ ਦੇ ਵਿਚ ਖੇਲ੍ਹ ਕੇ, ਫਜ਼ੂਲ ਚੀਜ਼ ਆਪਣੀ ਬਣਾ ਲਈ–

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ– ੫੫੦*

ਆਪਣਾ ਸਰੂਪ ਜਿਹੜਾ ਸਦਾ ਅਨੰਦ ਵਿਚ ਸੀਗਾ, ਉਹਨੂੰ ਛੱਡ ਕੇ ਪਰਛਾਵਾਂ ਆਪ ਬਣ ਗਏ ਤੇ ਗੁਰੂਆਂ ਨੂੰ ਵੀ ਅਸੀਂ ਪਰਛਾਵਾਂ ਬਣਾ ਦਿਤਾ। ਮਹਾਰਾਜ ਕਹਿੰਦੇ –

*ਗੁਰੁ ਪਰਮੇਸਰੁ ਏਕੋ ਜਾਣੁ ॥* *ਅੰਗ – ੮੬੪*

ਦੋ ਕਿਉਂ ਕਹਿੰਦਾ ਹੈਂ ਤੂੰ ਪ੍ਰਮੇਸ਼ਰ ਤੇ ਗੁਰੂ ਨੂੰ ਉਹ ਤਾਂ ਇਕੋ ਹੀ ਹੁੰਦੈ। ਦੋ ਨਹੀਂ ਹੋਇਆ ਕਰਦੇ। ਸੋ ਇਸ ਤਰ੍ਹਾਂ ਦੇ ਨਾਲ ਜਿਹਦੀ ਪ੍ਰਤੀਤ ਐਨੀ ਵਧੀ ਹੋਈ ਹੈ। ਬੜੀ ਹੈਰਾਨੀ ਹੁੰਦੀ ਹੈ ਜਦੋਂ ਕਹਿਣਗੇ, ਦੂਜੇ ਪਾਤਸ਼ਾਹ, ਤੀਜੇ ਪਾਤਸ਼ਾਹ, ਚੌਥੇ ਪਾਤਸ਼ਾਹ, ਗੁਰੂ ਅੰਗਦ ਸਾਹਿਬ ਨੇ ਇਸ ਤਰ੍ਹਾਂ ਕਿਹਾ ਜੀ, ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਕਿਹਾ, ਇਹ ਪ੍ਰੋਫੈਸਰ ਲੋਕ ਜ਼ਿਆਦਾ ਕਹਿੰਦੇ ਨੇ। ਅਸੀਂ ਤਾਂ ਨਹੀਂ ਕਹਿੰਦੇ। ਅਸੀਂ ਤਾਂ ਕਹਿੰਦੇ ਹਾਂ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਹੀ ਸੀ ਦਸਾਂ ਰੂਪਾਂ ਵਿਚ, ਇਕੋ ਹੀ ਸੀ, ਦੋ ਨਹੀਂ ਸੀਗੇ। ਆਪ ਹੀ ਬੋਲਦੇ ਸੀ, ਆਪ ਹੀ ਅਕਾਲ ਪੁਰਖ ਦੀ ਜੋਤ ਪ੍ਰਗਟ ਹੋ ਕੇ ਬੋਲਦੀ ਸੀ। ਸੋ ਸਾਨੂੰ ਸਿਖਾਉਣ ਵਾਸਤੇ ਉਹ, ਉਹ ਅੱਖਰ ਵਰਤਦੇ ਨੇ ਜਿਹਦੇ ਨਾਲ ਸਾਨੂੰ ਕੁਝ ਸਮਝ ਪੈ ਜਾਵੇ। ਸੋ ਐਨੀ ਪ੍ਰਤੀਤ ਹੋਵੇ।

ਪ੍ਰਤੀਤ ਦੀ ਇਕ ਸਾਖੀ ਮਹਾਂਪੁਰਸ਼ ਦਸਿਆ ਕਰਦੇ ਸੀ ਕਿ ਕੋਈ ਵਿਦਵਾਨ ਪੰਡਤ ਸੀ। ਅਨੁਭਵ ਤਾਂ ਵਿਦਵਾਨ ਦਾ ਵੀ, ਬੁੱਧੀ ਦੇ ਸਟੋਰ 'ਚ ਪਰਛਾਵਾਂ ਪਿਆ ਕਰਦੈ ਅਨੁਭਵ ਦਾ, ਜਿਹਨੂੰ ਉਨਮਨੀ ਦੇਸ਼ ਕਹਿੰਦੇ ਨੇ ਜਾਂ ਸਿੱਧ ਕਹਿੰਦੇ ਨੇ –

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ – ੩੩੯*

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ – ੮*

ਜਿਹੜੀ ਸਿਧ ਵਾਹਿਗੁਰੂ ਨੂੰ ਦੇਖਣ ਵਾਲੀ ਅਕਲ ਹੈ। ਉਹਦਾ ਪਰਛਾਵਾਂ ਪੈ ਜਾਂਦੈ ਬੁੱਧੀ ਦੇ ਵਿਚ, ਅਨੁਮਾਨ ਲਾਉਂਦੇ ਨੇ, ਅੱਟੇ-ਸੱਟੇ ਲਾ ਕੇ ਵਿਦਵਾਨ ਪੁਰਸ਼ ਬੋਲ ਦਿੰਦੇ ਨੇ। ਉਹ ਵਿਦਵਾਨ ਸੀ ਉਹ ਰਾਮ ਦੀ ਮਹਿਮਾ 'ਤੇ ਬਾਤਚੀਤ ਕਰ ਰਿਹਾ ਸੀ ਤੇ ਉਹਦੇ ਮੁਖ ਤੋਂ ਬਹੁਤ ਉੱਚੀ ਕਿਸਮ ਦੇ ਬਚਨ ਨਿਕਲ ਰਹੇ ਸੀ ਤੇ ਇਕ ਬੀਬੀ ਰੋਜ਼ ਜਾਇਆ ਕਰਦੀ ਸੀ ਗਾਗਰ ਸਿਰ 'ਤੇ ਰੱਖ ਕੇ ਦੁੱਧ ਵੇਚਣ, ਜਾਤ ਦੀ ਗੁਜਰੀ ਸੀ ਤੇ ਇਕ ਦਿਨ ਜਲਦੀ ਵੇਚ ਕੇ ਆ ਗਈ। ਕਹਿਣ ਲੱਗੀ ਕਿ ਮੈਂ ਸੁਣਾਂ ਤਾਂ ਸਹੀ ਕਿ ਇਹ ਕਹਿੰਦੇ ਕੀ ਨੇ, ਬੜੇ ਲੋਕ ਬੈਠੇ ਨੇ। ਉਹਨੇ ਵੀ ਇਕ ਪਾਸੇ ਆਪਣੀ ਗਾਗਰ ਰੱਖੀ ਤੇ ਜੁੱਤੀ ਖੋਲ੍ਹ ਕੇ ਪਿੱਛੇ ਬੈਠ ਗਈ ਸਾਰਿਆਂ ਤੋਂ। ਬੜੇ ਹੀ ਧਿਆਨ ਨਾਲ ਸੁਣਨ ਲੱਗੀ, ਜਿਵੇਂ ਕੋਈ ਪਿਆਸਾ ਪਾਣੀ ਨੂੰ ਪੀਂਦੈ।

ਬਚਨ ਆਇਆ ਕਿ ਰਾਮ ਦੇ ਨਾਮ 'ਚ ਐਨੀ ਸ਼ਕਤੀ ਹੈ ਕਿ ਉਹ ਭਵਜਲ ਤੋਂ ਤਾਰ ਦਿੰਦੈ। ਭਵਜਲ ਦੀ ਵਿਆਖਿਆ ਕਰੀ ਕਿ ਵੱਡੀਆਂ-ਵੱਡੀਆਂ ਛੱਲਾਂ ਮਾਰਦਾ ਹੈ, ਅਥਾਹ ਲਹਿਰਾਂ ਨੇ, ਕਹਿੰਦੇ ਅੱਗ ਦਾ ਸਾਗਰ ਹੁੰਦੈ ਖੌਲਦਾ ਤੇ ਉਹਦੀ ਲਹਿਰ ਕਿੰਨੀ ਹੁੰਦੀ ਹੈ, ਉਹ ਦਸੀ ਨਹੀਂ ਜਾ ਸਕਦੀ ਕਿ ਉਹ ਦੋ ਮੀਲ ਵਿਚ ਹੈ ਜਾਂ ਦਸ ਮੀਲ 'ਚ ਹੈ। ਅਥਾਹ ਹੈ ਜਿਹਦਾ ਥਾਹ ਹੀ ਨਹੀਂ ਪੈਂਦਾ ਤੇ ਉਹਦੇ ਵਿਚ ਹੀ ਪ੍ਰਭੂ ਦਾ ਨਾਮ ਰਾਮ-ਰਾਮ ਜਪ ਕੇ ਤਰ ਜਾਂਦਾ ਹੈ। ਮਾਤਾ ਦੇ ਇਹ ਗੱਲ ਪੱਲੇ ਬੰਨ੍ਹੀ ਗਈ, 100% ਭਰੋਸਾ ਹੋ ਗਿਆ। ਬੜੀ ਮਨ ਵਿਚ ਖੁਸ਼ੀ ਹੋਈ ਕਿ ਭਵਜਲ ਤਾਂ ਇਹਨੇ ਤਾਰਨਾ ਹੈ, ਮੇਰੇ ਰਸਤੇ ਵਿਚ ਤਾਂ ਇਕ ਨਦੀ ਪੈਂਦੀ ਹੈ ਤੇ ਮੈਨੂੰ ਦੋ ਮੀਲ ਉਤੇ ਨੂੰ ਜਾਣਾ ਪੈਂਦੈ, ਤੇ ਫੇਰ ਹੇਠਾਂ ਨੂੰ ਆਉਣਾ ਪੈਂਦੈ, ਪੁਲ ਤੋਂ ਲੰਘ ਕੇ ਆਉਣਾ ਪੈਂਦੈ। ਹੁਣ ਤਾਂ ਮੌਜ ਬਣ ਗਈ, ਰਾਮ ਦਾ ਨਾਮ ਲੈ ਕੇ ਲੰਘ ਜਾਇਆ ਕਰਾਂਗੀ। 100% ਭਰੋਸਾ ਸੀ, ਪਾਣੀ ਵਿਚ ਰੱਖ ਦਿਤਾ ਪੈਰ। ਲੰਘ ਗਈ। ਕਈਆਂ ਪ੍ਰੇਮੀਆਂ ਦੇ ਮਨ ਵਿਚ ਤਰਕ ਆ ਜਾਂਦੀ ਹੈ ਕਿ ਇਸ ਤਰ੍ਹਾਂ ਵੀ ਗੱਲ ਹੋ ਜਾਂਦੀ ਹੈ?

ਇਹ ਇਕ ਗੱਲ ਨਹੀਂ ਸਾਧਸੰਗਤ ਜੀ। ਭਾਈ ਗੁਰਦਾਸ ਜੀ ਜਦੋਂ ਆਗਰੇ ਤੋਂ ਸੰਗਤ ਨੂੰ ਲੈ ਕੇ ਆਏ, ਬਿਆਸਾ ਦਰਿਆ ਦੇ ਕੰਢੇ ਆਏ, ਓਧਰੋਂ ਤਾਂ ਮੀਂਹ ਪੈਣ ਵਾਲਾ ਹੋ ਗਿਆ। ਬੱਦਲ ਝੁਕਿਆ ਖੜ੍ਹਾ ਹੈ, ਉਧਰੋਂ ਰਾਤ ਪੈਣ ਵਾਲੀ ਹੋ ਗਈ। ਸੰਗਤ ਨੂੰ ਕੋਈ ਟਿਕਾਣਾ ਨਹੀਂ ਰਹਿਣ ਵਾਸਤੇ, ਬਰਸਾਤ ਦਾ ਮਹੀਨਾ ਹੈ। ਬਿਆਸਾ ਦਰਿਆ ਚੜ੍ਹਿਆ ਹੋਇਆ ਹੈ। ਭਰੋਸਾ ਸੀ। ਕਹਿਣ ਲੱਗੇ, ਸਾਧਸੰਗਤ ਜੀ! ਮੇਰੇ ਪਿੱਛੇ-ਪਿੱਛੇ ਤੁਰ ਆਓ। ਮੂਲਮੰਤਰ ਦਾ ਪਾਠ ਕਰੀ ਜਾਓ, 'ਸੁਣਿਐ ਹਾਥ ਹੋਵੈ ਅਸਗਾਹੁ ॥' ਨਾਲ ਇਹ ਕਹੀ ਜਾਓ। ਸਾਰਿਆਂ ਨੇ ਕਰ ਲਿਆ। ਸਾਰੀਓ ਸੰਗਤ ਪਾਰ ਲੰਘ ਗਈ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਮਹਾਰਾਜਾ ਰਣਜੀਤ ਸਿੰਘ ਜੀ ਨਾਲ ਜਾਂਦੇ ਨੇ। ਰਣਜੀਤ ਸਿੰਘ ਆਇਆ ਕਿ ਮਹਾਰਾਜ ਅਟਕ ਚੜ੍ਹਿਆ ਹੋਇਐ। ਜੇ ਫੌਜਾਂ ਛੇਤੀ ਪਾਰ ਨਾ ਹੋਈਆਂ, ਬਹੁਤ ਮੁਸ਼ਕਲ ਹੋ ਜਾਣੀ ਹੈ। ਕਹਿੰਦੇ, ਚੰਗਾ, ਅਸੀਂ ਸੁਖਮਨੀ ਸਾਹਿਬ ਪੜ੍ਹਾਂਗੇ, ਓਨੇ ਚਿਰ 'ਚ ਲੰਘਾ ਦਿਓ। ਦਰਿਆ ਦੇ ਕੰਢੇ ਖੜ੍ਹੇ ਹੋ ਕੇ ਕਹਿਣ ਲੱਗੇ, ਲੈ ਬਈ, ਸੁਖਮਨੀ ਸਾਹਿਬ ਪੜ੍ਹਨੀ ਹੈ ਵਿਚਾਲੇ ਤੇਰੇ ਤੇ ਤੂੰ ਗਿੱਟੇ-ਗਿੱਟੇ ਹੋ ਕੇ ਚੱਲ ਪੈ। ਇਕ ਦਮ ਛੱਲ ਥੱਲੇ ਦਬ ਗਈ। ਹੌਲੀ-ਹੌਲੀ ਸਾਰੀ ਫੌਜ ਲੰਘ ਗਈ। ਇਕ ਕੰਪਨੀ ਨਾ ਲੰਘੀ। ਉਹਨਾਂ ਦੇ ਮਨ ਵਿਚ ਇਹ ਆਈ ਗਿਆ ਕਿ ਦਰਿਆ ਵੀ ਕਦੇ ਇਸ ਤਰ੍ਹਾਂ ਉਤਰ ਜਾਂਦੈ। ਮਹਾਰਾਜ ਕਹਿੰਦੇ, ਦਰਿਆ?-

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥* *ਅੰਗ - ੪੬੪*

ਕੋਈ ਇਕ ਦੋ ਚਾਰ ਨਹੀਂ, ਆਹ ਸਾਰਾ ਸੰਸਾਰ ਵਾਹਿਗੁਰੂ ਦੇ ਭੈ ਵਿਚ ਹੈ। ਜਿਹੜੇ ਵਾਹਿਗੁਰੂ ਦੇ ਪਿਆਰੇ ਨੇ ਉਹਨਾਂ ਦੀ ਵੀ ਭੈ ਮੰਨਦੈ। ਸੋ ਉਹ ਸਾਰੀ ਕੰਪਨੀ ਰੁੜ ਗਈ ਜਦੋਂ ਬਾਬਾ ਜੀ ਦਰਿਆ 'ਚੋਂ ਬਾਹਰ ਚਲੇ ਗਏ।

ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ ਬਾਬਾ ਜੀ, ਇਕ ਕੰਪਨੀ ਰੁੜ੍ਹ ਗਈ। ਕਹਿੰਦੇ, ਨਾਸਤਕ ਸੀਗੇ, ਸ਼ਬਦ ਦੀ ਮਹਿਮਾ 'ਤੇ ਵਿਸਵਾਸ਼ ਨਹੀਂ ਸੀ ਉਹਨਾਂ ਨੂੰ।

ਸੋ ਬੀਬੀ ਵਿਸਵਾਸ਼ ਦੇ ਨਾਲ ਲੰਘ ਗਈ। ਇਕ ਦਿਨ ਖਿਆਲ ਆਇਆ ਕਿ ਜਿਹੜੇ ਪੰਡਤ ਜੀ ਨੇ ਮੈਨੂੰ ਇਹ ਗੱਲ ਦਸੀ ਹੈ ਮੈਂ ਕਿਉਂ ਨਾ ਉਹਨੂੰ

ਪ੍ਰਸ਼ਾਦਾ ਛਕਾਵਾਂ, ਘਰ ਲੈ ਆਈ। ਅੱਗੇ-ਅੱਗੇ ਆਪ, ਪਿੱਛੇ-ਪਿੱਛੇ ਪੰਡਤ ਜੀ ਤੁਰੇ ਆਉਂਦੇ ਨੇ। ਅੱਗੇ ਨਦੀ ਆ ਗਈ। ਪੰਡਤ ਜੀ ਦੇਖਦੇ ਨੇ ਕਿ ਕਿਸ਼ਤੀ ਤਾਂ ਹੈ ਨਹੀਂ ਕੋਈ ਵੀ। ਅੱਗੇ ਵਧਣ ਲੱਗੀ, ਪੁੱਛਣ ਲੱਗੇ, ਬੀਬੀ! ਡੂੰਘੀ ਕਿੰਨੀ ਹੈ ਨਦੀ? ਕਹਿਣ ਲੱਗੀ, ਡੂੰਘੀ ਦਾ ਤਾਂ ਕੋਈ ਥਾਹ ਨਹੀਂ, ਕਾਫੀ ਡੂੰਘੀ ਹੈ। ਕਹਿੰਦੇ, ਲੰਘਾਂਗੇ ਕਿਵੇਂ? ਕਹਿੰਦੀ, ਤੁਸੀਂ ਮੈਨੂੰ ਆਪੇ ਤਾਂ ਦਸਿਆ ਹੈ ਕਿ ਰਾਮ ਦਾ ਨਾਮ ਭਵਜਲ ਪਾਰ ਕਰਾ ਦਿੰਦੈ। ਇਹ ਤਾਂ ਨਿੱਕੀ ਜਿਹੀ ਨਦੀ ਹੈ॥ ਰਾਮ-ਰਾਮ ਕਰਦੇ ਆਓ, ਲੰਘ ਜਾਵਾਂਗੇ। ਉਹ ਬੀਬੀ ਉਸੇ ਤਰ੍ਹਾਂ ਰਾਮ-ਰਾਮ ਕਰਦੀ ਪਾਰ ਲੰਘ ਗਈ। ਇਹ ਪੰਡਤ ਜੀ ਖੜ੍ਹੇ ਨੇ। ਸੋਚਦੈ ਕਿ ਇਹਦੇ ਤੇ ਮੇਰੇ ਵਿਚ ਬਹੁਤ ਫਰਕ ਹੈ। ਮੈਂ ਤਾਂ ਮੂੰਹ ਨਾਲ ਹੀ ਗੱਲਾਂ ਕਰਦਾ ਹਾਂ, ਮੇਰੇ ਹਿਰਦੇ ਵਿਚ ਭੋਰਾ ਜਿੰਨਾ ਵੀ ਵਿਸਵਾਸ਼ ਨਹੀਂ ਹੈ। ਅੰਦਰੋਂ ਨਾਸਤਕ ਹਾਂ। ਭਰੋਸੇ ਤੋਂ ਹੀਣਾ ਹਾਂ। ਹੁਣ ਜੇ ਮੈਂ ਇਹ ਨਾ ਕਰਿਆ ਤਾਂ ਇਹ ਕੀ ਕਹੇਗੀ। ਫੇਰ ਕਹਿਣ ਲੱਗਿਆ, ਚਲੋ ਦੇਖ ਲੈਂਦੇ ਹਾਂ, ਜੇ ਇਹ ਰਾਮ-ਰਾਮ ਕਹੇ 'ਤੇ ਲੰਘ ਗਈ, ਮੈਂ ਵੀ ਲੰਘ ਜਾਵਾਂਗਾ, ਹੁਣ ਪ੍ਰਤੀਤ ਨਹੀਂ ਬਣਦੀ, ਟੁੱਟੀ ਹੋਈ ਪ੍ਰਤੀਤ ਹੈ। ਉਹ ਬੀਬੀ ਕਹੀ ਜਾਂਦੀ ਹੈ, ਪੰਡਤ ਜੀ! ਤੁਸੀਂ ਰਾਮ ਕਹਿ ਕੇ ਪੈਰ ਰੱਖੋ। ਜਦੋਂ ਪੈਰ ਰੱਖਿਆ, ਉਸੇ ਵੇਲੇ ਮੂਹਰੇ ਡੂੰਘ ਸੀਗਾ, ਦੜੰਮ ਕਰਕੇ ਵਿਚ ਗਿਆ। ਗੋਤੇ ਖਾਣ ਲਗ ਗਿਆ। ਉਹ ਕਹਿੰਦੀ, ਤੁਸੀਂ ਰਾਮ-ਰਾਮ ਕਹੋ। ਕਹਿੰਦਾ, ਬੀਬੀ! ਰਾਮ-ਰਾਮ ਤੇਰੇ ਵਾਲਾ ਲੰਘਾਉਂਦੈ, ਮੇਰੇ ਵਾਲਾ ਨਹੀਂ ਲੰਘਾਉਂਦਾ। ਉਹਨੇ ਫੇਰ ਇਕ ਸਲੋਕ ਉਚਾਰਿਆ -

ਪੜ੍ਹਦਾ ਪੜ੍ਹਦਾ ਪੜ੍ਹ ਗਿਆ
ਪੜ੍ਹ ਗਿਆ ਚਾਰੇ ਵੇਦ।
ਨਿਹਚਾ ਰਿਦੇ ਨਾ ਆਇਆ,
ਰਿਹਾ ਢੇਡ ਦਾ ਢੇਡ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਤਾ ਨਹੀਂ ਕਿੰਨੇ ਕੁ ਪਾਠ ਕਰ ਲੈਂਦੇ ਹਾਂ, ਪਰ ਨਿਹਚਾ ਆਇਆ ਹੀ ਨਹੀਂ। ਰੋਟੀ ਕਮਾਉਣ ਤਕ ਰਖ ਲਿਆ ਕਿ ਪਾਠ ਕਰ ਲਓ ਪੈਸੇ ਆ ਜਾਣਗੇ, ਠੀਕ ਹੈ। ਗਾ ਲਓ ਬਾਣੀ ਨਿਹਚਾ ਨਹੀਂ ਅੰਦਰ ਆਇਆ। ਮਹਾਰਾਜ ਕਹਿੰਦੇ, ਪਹਿਲੀ ਸ਼ਰਤ ਹੈ ਕਿ ਜਦੋਂ ਤਕ ਨਿਹਚਾ ਨਹੀਂ ਆਉਂਦਾ ਮਨ ਦੇ ਅੰਦਰ ਗੁਰੂ ਦਾ। ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਦੂਸਰੀ ਜੋ ਰਹਿਤ ਹੈ ਉਹ ਹੁੰਦੀ ਹੈ ਪ੍ਰਮੇਸ਼ਰ ਦੀ ਰਜ਼ਾ ਦੇ ਵਿਚ ਰਾਜ਼ੀ ਰਹਿਣਾ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਇਕ ਸਿੱਖ ਆਇਆ, ਜਿਸਦਾ ਨਾਮ ਗੁਰਮੁਖ ਸੀ। ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਗੁਰਮੁਖਾਂ ਦੇ ਲੱਛਣ ਸੁਣੇ ਨੇ ਕਿ ਉਹ ਰਜ਼ਾ 'ਚ ਰਾਜ਼ੀ ਰਹਿੰਦੇ ਨੇ ਕਿਉਂਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਮਖਦੂਮ ਨਾਮ ਦੇ ਪੀਰ ਨੂੰ ਇਹਦੇ ਅਰਥ ਖੋਲ੍ਹ ਕੇ ਦੱਸੇ ਸੀ। ਸਾਖੀ ਹੈ ਬਹੁਤ ਵਧੀਆ, ਅੱਖਾਂ ਖੋਲ੍ਹਣ ਵਾਲੀ ਹੈ। ਵਿਚਾਰ ਕੇ ਪੜ੍ਹਿਓ ਕਦੇ। ਕਹਿਣ ਲੱਗਿਆ, ਮਹਾਰਾਜ! ਮੈਂ ਉਸ ਤਰ੍ਹਾਂ ਦੇ ਗੁਰਸਿੱਖ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਕਰ, ਚਾਰ ਦਿਨ ਦੇ ਅੰਦਰ-ਅੰਦਰ ਗੁਜਰਾਤ ਪਹੁੰਚ ਜਾ। ਉਥੇ ਭਾਈ ਭਿਖਾਰੀ ਨਾਮ ਦਾ ਗੁਰਸਿੱਖ ਹੈ। ਉਹਦੀ ਕ੍ਰਿਆ ਤੋਂ ਤੈਨੂੰ ਇਹ ਗੱਲ ਸਮਝ 'ਚ ਪੈ ਜਾਏਗੀ ਕਿ ਰਜ਼ਾ 'ਚ ਰਾਜ਼ੀ ਕਿਵੇਂ ਰਹੀਦਾ ਹੁੰਦੈ। ਉਥੇ ਪਹੁੰਚ ਗਿਆ ਤੇ ਉਥੇ ਜਾ ਕੇ ਅਵਾਜ਼ ਮਾਰੀ। ਕਮਰੇ ਦੇ ਅੰਦਰ ਆਪ ਬੈਠੇ ਨੇ, ਦਰਵਾਜ਼ਾ ਓੜਿਆ ਹੋਇਐ। ਕਹਿੰਦੇ, ਆ ਜਾਓ, ਲੰਘ ਆਓ। ਇਹਨੇ ਦਰਵਾਜ਼ਾ ਖੋਲ੍ਹਿਆ ਧੱਕਾ ਮਾਰ ਕੇ ਤੇ ਅੰਦਰ ਕੀ ਦੇਖਦੇ ਨੇ, ਇਕ ਚਟਾਈ ਨੂੰ ਗੰਢ ਤੁੱਪ ਕਰ ਰਹੇ ਨੇ। ਘਰ ਦੇਖਿਆ, ਗਲੀਚੇ ਵਿਛੇ ਪਏ ਨੇ, ਬੜਾ ਅਮੀਰੀ ਠਾਠ ਹੈ। ਸਮਝ 'ਚ ਨਹੀਂ ਪੈਂਦੀ ਕਿ ਇਹ ਕੀ ਕਰ ਰਹੇ ਨੇ? ਐਨੇ ਨੂੰ ਨਿਗ੍ਹਾ ਪੈ ਗਈ ਇਕ ਪੂਲਾ ਨਾਲੀ ਦਾ ਪਿਐ ਕਣਕ ਦਾ। ਝਾੜਿਆ ਸੰਵਾਰਿਆ, ਬੰਨਿਆ। ਇਕ ਘੜਾ ਪਿਆ ਹੈ। ਕਹਿਣ ਲੱਗੇ, ਇਹ ਤਾਂ ਮਿਰਤਕ ਦਾ ਸਮਾਨ ਪਿਆ ਹੈ। ਇਕ ਸੀੜੀ ਨਜ਼ਰ ਪੈ ਕੇ ਗਈ ਮੰਜੇ ਦੇ ਹੇਠ ਦਿਤੀ ਹੋਈ। ਗੱਲ ਪੁੱਛੀ ਨਹੀਂ ਤੇ ਓਧਰਲੇ ਪਾਸੇ ਵਿਆਹ ਦੀ ਤਿਆਰੀ ਹੋ ਰਹੀ ਹੈ। ਭਾਈ ਸਾਹਿਬ ਨੇ ਜਦੋਂ ਉਹਨਾਂ ਦਾ ਅੰਮ੍ਰਿਤਸਰ ਤੋਂ ਪੁੱਛਿਆ। ਤਾਂ ਉਸ ਵੇਲੇ ਗੁਰਸਿੱਖ ਜੋ ਵੀ ਗੁਰੂ ਕੋਲੋਂ ਆਵੇ, ਉਸ ਦੀ ਬਹੁਤ ਇੱਜ਼ਤ ਕਰਿਆ ਕਰਦੇ ਸੀ। ਪਹਿਲੇ ਜ਼ਮਾਨਿਆਂ 'ਚ ਕੁਛ ਹੋਰ ਖਿਆਲ ਸੀ।

ਸਾਡੇ ਬਾਬਾ ਜੀ ਤੀਰਥ ਯਾਤਰਾ ਕਰ ਕੇ ਆਏ, ਜਦ ਟਰੇਨਾਂ ਚਲਦੀਆਂ ਹੁੰਦੀਆਂ ਸੀ। ਉਹ ਜਦੋਂ ਚਾਵੇ ਦੇ ਸਟੇਸ਼ਨ 'ਤੇ ਆਏ, ਪਿੰਡ ਪਤਾ ਲੱਗਿਆ ਕਿ ਹੁਣ ਗੱਡੀ ਆਉਣੀ ਹੈ। ਇਥੇ ਖੜ੍ਹਨੀ

ਹੈ। ਸਾਰੇ ਹੀ ਪਿੰਡ ਦੇ ਗੁਰਸਿੱਖ ਚਾਵੇ ਜਾ ਪਹੁੰਚੇ। ਗੱਡੀ ਤੋਂ ਜਦੋਂ ਉਤਰੇ, ਪੈਰੀਂ ਹੱਥ ਲਾਈਂ ਜਾਣ ਉਹਨਾਂ ਦੇ ਕਿ ਤੁਸੀਂ ਗੁਰੂਆਂ ਦੇ ਧਾਮ ਦੇ ਦਰਸ਼ਨ ਕਰਕੇ ਆਏ ਹੋਂ। ਧੰਨ ਹੋਂ ਤੁਸੀਂ। ਉਸ ਤੋਂ ਬਾਅਦ ਢੋਲਕੀਆਂ, ਚਿਮਟੇ, ਛੈਣੇ ਵਜਦੇ ਆਉਂਦੇ ਨੇ। ਪਿੰਡ ਤੱਕ ਕੀਰਤਨ ਕਰਦੇ ਹੀ ਆਏ ਮੂਹਰੇ ਕਿ ਇੱਕ ਗੁਰਸਿੱਖ ਦਰਸ਼ਨ ਕਰਕੇ ਆਇਆ ਹੈ ਗੁਰੂ ਧਾਮਾਂ ਦੇ। ਇਹ ਕਦਰ ਹੋਇਆ ਕਰਦੀ ਸੀ ਉਹਨਾਂ ਦਿਨਾਂ 'ਚ। ਹੁਣ ਤਾਂ ਕਿਸੇ ਨੂੰ ਹੈ ਹੀ ਨਹੀਂ, ਨਾ ਜਾਣ ਦੀ ਨਾ ਆਉਣ ਦੀ। ਜਾਂਦੇ ਵੀ ਨੇ ਜਿਹੜੇ ਉਹ ਜ਼ਿਆਦਾਤਰ sightseeing (ਸੈਰ ਸਪਾਟਾ) ਦੇਖਣ ਜਾਂਦੇ ਨੇ। ਜੇ ਆਉਂਦੇ ਨੇ ਤਾਂ ਕਹਿੰਦੇ ਨੇ ਕਿ ਇਹ ਤਾਂ ਉਹੋ ਜਿਹੇ ਹੀ ਨੇ ਕੋਈ ਫਰਕ ਨਹੀਂ ਇਹਨਾਂ ਵਿਚ ਪਿਆ। ਸੋ ਉਹਦੇ ਮਨ ਵਿਚ ਬੜਾ ਚਾਉ ਆਇਆ ਕਿ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਆਇਆ ਹੈ। ਬਹੁਤ ਸੇਵਾ ਕਰੀ, ਬਚਨ ਕਰੇ। ਦੂਸਰੇ ਦਿਨ ਬਰਾਤ ਨੇ ਜਾਣਾ ਸੀ। ਬਰਾਤ ਗਈ। ਸ਼ਾਦੀ ਹੋਈ, ਉਸ ਤੋਂ ਬਾਅਦ ਜਦੋਂ ਮੁੜ ਕੇ ਆਉਂਦੇ ਨੇ, ਲੜਕੇ ਦੇ ਪੇਟ ਵਿਚ ਸੂਲ ਹੋਇਆ, ਓਧਰ ਮਾਂ ਤੇ ਭੈਣਾਂ ਖੜ੍ਹੀਆਂ ਨੇ। ਭੈਣਾਂ ਨੇ ਦਰਵਾਜ਼ਾ ਰੋਕਿਆ ਹੋਇਐ, ਮਾਂ ਨੇ ਪਾਣੀ ਵਾਰਨੈ। ਰਥ ਕੋਲ ਆ ਗਿਆ ਤੇ ਉਹਦੇ ਵਿਚੋਂ ਬੱਚਾ ਨਹੀਂ ਕੱਢ ਰਹੇ, ਭਾਈ ਲਾਸ਼ ਕੱਢ ਰਹੇ ਨੇ ਉਹਦੀ। ਕੁਰਹਾਮ ਮਚ ਜਾਣਾ ਚਾਹੀਦੈ। ਭਾਈ ਭਿਖਾਰੀ ਨੇ ਆਪ ਚੁਕ ਕੇ, ਲਿਆ ਕੇ ਸੀੜੀ 'ਤੇ ਪਾ ਦਿਤਾ। ਬਣੀ ਬਣਾਈ ਪਈ ਸੀ ਪਹਿਲਾਂ ਹੀ। ਉਸ ਤੋਂ ਬਾਅਦ ਤੱਪੜ ਵਿਛਾ ਦਿਤਾ। ਕਹਿੰਦੇ ਹੁਣ ਆਪਾਂ ਜਲਦੀ ਕਰੀਏ, ਦਿਨ ਛਿਪਣ ਵਾਲਾ ਹੈ, ਛੇਤੀ ਨਾਲ ਸਸਕਾਰ ਕਰ ਦੇਈਏ।

ਬੜਾ ਰੰਜ ਆਇਆ ਇਸ ਗੁਰਸਿੱਖ ਨੂੰ ਕਿ ਇਸ ਤਰ੍ਹਾਂ ਲਗਦਾ ਕਿ ਇਹਨਾਂ ਨੂੰ ਪਤਾ ਸੀ। ਜਦੋਂ ਸਾਰਾ ਕੁਛ ਹੋ ਗਿਆ, ਸਸਕਾਰ ਕਰਕੇ ਆ ਗਏ। ਰਹਿਰਾਸ ਸਾਹਿਬ ਦਾ ਪਾਠ ਹੋ ਗਿਆ। ਇਹਨੇ ਹਿੰਮਤ ਕਰੀ ਬੁਲਾਉਣ ਦੀ। ਕਹਿਣ ਲੱਗਿਆ, ਭਾਈ ਸਾਹਿਬ! ਇਹ ਤੁਸੀਂ ਪਹਿਲਾਂ ਹੀ ਸਾਰਾ ਕੁਛ ਤਿਆਰ ਕੀਤਾ ਹੋਇਆ ਸੀ। ਕਹਿੰਦੇ ਹਾਂ।

ਇਹਦਾ ਮਤਲਬ ਤੁਹਾਨੂੰ ਪਤਾ ਸੀ।

ਕਹਿੰਦੇ, ਹਾਂ। ਗੁਰੂ ਮਹਾਰਾਜ ਦੀ ਕ੍ਰਿਪਾ ਹੈ, ਉਹਨਾਂ ਨੇ ਮੈਨੂੰ ਜਣਾ ਦਿਤੀ ਸੀ ਇਹ।

ਕਹਿਣ ਲੱਗੇ, ਫੇਰ ਤੁਸੀਂ ਗੁਰੂ ਮਹਾਰਾਜ ਤੋਂ ਉਮਰ ਮੰਗ ਲੈਂਦੇ।

ਕਹਿੰਦੇ, ਭਾਈ ਗੁਰਸਿੱਖਾ! ਫੇਰ ਨਹੀਂ ਸੀ ਇਹਨੇ ਜਾਣਾ? ਫੇਰ ਵੀ ਜਾਣਾ ਹੈ। ਇਹ ਦੇਹੀ ਤਾਂ ਨਾਸ਼ਵਾਨ ਹੈ। ਛਿਨਭੰਗਰ ਦੇਹੀ ਹੈ। ਇਹਦੀ ਕਾਹਦੀ ਉਮਰ ਮੰਗਣੀ ਹੈ।

ਫੇਰ ਕਹਿੰਦੇ, ਸ਼ਾਦੀ ਨਹੀਂ ਸੀ ਕਰਨੀ?

ਉਹ ਕਹਿੰਦੇ, ਸ਼ਾਦੀ ਹੋ ਕੇ ਹੀ ਜਾਣਾ ਸੀ ਇਹਨੇ।

ਫੇਰ ਮਹਾਰਾਜ! ਤੁਸੀਂ ਗੁਰੂ ਮਹਾਰਾਜ ਨੂੰ ਕਹਿ ਦਿੰਦੇ। ਦੇਖੋ ਕਿੱਡਾ ਗਮ ਹੋਇਐ, ਲੜਕੀ ਨੇ ਅਜੇ ਕੰਗਣਾ ਨਹੀਂ ਖੋਲ੍ਹਿਆ। ਪਾਣੀ ਨਹੀਂ ਵਾਰਿਆ, ਤੇਲ ਨਹੀਂ ਚੋਇਆ ਤੇ ਉਹਦਾ ਵਿਚਾਰੀ ਦਾ ਹਾਲ ਕੀ ਹੋਏਗਾ? ਕਿਹੜੇ ਹੌਂਸਲੇ ਦੇ ਉਤੇ ਤੁਸੀਂ ਇਹ ਗੱਲ ਕਰੀ ਹੈ।

ਉਹ ਕਹਿਣ ਲੱਗੇ, ਪ੍ਰੇਮੀਆਂ! ਗੁਰਸਿੱਖੀ ਦੇ ਵਿਚ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥* *ਅੰਗ – ੭੫੭*

ਰਜ਼ਾ ਦਾ, ਭਾਣੇ ਦਾ ਸਬਕ ਗੁਰੂ ਦਿੰਦੇ ਨੇ। ਜਦੋਂ ਭਾਣੇ ਵਿਚ ਵਰਤਣਾ ਹੀ ਹੈ, ਫੇਰ ਦਸ ਕੀਹਦੇ ਕੋਲ ਜਾ ਕੇ ਰੋਣ ਦੀ ਲੋੜ ਹੈ। ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਸੁਖ ਦੁਖ ਤੇਰੇ ਭਾਣੇ ਹੋਂਵੇ,*
*ਕਿਸ ਥੈ ਜਾਇ ਰੂਆਈਐ ਜੀ।*

ਕਹਿਣ ਲੱਗੇ, ਭਾਈ ਗੁਰਮੁਖ ਜੀ! ਇਥੇ ਜੋ ਕੁਛ ਵੀ ਸੰਸਾਰ 'ਚ ਹੋ ਰਿਹੈ ਉਹ ਵਾਹਿਗੁਰੂ ਦੇ ਭਾਣੇ ਵਿਚ ਹੀ ਰਿਹੈ। ਜਦੋਂ ਮੇਰਾ ਪਿਆਰਾ ਹੀ ਕਰ ਰਿਹੈ, ਪਿਆਰੇ ਨੇ ਇਵੇਂ ਹੀ ਕਰਨਾ ਸੀ, ਵਿਆਹ ਤੋਂ ਬਾਅਦ ਇਹਨੇ ਸੰਸਾਰ ਤੋਂ ਜਾਣਾ ਸੀ, ਫੇਰ ਮੈਂ ਉਹਨੂੰ ਉਲਾਂਭਾ ਕਿਵੇਂ ਦੇਵਾਂ। ਕਿਵੇਂ ਮਾੜਾ ਕਹਾਂ? –

*ਆਪੇ ਕਰੇ ਕਰਾਏ ਕਰਤਾ*
*ਕਿਸ ਨੋ ਆਖਿ ਸੁਣਾਈਐ ॥*
*ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥*
*ਹੁਕਮੀ ਹੁਕਮਿ ਚਲਾਏ ਵਿਗਸੈ*

*ਨਾਨਕ ਲਿਖਿਆ ਪਾਈਐ ॥* *ਅੰਗ - ੪੧੮*

ਸੋ ਇਹ ਤਾਂ ਹਾਣ ਹੋ ਜਾਏ, ਲਾਭ ਹੋ ਜਾਏ, ਦੁਖ ਆ ਜਾਏ, ਸੁਖ ਆ ਜਾਏ, ਪਰਿਵਾਰ ਵਿਚ ਬੇਚੈਨੀ ਆ ਜਾਵੇ, ਘਾਟਾ ਪੈ ਜਾਵੇ, ਵਾਧਾ ਹੋ ਜਾਵੇ, ਇਹ ਤਾਂ ਸਾਰੀ ਹੁਕਮ ਦੀ ਖੇਡ ਹੋ ਰਹੀ ਹੈ। ਜਿਹੜੀ ਹੁਕਮ ਦੀ ਖੇਡ ਹੈ ਉਹਨੇ ਹੋਣਾ ਹੀ ਹੋਣੈ -

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥* *ਅੰਗ- ੪੬੯*

*ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥*
*ਅੰਗ - ੪੩੨*

ਹੋਰ ਕਿਹੜਾ ਥਾਂ ਹੈ ਜੋ ਤੇਰੀ ਆਗਿਆ ਤੋਂ ਬਿਨਾਂ ਹੈ -

*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ*
*ਅਵਰੁ ਕਿਛੁ ਕਰਣੁ ਨ ਜਾਇ ॥* *ਅੰਗ - ੪੩੨*

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਪ੍ਰਮੇਸ਼ਰ ਦੀ ਆਗਿਆ ਹੈ -

*ਤੇਰਾ ਕੀਆ ਮੀਠਾ ਲਾਗੈ ॥* *ਅੰਗ - ੩੯੪*

ਫੇਰ ਜੇ ਆਗਿਆ ਮੇਰੇ ਪਿਆਰੇ ਦੀ ਹੈ, ਫੇਰ ਕਹਿੰਦੇ ਅਸੀਂ ਮਿੱਠਾ ਕਰਕੇ ਮੰਨਣਾ ਹੈ ਕਿ ਨਹੀਂ ਮੰਨਣਾ।

ਸਮਝ ਗਿਆ ਕਿ ਗੁਰਸਿੱਖ ਪੂਰੀ ਬਿਰਤੀ 'ਚ ਅਰੂੜ ਹੈ। ਹਿੱਲਣ ਵਾਲਾ ਨਹੀਂ ਹੈ। ਤੱਤ ਬੇਤਾ ਹੈ, ਬਾਣੀ ਨੂੰ 100% ਮੰਨਦਾ ਹੈ।

ਅਸੀਂ ਤਾਂ ਨਹੀਂ ਮੰਨਦੇ। ਕੋਈ ਅਣ-ਸੁਖਾਵੀ ਬਾਤ ਹੋ ਜਾਏ, ਚੀਕਾਂ ਮਾਰਦੇ ਹਾਂ, ਰੋਂਦੇ ਹਾਂ, ਗੁਰੂ ਨੂੰ ਕਹਿੰਦੇ ਹਾਂ ਕਿ ਮੈਂ ਤੇਰੀ ਸਿੱਖੀ ਕਿਉਂ ਧਾਰਨ ਕਰੀ। ਸੰਤਾਂ ਨੂੰ ਕਹਿੰਦੇ ਹਾਂ ਕਿ ਜੇ ਮੇਰਾ ਕੰਮ ਨਹੀਂ ਸੀ ਹੋਣਾ ਫੇਰ ਮੈਨੂੰ ਕੀ ਲੋੜ ਸੀ ਸੇਵਾ ਕਰਨ ਦੀ। ਕਿਉਂਕਿ ਸੌਦੇ ਬਾਜ਼ੀ ਲੈ ਕੇ ਆਉਂਦੇ ਹਾਂ। ਭਾਣੇ ਵਿਚ ਰਾਜ਼ੀ ਹੋ ਕੇ ਨਹੀਂ ਆਉਂਦੇ। ਰਿਸ਼ਤਾ ਹੋਰ ਤਰ੍ਹਾਂ ਗੰਢਿਐ। ਦੁਨਿਆਵੀ ਤਰੀਕੇ ਨਾਲ ਗੰਢਿਆ ਹੈ। ਰੂਹਾਨੀ ਤਰੀਕਾ ਨਹੀਂ। ਜਦੋਂ ਹੋ ਹੀ ਰਿਹੈ ਸਭ ਕੁਛ ਫੇਰ ਉਸ ਮਾਲਕ ਦੀ ਖੁਸ਼ੀ ਹੈ ਤੇ ਖੁਸ਼ੀ ਦੇ ਵਿਚ ਮੰਨ ਲੈਣੀ ਚਾਹੀਦੀ ਹੈ ਖੁਸ਼ੀ।

ਕਹਿਣ ਲੱਗੇ, ਭਾਈ ਸਾਹਿਬ! ਪਰ ਬੀਬੀ ਦਾ ਕੀ ਹਾਲ ਹੋਣੈ?

ਕਹਿੰਦੇ, ਬੀਬੀ ਨੂੰ ਵੀ ਪਤਾ ਹੈ। ਉਹਨੂੰ ਪਤਾ ਸੀ ਕਿ ਇਸ ਤਰ੍ਹਾਂ ਵਰਤਣੈ। ਉਹ ਕੋਈ ਮਾਮੂਲੀ ਬੀਬੀ ਨਹੀਂ ਹੈ। ਉਹ ਵੀ ਪੁੱਗੀ ਹੋਈ ਰੂਹ ਹੈ। ਜਾਹ ਪੁੱਛ ਲੈ।

ਉਥੇ ਚਲਿਆ ਗਿਆ ਭਾਈ ਗੁਰਮੁਖ। ਕਹਿਣ ਲੱਗਿਆ, ਬੀਬਾ! ਬੜਾ ਗਲਤ ਕੰਮ ਹੋਇਆ, ਤੇਰਾ ਪਤੀ ਚੜ੍ਹਾਈ ਕਰ ਗਿਆ।

ਉਹ ਕਹਿੰਦੀ, ਇਵੇਂ ਹੀ ਹੋਣਾ ਸੀ ਪਿਤਾ ਜੀ।

ਕਹਿੰਦੇ, ਮੈਨੂੰ ਗੱਲ ਖੋਲ੍ਹ ਕੇ ਤਾਂ ਦਸ ਦਿਓ।

ਕਹਿਣ ਲੱਗੀ, ਪ੍ਰਮੇਸ਼ਰ ਦੇ ਭੇਤ ਖੋਲ੍ਹੀਦੇ ਨਹੀਂ ਹਨ।

ਜਦੋਂ ਬਹੁਤ ਕਿਹਾ ਤਾਂ ਕਹਿਣ ਲੱਗੀ, ਚਲੋ ਮੈਂ ਦਸ ਦਿੰਦੀ ਹਾਂ, ਕਿਉਂਕਿ ਮੇਰੇ ਪਿਤਾ ਸਮਾਨ ਹੋਂ, ਗੁਰੂ ਮਹਾਰਾਜ ਦੇ ਸਿੱਖ ਹੋਂ ਤੁਸੀਂ। ਕਹਿਣ ਲੱਗੀ, ਪਿਛਲੇ ਜਨਮ ਦੇ ਵਿਚ ਮੈਂ ਰਾਜੇ ਦੀ ਲੜਕੀ ਸੀ। ਮੈਂ ਬਹੁਤ ਤਪ ਕਰਿਆ। ਮੇਰਾ ਜਲਾਲ ਐਨਾ ਵਧ ਗਿਆ। ਕੋਈ ਬੰਦਾ ਮੇਰੀ ਅੱਖ ਵਲ ਨਹੀਂ ਸੀ ਦੇਖ ਸਕਦਾ। ਕਿੱਡਾ ਹੀ ਸਖਤ ਤੋਂ ਸਖਤ ਸੁਭਾਅ ਹੋਵੇ, ਉਹਦੀ ਅੱਖ ਮੇਰੇ ਮੂਹਰੇ ਦਬ ਜਾਂਦੀ ਸੀ। ਕਹਿੰਦੀ, ਮੈਂ ਆਪਣੇ ਸੁਅੰਬਰ ਦੀ ਸ਼ਰਤ ਇਹ ਰੱਖ ਦਿਤੀ ਕਿ ਜਿਹਦੀ ਅੱਖ ਮੇਰੇ ਮੂਹਰੇ ਨਹੀਂ ਦਬੇਗੀ। ਤੇ ਮੇਰੀ ਉਸ ਅੱਖ ਉਸ ਅੱਗੇ ਦਬੇਗੀ। ਉਹਦੇ ਮੈਂ ਗਲ ਵਿਚ ਹਾਰ ਪਾਵਾਂਗੀ। ਬਹੁਤ ਰਾਜੇ-ਰਾਣੇ ਆਏ, ਪਰ ਕੋਈ ਵੀ ਨਾ ਖੜ੍ਹ ਸਕਿਆ। ਹਰ ਕੋਈ ਨੀਵੀਂ ਪਾ ਲਵੇ।

ਤੇਜ ਹੁੰਦੈ ਅੱਖਾਂ 'ਚ ਬਹੁਤ, ਉਹਨੂੰ ਜਲਾਲ ਕਹਿੰਦੇ ਨੇ ਸਾਧਸੰਗਤ ਜੀ। ਬੰਦਗੀ ਕਰਨ ਵਾਲਿਆਂ ਦੀਆਂ ਅੱਖਾਂ ਵਿਚ ਹੁੰਦੈ ਇਹ ਜਲਾਲ। ਦੇਖਿਆ ਨਹੀਂ ਜਾਂਦਾ ਹੁੰਦਾ ਉਹਨਾਂ ਵਲ।

ਸੋ ਇਸ ਤਰ੍ਹਾਂ ਦੇ ਨਾਲ ਫੇਰ ਮੇਰੇ ਪਿਤਾ ਜੀ ਨੇ ਕਿਹਾ ਕਿ ਤੀਰਥ ਯਾਤਰਾ ਕਰਦੇ ਹਾਂ। ਸ਼ਾਇਦ ਉਥੇ ਕੋਈ ਮਿਲ ਜਾਵੇ। ਤੀਰਥ ਯਾਤਰਾ ਕਰਦੇ-ਕਰਦੇ ਅਸੀਂ ਇਕ ਅਸਥਾਨ 'ਤੇ ਪਹੁੰਚੇ ਉਥੇ ਇਕ 22 ਸਾਲ ਦਾ ਨੌਜਵਾਨ, ਬ੍ਰਹਮਚਾਰੀ ਤਪ ਕਰ ਰਿਹੈ। ਉਹਦਾ ਐਡਾ ਜਲਾਲ ਵਧਿਆ ਹੋਇਆ, ਜਦ ਮੈਂ ਉਹਦੇ ਨੇਤਰਾਂ ਵਲ ਦੇਖਿਆ, ਮੈਂ ਦੇਖ ਹੀ ਨਾ ਸਕੀ ਉਹਦੇ ਵਲ। ਕਹਿੰਦੀ, ਪਿਤਾ ਨੇ ਸਮਝ ਲਿਆ। ਕਹਿਣ ਲੱਗੇ, ਕਿਉਂ ਬੇਟਾ, ਤੇਰੀ ਸ਼ਰਤ ਪੂਰੀ ਹੋ

ਗਈ? ਕਹਿੰਦੀ, ਹਾਂ। ਉਸ ਨੂੰ ਬੇਨਤੀ ਕੀਤੀ ਕਿ ਤੂੰ ਸ਼ਾਦੀ ਕਰਾ ਲੈ। ਕਹਿੰਦਾ, ਨਹੀਂ ਮੈਂ ਨਹੀਂ ਕਰਾਉਣੀ। ਮੈਂ ਬ੍ਰਹਮਚਰੀਆ ਦਾ ਵਰਤ ਲਿਆ ਹੋਇਆ ਹੈ, ਮੈਂ ਸ਼ਾਦੀ ਨਹੀਂ ਕਰਾਉਣੀ। ਕਹਿੰਦੀ, ਮੈਂ ਤੁਹਾਨੂੰ ਪਤੀ ਧਾਰਨ ਕਰ ਲਿਆ। ਹੁਣ ਮੈਂ ਜਾਣਾ ਨਹੀਂ ਹੈ। ਸੇਵਾ ਕਰਨੀ ਸ਼ੁਰੂ ਕਰ ਦਿਤੀ। ਜੰਗਲ ਦੇ ਵਿਚ ਰਹਿੰਦੀ ਹੈ। ਉਸ ਤੋਂ ਪਹਿਲਾਂ ਉਠ ਕੇ ਇਸ਼ਨਾਨ ਕਰਦੀ ਹੈ। ਉਹਦਾ ਇਸ਼ਨਾਨ ਕਰਾਉਂਦੀ ਹੈ। ਦਿਨ ਰਾਤ ਸੇਵਾ ਕਰਦੀ ਹੈ। ਮੁਰਦੇ ਵਾਂਗ ਹੋ ਕੇ ਸੇਵਾ ਕਰਦੀ ਹੈ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਅਖੀਰ ਇਕ ਦਿਨ ਉਹ ਉਹਦੀ ਸੇਵਾ 'ਤੇ ਪ੍ਰਸੰਨ ਹੋ ਗਿਆ। ਕਹਿਣ ਲੱਗੇ, ਦੇਖ ਮੈਂ ਇਸ ਜਨਮ 'ਚ ਤਾਂ ਸ਼ਾਦੀ ਨਹੀਂ ਕਰਾਉਣੀ। ਅਗਲੇ ਜਨਮ 'ਚ ਸਿਰਫ ਤੇਰੇ ਨਾਲ ਸ਼ਾਦੀ, ਸਿਰਫ ਚਾਰ ਲਾਵਾਂ ਲਵਾਂਗਾ। ਸੰਜੋਗ ਤੇਰੇ ਨਾਲ ਮੇਰਾ ਕੋਈ ਨਹੀਂ ਹੋਏਗਾ। ਕਹਿੰਦੀ, ਠੀਕ ਹੈ ਮੈਨੂੰ ਐਨਾ ਹੀ ਮਨਜ਼ੂਰ ਹੈ। ਸੋ ਕਹਿੰਦੀ, ਉਹਨੇ ਵੀ ਸਰੀਰ ਛੱਡ ਦਿਤਾ, ਮੈਂ ਵੀ ਛੱਡ ਦਿਤਾ। ਮੈਨੂੰ ਪਿਛਲੇ ਜਨਮ ਦਾ ਸਾਰਾ ਗਿਆਨ ਹੈ। ਮੈਨੂੰ ਇਹ ਵੀ ਪਤਾ ਹੈ ਕਿ ਮੇਰਾ ਪਤੀ ਕਿੱਥੇ ਹੈ। ਸੋ ਉਸ ਵੇਲੇ ਕਹਿੰਦੀ, ਇਹਨਾਂ ਦੇ ਘਰ ਆ ਕੇ ਪੈਦਾ ਹੋ ਗਿਆ, ਬੰਦਗੀ ਵਾਲਾ ਸੀ। ਐਸੇ ਘਰਾਂ ਵਿਚ ਹੀ ਬੰਦਗੀ ਕਰਨ ਵਾਲੇ ਆਇਆ ਕਰਦੇ ਨੇ। ਏਧਰ ਮੇਰਾ ਘਰ ਵੀ ਬਹੁਤ ਬੰਦਗੀ ਕਰਨ ਵਾਲਾ ਸੀ। ਮੈਨੂੰ ਵੀ ਉਥੇ ਜਨਮ ਮਿਲ ਗਿਆ। ਮੈਨੂੰ ਇਹ ਪਤਾ ਸੀ ਕਿ ਸਿਰਫ ਮੇਰੀਆਂ ਚਾਰ ਲਾਵਾਂ ਪੜ੍ਹ ਹੋਣੀਆਂ ਨੇ ਤੇ ਇਸ ਵੇਲੇ ਤੁਰ ਜਾਣੈ।

ਕਹਿੰਦੇ, ਫੇਰ ਤੈਨੂੰ ਖੁਸ਼ੀ ਕੀ ਹੋਈ?

ਕਹਿਣ ਲੱਗੀ, ਮੈਨੂੰ ਖੁਸ਼ੀ! ਰੂਹ ਕਿਤੇ ਮਰਦੀ ਹੁੰਦੀ ਹੈ, ਜੁਗਾਂ-ਜੁਗਾਤਰਾਂ ਤਕ ਸਾਡਾ ਸਾਥ ਸਚਖੰਡ 'ਚ ਰਹੇਗਾ।

ਹੈਰਾਨ ਹੋ ਗਿਆ ਭਾਈ ਗੁਰਮੁਖ ਕਿ ਇਹ ਤਾਂ ਦੋਵੇਂ ਇੱਕੋ ਜਿਹੇ ਨੇ।

ਸੋ ਮਹਾਰਾਜ ਕਹਿਣ ਲੱਗੇ, ਭਾਈ ਮੰਝ! ਇਹਨੂੰ ਦੁਖ ਤੇ ਸੁਖ ਦੇ ਵਿਚ ਸਮ ਬਿਰਤੀ ਰੱਖਣਾ ਕਹਿੰਦੇ ਨੇ। ਦੁਖ ਆ ਜਾਵੇ, ਸੁਖ ਆ ਜਾਵੇ–

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥*

*ਅੰਗ - ੧੩੦੨*

*ਸਗਲੇ ਦੂਖ ਪਾਣੀ ਕਰਿ ਪੀਵਾ ....॥* *ਅੰਗ - ੧੪੭*

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ - ੫*

ਸ਼ਿਕਵਾ ਨਹੀਂ ਕਰਨਾ। ਉਲਾਂਭਾ ਨਹੀਂ ਦੇਣਾ, ਇਹ ਦੂਸਰੀ ਰਹਿਤ ਹੈ। ਤੀਸਰੀ ਰਹਿਤ ਹੋਇਆ ਕਰਦੀ ਹੈ, ਵਾਸ਼ਨਾਵਾਂ ਦਾ ਤਿਆਗ। ਜਿੰਨਾਂ ਚਿਰ ਆਦਮੀ ਦੇ ਮਨ ਵਿਚ ਵਾਸ਼ਨਾ ਹੈ ਨਾਮ 'ਚ ਬਿਰਤੀ ਨਹੀਂ ਲੱਗੇਗੀ। ਬਿਲਕੁਲ ਇਹ ਸੱਚੀ ਗੱਲ ਹੈ। ਵਾਸ਼ਨਾ ਕਿਉਂਕਿ ਗਹਿਰੀ ਗਈ ਹੋਈ ਹੈ ਜਦੋਂ ਇਕਾਗਰਤਾ ਆਏਗੀ ਉਸ ਗਹਿਰੀ ਚੀਜ਼ ਨੇ ਉਠਣੈ। ਵਾਸ਼ਨਾ ਨੇ ਉਠਣੈ।

ਇਕ ਬੰਦੇ ਨੂੰ ਨੌਕਰੀ ਨਹੀਂ ਮਿਲ ਰਹੀ। ਉਹ ਮਾਰੇ-ਮਾਰੇ ਫਿਰਦਾ ਹੈ। ਭਜਨ ਕਰੇਗਾ ਕਿ ਨੌਕਰੀ ਭਾਲੇਗਾ। ਉਹਨੇ ਤੁਰਨੈ ਉਹਦੀ ਬਿਰਤੀ ਉਥੇ ਜਾ ਕੇ ਫੇਰ ਰੁਕ ਜਾਣੀ ਹੈ ਕਿਉਂਕਿ ਨਾਮ ਤਾਂ ਅਜੇ ਗਹਿਰਾ ਗਿਆ ਹੀ ਨਹੀਂ। ਜਿਹਦੇ ਅੰਦਰ ਨਾਮ ਗਹਿਰਾ ਚਲਿਆ ਗਿਆ ਉਹਦੇ ਵਿਚ ਤਾਂ ਬਿਰਤੀ ਇਧਰ ਉਧਰ ਜਾਂਦੀ ਨਹੀਂ। ਜਿਹਦੇ ਮਨ ਵਿਚ ਦੁਨੀਆਂ ਗਹਿਰੀ ਗਈ ਹੋਈ ਹੈ ਉਹਦਾ ਦੁਨੀਆਂ ਵਿਚ ਮਨ ਫਿਰੇਗਾ। ਕਹਿੰਦੇ, ਜੀ ਮਨ ਨਹੀਂ ਟਿਕਦਾ। ਕਿਉਂਕਿ ਗਹਿਰੀਆਂ ਚੀਜ਼ਾਂ ਪਈਆਂ ਨੇ ਅੰਦਰ, ਉਨ੍ਹਾਂ 'ਚ ਜਾ ਕੇ ਟਿਕ ਜਾਂਦਾ ਹੈ ਮਨ। ਸੋ ਜਦੋਂ ਤਕ ਵਾਸ਼ਨਾ ਕਾਇਮ ਹੈ। ਓਨੀ ਦੇਰ ਤਕ ਮਨ ਨਹੀਂ ਕਦੇ ਵੀ ਟਿਕੇਗਾ। ਇਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਦੌਲਤ ਖਾਨ ਲੋਧੀ ਨਵਾਬ ਜਿਹੜਾ ਸੀ ਉਸ ਨੂੰ ਦਸਿਆ ਸੀ ਕਿ ਮਨ ਕਿਵੇਂ ਟਿਕਾਈਦਾ ਹੁੰਦੈ। ਵੈਸੇ ਤਾਂ ਸਾਰਾ ਦਿਨ ਵਾਸ਼ਨਾਵਾਂ 'ਚ ਰਹਿੰਦੈ। ਸਵੇਰ ਤੋਂ ਲਗ ਜਾਂਦੈ, ਸੁਪਨਿਆਂ ਦੇ ਵਿਚ ਵੀ ਵਾਸ਼ਨਾ 'ਚ। ਘੂਕ ਨੀਂਦ ਆ ਜਾਏ, ਓਨਾਂ ਕੁ ਚਿਰ ਦਮ ਮਿਲਦੈ ਨਹੀਂ ਤਾਂ ਵਾਸ਼ਨਾ ਕਰੀ ਜਾਂਦੇ ਨੇ।

ਪੁੱਤਰ ਦੀ ਵਾਸ਼ਨਾ ਹੋਇਆ ਕਰਦੀ ਹੈ ਜੇ ਪੁੱਤਰ ਨਾ ਹੋਵੇ। ਦੌੜਿਆ ਫਿਰਦੈ, ਜਿਥੇ ਕੋਈ ਕਹੇਗਾ, ਉਥੇ ਜਾਏਗਾ। ਇਹੋ ਜਿਹੇ ਗਲਤ ਕੰਮ ਕਰੇਗਾ ਪੁੱਤਰ ਦੀ ਪ੍ਰਾਪਤੀ ਵਾਸਤੇ ਕਿ ਜਿਹੜੇ ਬਹੁਤ ਹੀ ਨਿੰਦਨੀ ਨੇ। ਇਕ ਵਾਰੀ ਸਾਡਾ ਦੀਵਾਨ ਲੱਗਿਆ ਹੋਇਆ, ਰੌਲਾ ਜਿਹਾ ਪੈ ਗਿਆ। ਕੀਰਤਨ ਮੈਂ ਕਰ ਰਿਹਾ ਸੀ। ਰੌਲਾ ਪਿਆ ਤਾਂ ਕੁਛ ਨੱਠ-ਭੱਜ ਹੋ ਗਈ। ਮੈਨੂੰ ਵੀ ਥਾਉ ਲੱਗਿਆ ਕਿ ਕੋਈ ਗੜਬੜ

ਹੋ ਗਈ। ਮੈਂ ਕਿਹਾ ਚਲੋ ਆਪਾਂ ਤਾਂ ਕੀਰਤਨ ਕਰਨੈ, ਕੀਰਤਨ ਕਰੀ ਗਏ। ਉਸ ਤੋਂ ਬਾਅਦ ਮੈਂ ਪੁਛਿਆ ਕਿ ਕੀ ਹੋ ਗਿਆ ਸੀ?

ਕਹਿੰਦੇ, ਜੀ ਦਸ ਮਹੀਨੇ ਦਾ ਬੱਚਾ ਖੇਲ੍ਹਦਾ ਸੀਗਾ, ਸੰਗਤ ਦੇ ਬਾਹਰਲੇ ਪਾਸੇ। ਉਹਨੂੰ ਗੁਪਤ ਤਰੀਕੇ ਨਾਲ ਚੁੱਕ ਕੇ ਲੈ ਗਏ। ਜਦੋਂ ਮਾਂ ਨੇ ਦੇਖਿਆ ਕਿ ਬੱਚਾ ਕਿੱਧਰ ਗਿਆ। ਉੱਠ ਕੇ ਟੋਲ੍ਹਣ ਲੱਗੀ, ਲੱਭਿਆ ਨਾ। ਉਹਨੇ ਰੌਲਾ ਪਾ ਦਿਤਾ। ਅਜੇ ਤਾਜ਼ੀ-ਤਾਜ਼ੀ ਗੱਲ ਸੀ ਉਸੇ ਵੇਲੇ ਸਾਰਿਆਂ ਨੇ ਜਾ ਕੇ ਸਾਰਾ ਪਾਸਾ ਘੇਰ ਲਿਆ। ਰਸਤੇ ਘੇਰ ਲਏ, ਖੇਤਾਂ ਵਿਚ ਘੁੰਮਣ ਲਗ ਗਏ। ਅਖੀਰ ਚਲਦੇ-ਚਲਦੇ, ਜਿਹੜੇ ਘਰ ਸੀਗੇ, ਐਨਾ ਕੁ ਅੰਦਾਜ਼ਾ ਲਾਇਆ ਕਿ ਇਥੋਂ ਦੂਰ ਤਾਂ ਨਹੀਂ ਜਾ ਸਕਦੇ। ਉਹ ਤਲਾਸ਼ੀ ਲੈਣ ਲਗ ਗਏ। ਕੀ ਦੇਖਦੇ ਨੇ ਕਿ ਇਕ ਮੰਜੇ ਦੇ ਥੱਲੇ ਰਜਾਈਆਂ ਦੇ ਵਿਚ, ਬੱਚੇ ਦਾ ਮੂੰਹ ਬੰਨ੍ਹ ਕੇ ਸੁੱਟਿਆ ਪਿਆ। ਬੱਚਾ ਕੱਢ ਲਿਆਏ। ਕੁਦਰਤੀ ਮਰਿਆ ਨਹੀਂ ਸੀ, ਸਾਹ ਨਹੀਂ ਸੀ ਅਜੇ ਬੰਦ ਹੋਇਆ। ਉਥੇ ਇਕ ਜਟਾਵਾਂ ਵਾਲੀ ਬੁੱਢੀ ਬੈਠੀ ਸੀ। ਉਹਦੀ ਮੁਰੰਮਤ ਹੋਣੀ ਸ਼ੁਰੂ ਹੋ ਗਈ। ਦਸ ਕੀ ਕਰਨਾ ਸੀ ਤੂੰ ਬੱਚੇ ਨਾਲ। ਕਹਿੰਦੇ, ਮੈਂ ਕੀ ਕਰਨਾ ਸੀ। ਇਸ ਬੱਚੇ ਨੂੰ ਚੀਰਨਾ ਸੀ, ਚੀਰ ਕੇ ਇਕ ਛੰਨਾ ਇਹਦੇ ਖੂਨ ਨਾਲ ਭਰਨਾ ਸੀ, ਉਹਦੇ ਵਿਚ ਮੈਂ ਇਹਨੂੰ ਨੁਹਾਉਣਾ ਸੀ ਤਾਂ ਇਹਦੇ ਬੱਚਾ ਹੋਣਾ ਸੀ। ਕਿੱਥੇ ਚਲਿਆ ਗਿਆ ਕੰਮ। ਐਸਾ ਹੀ ਇਕ ਵਾਰੀ ਧਲੇਤੇ ਪਿੰਡ ਹੋਇਆ। ਉਹਨੂੰ 20 ਸਾਲ ਦੀ ਕੈਦ ਹੋਈ, ਆਸ ਕੌਰ ਸੀ ਉਹ। ਉਹਨੇ ਵੀ ਇਸ ਤਰ੍ਹਾਂ ਕਰਿਆ ਸੀ। ਦੇਖੋ ਕਿੰਨੇ ਮਾੜੇ ਤੋਂ ਮਾੜੇ ਕੰਮ ਕਰਨ ਵਾਸਤੇ ਤਿਆਰ ਹੋ ਜਾਂਦੈ, ਬੱਚੇ ਵਾਸਤੇ। ਫੇਰ ਬੱਚਾ ਜੇ ਬੀਮਾਰ ਹੋ ਗਿਆ। ਮੇਰੇ ਕੋਲ ਤਾਂ ਹੋਰ ਹੀ ਤਰ੍ਹਾਂ ਦੇ ਬੱਚੇ ਆਉਂਦੇ ਨੇ ਅੱਜਕਲ੍ਹ। ਜੀ ਤੁਰ ਨਹੀਂ ਸਕਦਾ ਜੀ, ਬੋਲ ਨਹੀਂ ਸਕਦਾ, ਇਹਨੂੰ ਦਿਸਦਾ ਨਹੀਂ ਜੀ, ਇਹਦਾ ਦਿਮਾਗ ਕੰਮ ਨਹੀਂ ਕਰਦਾ। ਡਾ. ਸੂਈਆਂ ਮਾਰ ਦਿੰਦੇ ਨੇ ਛੋਟੇ ਬੱਚਿਆਂ ਦੇ ਦਿਮਾਗ 'ਚ। ਉਹ ਦਿਮਾਗ ਹੀ upset ਕਰ ਦਿੰਦੇ ਨੇ। ਸੋ ਕਿੰਨਾ ਦੁਖ ਪੈਦਾ ਹੋ ਜਾਂਦਾ ਹੈ। ਬੱਚਾ ਬਿਮਾਰ ਹੋ ਜਾਵੇ। ਫੇਰ ਪੜ੍ਹਾਈ ਨਾ ਕਰੇ, ਉਲਟੇ ਕੰਮ ਕਰਨ ਲਗ ਜਾਵੇ। ਸੁਖ ਦੀ ਬਾਤ ਤਾਂ ਹੋਈ ਨਾ, ਇਹ ਤਾਂ ਦੁਖ ਦੀ ਬਾਤ ਖੜ੍ਹੀ ਕਰ ਲਈ ਇਹਨੇ। ਫੇਰ ਵਿਆਹ ਲਿਆ। ਵਿਆਹੁਣ ਤੋਂ ਬਾਅਦ ਫੇਰ ਮਾਂ ਕਹਿੰਦੀ ਹੈ ਕਿ ਇਹ ਮੇਰੇ ਵਲ ਰਹੇ, ਵਹੁਟੀ ਕਹਿੰਦੀ ਹੈ ਕਿ ਮੇਰਾ ਹੈ ਮਾਂ ਦਾ ਕੀ ਹੱਕ ਹੈ। ਦੋਹਾਂ ਦਾ ਮਹਾਂਭਾਰਤ ਦਾ ਯੁੱਧ ਸ਼ੁਰੂ ਹੋ ਜਾਂਦਾ ਹੈ ਘਰ 'ਚ ਹੀ। ਉਹ ਲੜਾਈ ਐਨੀ ਬੇਸਵਾਦੀ ਹੁੰਦੀ ਹੈ ਜਿਹਦੇ ਵਿਚ ਸਾਰਾ ਜੀਵਨ ਕਿਰਕਰਾ ਹੋ ਜਾਂਦੈ। ਬੱਚੇ ਤੋਂ ਹੋਈ ਸਾਰੀ ਗੱਲ। ਫੇਰ ਜੇ ਚੋਰੀ ਕਰ ਲਵੇ ਬੱਚਾ, ਡਾਕਾ ਮਾਰ ਲਵੇ ਫੇਰ ਮਾਂ-ਬਾਪ ਨੂੰ ਖਿੱਚੀਂ ਫਿਰਦੀ ਹੈ ਪੁਲਿਸ ਕਿ ਠਾਣੇ ਬੈਠੋ, ਉਥੇ ਕੁੱਟਦੇ ਨੇ ਕਿ ਲਿਆ ਕੇ ਦੇਹ ਕਿੱਥੇ ਹੈ। ਬਦਨਾਮ ਹੁੰਦੈ ਬੰਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਜਵਾਨ ਹੋ ਗਿਆ, ਆਪਣੇ ਪਰਿਵਾਰ ਵਾਸਤੇ ਹੋ ਜਾਂਦੈ। ਬਜ਼ੁਰਗ ਕਹਿੰਦਾ ਹੈ ਕਿ ਇਹ ਮੇਰੇ ਵਾਸਤੇ ਹੈ, ਮਾਂ ਕਹਿੰਦੀ ਹੈ ਕਿ ਮੇਰੇ ਵਾਸਤੇ ਹੈ। ਮਾਂ-ਬਾਪ ਨੂੰ ਉਹ ਕਹਿੰਦਾ ਹੈ ਕਿ ਤੁਸੀਂ ਪਰੇ ਬੈਠੋ, ਸਾਡੀ ਜ਼ਿੰਦਗੀ 'ਚ ਦਖਲ ਨਾ ਦਿਓ। ਤੁਸੀਂ ਆਪਣੀ ਲੰਘਾ ਲਈ ਹੁਣ ਸਾਡੇ ਵਿਚ ਨਾ ਦਖਲ ਦਿਓ। ਸੁਖ ਰੂਪ ਤਾਂ ਨਹੀਂ ਹੋਈ ਇਹ ਚੀਜ਼। ਵਾਸ਼ਨਾ ਕਿੱਡੀ ਜ਼ਬਰਦਸਤ ਹੈ।

ਇਕ ਰਾਜਾ ਹੋਇਐ, ਚਿਤ੍ਰਕੇਤੂ। ਉਹਦੇ ਓਲਾਦ ਨਹੀਂ ਸੀ। ਉਹਨੇ ਸੈਂਕੜੇ, ਹਜ਼ਾਰਾਂ ਦੀ ਤਾਦਾਦ ਵਿਚ ਵਿਆਹ ਕਰਾ ਲਏ ਲੇਕਿਨ ਕਿਸੇ ਤੋਂ ਵੀ ਓਲਾਦ ਨਾ ਹੋਈ। ਰਿਸ਼ੀਆਂ-ਮੁਨੀਆਂ ਨੂੰ ਬੁਲਾਇਆ। ਅੰਗਰਾ ਰਿਸ਼ੀ, ਮਸ਼ਹੂਰ ਰਿਸ਼ੀ ਸੀਗੇ ਇਹ ਸਪਤ ਰਿਸ਼ੀ। ਇਹਨਾਂ ਕੋਲ ਬੇਨਤੀ ਕਰੀ। ਉਹ ਕਹਿੰਦੇ, ਤੂੰ ਕਰਨਾ ਕੀ ਹੈ। ਬੱਚਾ ਤਾਂ ਦੁਖ ਰੂਪ ਹੈ, ਤੇਰੀ ਕਿਸਮਤ ਵਿਚ ਹੈ ਨਹੀਂ। ਕਹਿੰਦਾ, ਮੈਨੂੰ ਇਕ ਵਾਰੀ ਮੂੰਹ ਦਿਖਾ ਦਿਓ। ਮੈਂ ਇਕ ਵਾਰੀ ਇਸ ਤਰ੍ਹਾਂ ਕਹਿ ਲਵਾਂ ਕਿ ਮੇਰੇ ਵੀ ਲੜਕਾ ਹੋਇਐ। ਉਹਨਾਂ ਨੇ ਆਪਣੀ ਕ੍ਰਿਪਾ ਕੀਤੀ, ਲੜਕਾ ਹੋ ਗਿਆ ਉਹਦੇ। ਲੜਕਾ ਹੋਇਆ ਬੜਾ ਪਿਆਰ ਕਰਿਆ, ਗੋਦੀ 'ਚ ਲਈਂ ਬੈਠੈ ਛੋਟਾ ਜਿਹਾ। ਜਿਹੜੀਆਂ ਦੂਸਰੀਆਂ ਰਾਣੀਆਂ ਸੀ, ਬੇਅੰਤ ਧਾੜ ਫਿਰਦੀ ਸੀ। ਉਹ ਕਹਿਣ ਲੱਗੀਆਂ ਕਿ ਇਹ ਤਾਂ ਬਣ ਗਈ ਪਟਰਾਣੀ। ਉਹਨਾਂ ਨੇ ਸਾਰੀਆਂ ਦਾਸੀਆਂ ਨੂੰ ਗੱਠ ਲਿਆ, ਬਹੁਤ ਸਾਰਾ ਧਨ ਦੇ ਦਿਤਾ। ਕਹਿੰਦੀਆਂ, ਆਹ ਮੂੰਹ ਨੂੰ ਲਾ ਦੇਈਂ ਆਹ ਜ਼ਹਿਰ, ਬਸ ਬੁੱਲ੍ਹਾਂ ਨੂੰ ਲੱਗੀ ਨੀਂ ਤੇ ਮਰਿਆ ਨੀਂ। ਬੁਲ੍ਹਾਂ ਨੂੰ ਲਾ ਦਿਤੀ ਉਹ ਬੱਚਾ ਮਰ ਗਿਆ। ਮਰਿਆ ਸਸਕਾਰ ਨਾ ਕਰਨ ਦੇਵੇ। ਗੋਦੀ 'ਚ ਲਈਂ ਬੈਠੈ। ਜਿਵੇਂ ਬਾਂਦਰੀ ਨਹੀਂ ਛਡਦੀ, ਮਰੇ ਹੋਏ ਬੱਚੇ ਨੂੰ। ਸਮਝਾਇਆ, ਸਸਕਾਰ ਕਰਿਆ। ਰਾਜ ਭਾਗ ਛੱਡ ਦਿਤਾ, ਟੱਕਰਾਂ ਮਾਰਦਾ ਫਿਰਦੈ,

ਦਰਖਤਾਂ ਨੂੰ ਪੁੱਛਦੈ, ਦਰਿਆਵਾਂ ਨੂੰ ਪੁੱਛਦੈ, ਕਮਲਾ ਹੋ ਕੇ ਹਾਕਾਂ ਮਾਰਦਾ ਫਿਰਦੈ ਕਿ ਤੂੰ ਚਲਿਆ ਕਿੱਥੇ ਗਿਆ।

ਅਖੀਰ ਸਾਰੇ ਰਿਸ਼ੀ ਇਕੱਠੇ ਹੋਏ ਆਪਣੀ ਸ਼ਕਤੀ ਦੇ ਨਾਲ ਉਹਨੂੰ ਗਿਆਨ ਦਿਤਾ। ਕਿੱਡਾ ਸਿਆਪਾ ਪਿਆ ਪੁੱਤਰ ਵਾਸ਼ਨਾ ਨਾਲ।

ਸੋ ਦੂਸਰੀ ਹੋਇਆ ਕਰਦੀ ਹੈ ਧਨ ਵਾਸ਼ਨਾ। ਧਨ ਦੇ ਵਾਸਤੇ ਆਦਮੀ ਜਾਇਜ਼-ਨਜ਼ਾਇਜ਼, ਧਰਮ ਤੋਂ ਵਿਪਰੀਤ ਕੰਮ ਕਰਦੈ। ਧਰਮ ਤਿਆਗ ਦਿੰਦੈ। ਅਮਰੀਕਾ ਚਲਿਆ ਗਿਆ ਇਥੇ ਗੁਰਸਿੱਖੀ ਵਿਚ ਹੈ ਉਥੇ ਜਾਂਦਾ ਹੀ ਕੇਸ ਮੁਨਾ ਕੇ ਦੂਜੇ ਪਾਸੇ ਹੋ ਗਿਆ। ਧਰਮ ਤਿਆਗ ਦਿਤਾ ਪੈਸੇ ਵਾਸਤੇ। ਪੈਸਾ ਤਾਂ ਸਾਥ ਨਹੀਂ ਜਾਂਦਾ ਸਾਧਸੰਗਤ ਜੀ। ਪੈਸਾ ਤਾਂ ਓਨਾਂ ਹੀ ਮਿਲਣਾ ਹੈ ਜਿੰਨਾ ਮੱਥੇ 'ਚ ਲਿਖਾ ਕੇ ਲਿਆਏ ਹਾਂ। ਉਸ ਤੋਂ ਵੱਧ ਨਹੀਂ ਮਿਲਿਆ ਕਰਦਾ। ਪਰਾਲਬਧ ਹੈ ਆਪਣੀ। ਜੇ ਵਧ ਮਿਲਦੈ ਅਮਰੀਕਾ 'ਚ, ਖਰਚ ਵੀ ਓਡਾ ਹੀ ਜ਼ਬਰਦਸਤ ਹੈ। ਮੈਂ ਤਾਂ ਕੋਈ ਦੇਖਿਆ ਨਹੀਂ ਕਿ ਕੋਈ ਖੁਸ਼ ਹੈ। ਆਹੀ ਹੈ ਕਿ ਜੀ ਔਹ ਕਿਸ਼ਤ ਨਹੀਂ ਨਹੀਂ ਦਿਤੀ ਔਹ ਨਹੀਂ ਦਿਤੀ। ਘਰ ਦੀ ਕਿਸ਼ਤ ਹੈ ਜੀ, ਪੰਜ ਸਾਲ 'ਚ ਕਾਰ ਪੁਰਾਣੀ ਹੋ ਜਾਂਦੀ ਹੈ। ਬੱਚਿਆਂ ਦੀ ਕਿਸ਼ਤ ਹੈ ਜੀ। ਕਿਸ਼ਤਾਂ ਹੀ ਦੇਈ ਜਾਂਦੈ। ਜੇ ਕਹੋ ਤੇਰੇ ਕੋਲ ਦੋ-ਚਾਰ ਹਜ਼ਾਰ ਡਾਲਰ ਹੈਗਾ। ਕਹਿੰਦੇ ਨੇ, ਨਾ। ਕੋਈ ਪੈਸਾ ਨਹੀਂ ਮਸਾਂ ਹੀ ਗੁਜ਼ਾਰਾ ਚਲਦਾ ਹੈ। ਗਏ ਕਿੱਥੇ ਪੈਸਾ ਕਮਾਉਣ ਵਾਸਤੇ? ਜੇ ਭਲਾ ਪੈਸਾ ਹੋ ਵੀ ਜਾਵੇ, ਲੱਖਾਂ ਕਰੋੜਾਂ ਹੋ ਜਾਵੇ, ਕੋਈ ਵਿਰਲਾ ਬੰਦਾ ਹੈ ਜਿਹੜਾ ਸਮਝ ਜਾਂਦਾ ਹੈ।

ਅਖਬਾਰ ਵਿਚ ਪੜ੍ਹਿਆ ਸੀ ਕਿ ਕੋਈ ਬਖਸੀਸ਼ ਨਾਮ ਦਾ ਬੰਦਾ ਕੈਨੇਡਾ 'ਚ ਹੈ। ਉਸ ਬੰਦੇ ਨੂੰ ਸੋਝੀ ਆ ਗਈ, ਉਹ ਕਹਿੰਦਾ, ਮੈਂ ਐਨਾ ਪੈਸਾ ਕੀ ਕਰਨਾ ਹੈ। ਮੇਰੇ ਕਿਸ ਕੰਮ ਹੈ ਐਨਾ ਪੈਸਾ। ਮਜ਼ੂਰੀ ਕਰਿਆ ਕਰਦਾ ਸੀ, ਜਦੋਂ ਇਥੋਂ ਗਿਐ। 1947 'ਚ ਪਾਕਿਸਤਾਨ ਤੋਂ ਆ ਕੇ ਜਲੰਧਰ ਦੇ ਕਿਸੇ ਪਿੰਡ ਵਿਚ ਰਿਹਾ। ਇਥੋਂ ਦਿੱਲੀ ਚਲਿਆ ਗਿਆ। ਨਾਲੇ ਤਾਂ ਰੇਲਵੇ ਸਟੇਸ਼ਨ 'ਤੇ ਮਜ਼ਦੂਰੀ ਕਰਿਆ ਕਰੇ, ਨਾਲੇ ਰਾਤ ਨੂੰ ਲਾਈਟਾਂ 'ਚ ਪੜ੍ਹਿਆ ਕਰੇ। ਪੜ੍ਹਦਾ-ਪੜ੍ਹਦਾ ਪੜ੍ਹਾਈ ਬਹੁਤ ਕਰ ਗਿਆ। ਉਥੋਂ ਹੀ ਇੰਗਲੈਂਡ ਚਲਿਆ ਗਿਆ। ਉਥੋਂ ਕੈਨੇਡਾ ਚਲਿਆ ਗਿਆ। ਕੈਨੇਡਾ 'ਚ ਆ ਕੇ ਪ੍ਰਾਪਰਟੀ ਡੀਲਰ ਬਣ ਗਿਆ। ਐਡਾ ਕੰਮ ਚੱਲਿਆ ਓਹਦਾ ਉਹਦੇ ਕੋਲ ਬੇਅੰਤ ਪੈਸਾ ਹੀ ਪੈਸਾ ਹੋ ਗਿਆ। ਇਕ ਦਿਨ ਬੈਠਾ-ਬੈਠਾ ਸੋਚਦਾ ਹੈ ਕਿ ਮੇਰੇ ਕੋਲ ਐਨਾ ਪੈਸਾ ਹੋ ਗਿਆ। ਇਹ ਮੇਰੇ ਕਿਸ ਕੰਮ ਆਏਗਾ। ਮੇਰੇ ਕੰਮ ਤਾਂ ਆਉਣਾ ਨਹੀਂ ਹੈ, ਇਹ ਤਾਂ ਮੈਨੂੰ ਇਕ ਫਿਕਰ ਬਣ ਗਿਆ। ਉਹਨੇ ਹਿੰਮਤ ਕਰੀ ਕਿ ਇਹ ਪੈਸਾ ਮੈਂ ਸੁਸਾਇਟੀ ਤੋਂ ਲਿਐ, ਸੁਸਾਇਟੀ ਨੂੰ ਮੋੜ ਦੇਵਾਂ। 1 ਅਰਬ 73 ਕਰੋੜ ਰੁਪਿਆ ਉਹਨੇ ਦਾਨ ਕਰ ਦਿਤਾ। ਸਾਰਾ ਹੀ ਜਿੰਨਾ ਉਹਦੇ ਕੋਲ ਸੀਗਾ। ਸਾਬਾਸ਼ ਉਹਦੇ ਜਿੱਤ ਗਿਆ ਉਹ। ਨਹੀਂ ਤਾਂ ਕਹਿੰਦੇ, ਕਰੋੜ ਹੋ ਜਾਏ, ਕਹਿੰਦੈ ਬੰਦਾ ਕਿ ਹੋਰ ਚਾਹੀਦੈ, ਅਰਬ ਹੋ ਗਿਆ ਤਾਂ ਕਹਿੰਦਾ ਹੈ ਹੋਰ ਚਾਹੀਦੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ - ੨੧੩*

ਮਹਾਰਾਜ ਕਹਿੰਦੇ, ਪੈਸਾ ਸੁਖ ਨਹੀਂ ਦਿੰਦਾ। ਜਾਇਦਾਦ ਸੁਖ ਨਹੀਂ ਦਿੰਦੀ। ਜਿੰਨੀ ਵਧੇਗੀ ਓਨਾ ਹੀ ਆਦਮੀ ਸੂਲੀ 'ਤੇ ਟੰਗ ਹੁੰਦੈ। ਜਿੰਨਾਂ ਕਾਰੋਬਾਰ ਵਧਾ ਲਏਗਾ ਓਨੀਆਂ ਹੀ ਕੰਮਪੋਸਟ ਦੀਆਂ ਗੋਲੀਆਂ ਖਾਏਗਾ ਤੇ ਟੀਕੇ ਲਵਾਏਗਾ। ਡਾਕਟਰ ਨਾਲ ਰਹਿੰਦੇ ਨੇ।

ਆਹ ਬਿਰਲਾ ਡਾਲਮੀਆ ਇਹਦੀਆਂ ਦੋ ਸ਼ੂਗਰ ਮੀਲਾਂ ਰਾਮਪੁਰ ਲੱਗੀਆਂ ਹੋਈਆਂ ਸੀ ਤੇ ਇਕ ਇਹਦੀ ਇੰਸੋਰੇਂਸ ਕੰਪਨੀ ਵੀ ਸੀ ਇਸਦੀ। ਇਹਨੇ ਕੋਈ ਹੇਰਾ-ਫੇਰੀ ਕਰ ਲਈ ਪੈਸੇ ਦੀ। ਰੱਜਿਆ ਨਹੀਂ ਪੈਸੇ ਨਾਲ। ਪੈਸਾ ਇਹਦੇ ਕੋਲ ਐਨਾ ਸੀ ਕਿ ਇਕ ਖਾਨੇਵਾਲ ਦੇ ਕਪਾਹ ਦੀ ਮਿੱਲ ਨੂੰ ਅੱਗ ਲਗ ਗਈ। ਟੈਲੀਫੋਨ ਆਇਆ। ਕੁਦਰਤੀ ਟੈਲੀਫੋਨ ਇਹਦੇ ਹੱਥ ਵਿਚ ਆ ਗਿਆ। ਉਹ ਕਹਿਣ ਲੱਗੇ, ਖਾਨੇਵਾਲ ਤੋਂ ਬੋਲਦੇ ਹਾਂ, ਅੱਗ ਲੱਗ ਗਈ ਮਿੱਲ ਨੂੰ। ਕਹਿੰਦਾ, ਠਹਿਰੋ, ਠਹਿਰੋ ਮੈਨੂੰ ਦੇਖ ਲੈਣ ਦਿਓ, ਸਾਡੀ ਹੈ ਕਿ ਕਿਸੇ ਹੋਰ ਦੀ ਹੈ। ਇਸ ਤਰ੍ਹਾਂ ਨਹੀਂ ਸੀ ਪਤਾ ਕਿ ਖਾਨੇਵਾਲ ਮੇਰੀ ਮਿੱਲ ਵੀ ਹੈ ਕਿ ਨਹੀਂ। 178 ਮਿੱਲਾਂ ਸੀਗੀਆਂ। ਪਰ ਸ਼ਾਂਤੀ ਤਾਂ ਨਹੀਂ ਆਉਂਦੀ ਮਨ ਦੀ। ਪੈਸੇ ਨਾਲ ਤਾਂ ਅੱਜ ਤੱਕ ਸ਼ਾਂਤੀ ਨਹੀਂ ਆਈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਸੋ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਰਾਜਾ ਦੁਖੀਆ ਜੀ,*
*ਸਾਰੀ ਦੁਨੀਆਂ ਦਾ।*

*ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥*
*ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥*
*ਲਾਖ ਕਰੋਰੀ ਬੰਧੁ ਨ ਪਰੈ ॥*
*ਹਰਿ ਕਾ ਨਾਮੁ ਜਪਤ ਨਿਸਤਰੈ ॥*
*ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥*
*ਹਰਿ ਕਾ ਨਾਮੁ ਜਪਤ ਆਘਾਵੈ ॥*
*ਜਿਹ ਮਾਰਗਿ ਇਹੁ ਜਾਤ ਇਕੇਲਾ ॥*
*ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥*
*ਐਸਾ ਨਾਮੁ ਮਨ ਸਦਾ ਧਿਆਈਐ ॥*
*ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥ ਅੰਗ - ੨੬੪*

ਕਹਿੰਦੇ ਸਾਰੀ ਸ੍ਰਿਸ਼ਟੀ ਦਾ ਰਾਜਾ, ਕਿੰਨੀ ਉਹਦੇ ਮਨ ਵਿਚ ਚਿੰਤਾ ਪਈ ਰਹਿੰਦੀ ਹੈ। ਹਜ਼ਾਰਾਂ ਬੰਦੇ ਸਕਿਉਰਟੀ 'ਤੇ ਲਾਏਗਾ ਕਿ ਮੇਰੇ ਕੋਈ ਗੋਲੀ ਨਾ ਮਾਰ ਜਾਵੇ। ਰਾਤ ਨੂੰ ਨੀਂਦ ਨਹੀਂ ਆਏਗੀ ਕਿ ਮੇਰੇ ਨਾਲ ਦਾ ਹੀ ਕੋਈ ਸਾਥੀ ਧੋਖਾ ਨਾ ਕਰ ਲਵੇ, ਕਿਤੇ ਮੈਨੂੰ ਸੁੱਤੇ ਪਏ ਨੂੰ ਹੀ ਫੜ ਲਵੇ। ਉੱਭੜਵਾਹਾ ਉਠਦੈ। ਕਹਿੰਦੇ, ਕਿੰਨਾ ਹੀ ਧਨ ਹੋਵੇ -

*ਲਾਖ ਕਰੋਰੀ ਬੰਧੁ ਨ ਪਰੈ ॥ ਅੰਗ - ੨੬੪*

ਲੱਖ ਕਰੋੜ ਕਹਿੰਦੇ ਨੇ ਸੌ ਖਰਬ ਨੂੰ। ਸੌ ਖਰਬ ਰੁਪਿਆ ਹੋ ਗਿਆ, ਅਜੇ ਵੀ ਬੰਧ ਨਹੀਂ ਪੈਂਦਾ। ਮਨ ਟਿਕਦਾ ਨਹੀਂ ਹੈ, ਅਗਾਂਹਾਂ ਹੀ ਅਗਾਂਹਾਂ ਜਾਂਦੈ।

ਸੋ ਇਸ ਤਰ੍ਹਾਂ ਦੇ ਨਾਲ ਮਾਇਆ ਜਿਹੜੀ ਇਹ ਮਨ ਨਹੀਂ ਟਿਕਣ ਦਿੰਦੀ ਇਹ ਵਾਸ਼ਨਾ ਹੋਇਆ ਕਰਦੀ ਹੈ। ਜੇ ਭੋਗ ਦੀਆਂ ਇੱਛਾਵਾਂ ਨੇ, ਮਹਾਰਾਜ ਕਹਿੰਦੇ, ਭੋਗਾਂ ਵਿਚ ਵੀ ਮਨ ਸ਼ਾਂਤ ਨਹੀਂ ਹੁੰਦਾ -

*ਜੇ ਲਖ ਇਸਤਰੀਆ ਭੋਗ ਕਰਹਿ*
*ਨਵ ਖੰਡ ਰਾਜੁ ਕਮਾਹਿ ॥*
*ਬਿਨੁ ਸਤਿਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੨੬*

ਸੋ ਇਸ ਤੋਂ ਅੱਗੇ ਹੋਇਆ ਕਰਦੀ ਹੈ, ਸ਼ਾਸਤਰ ਵਾਸ਼ਨਾ। ਪੜ੍ਹੀ ਜਾਣਾ-ਪੜ੍ਹੀ ਜਾਣਾ। ਕਈ ਭਾਰਤ ਵਰਸ਼ ਵਿਚ ਰਿਸ਼ੀ ਹੋਏ ਨੇ। ਦੁਰਬਾਸਾ ਰਿਸ਼ੀ ਬਾਰੇ ਮਸ਼ਹੂਰ ਹੈ ਕਿ ਉਹ ਬਹੁਤ ਪੜ੍ਹਦਾ ਸੀ। ਕਿਤਾਬਾਂ ਨਾਲ ਲੱਦ ਕੇ ਰੱਖਦਾ ਹੁੰਦਾ। ਇਕ ਵਾਰੀ ਤੁਰਿਆ ਆ ਰਿਹਾ ਸੀ। ਨਾਰਦ ਬੈਠਾ ਸੀ। ਨਾਰਦ ਇਸ ਤੋਂ ਸੀਨੀਅਰ ਸੀ। ਕਹਿੰਦੇ, ਜੀ ਔਹ ਕੌਣ ਆ ਰਿਹੈ? ਕਹਿੰਦੇ, ਗਧਾ ਆ ਰਿਹੈ, ਗਧਾ। ਗੁੱਸਾ ਕਰਿਆ ਦੁਰਬਾਸਾ ਰਿਸ਼ੀ ਨੇ ਕਿ ਮੈਨੂੰ ਐਸੇ ਸ਼ਬਦ ਵਰਤੇ ਨੇ ਇਹਨਾਂ ਨੇ। ਕੋਲ ਆ ਗਿਆ, ਕਹਿਣ ਲੱਗਿਆ, ਮਹਾਰਾਜ! ਤੁਸੀਂ ਐਸੇ ਸ਼ਬਦ ਮੇਰੇ ਵਾਸਤੇ ਵਰਤੇ ਨੇ? ਉਹ ਕਹਿਣ ਲੱਗੇ, ਰਿਸ਼ੀ ਜਨ! ਪੜ੍ਹ ਕੇ ਤੂੰ ਕੀ ਕਰਦੈਂ, ਸਾਰੀ ਦੁਨੀਆਂ ਦਾ ਪੜ੍ਹੀ ਜਾਨੈਂ। ਇਹ ਤਾਂ ਮੁੱਕਣਾ ਹੈ ਕਿਤੇ? ਤੂੰ ਸਤਿ ਸ਼ਾਸਤਰ ਪੜ੍ਹ। ਆਤਮਾ ਤੇ ਪ੍ਰਮਾਤਮਾ ਦਾ, ਜਿਹਨੂੰ ਬ੍ਰਹਮ ਵਿਦਿਆ ਕਹਿੰਦੇ ਉਹਦੀ ਪੜ੍ਹਾਈ ਕਰ ਲੈ। ਉਹ ਦੋ ਚਾਰ ਅੱਖਰ ਹੀ ਬਹੁਤ ਨੇ। ਬਹੁਤੇ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਲੇਖੇ ਤੇਰੇ ਓ ਇਕ ਗੱਲ ਹੈ,*
*ਹੋਰ ਹਉਮੈ ਝਖਣਾ ਝਾਖ।*

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ - ੪੬੭*

ਐਵੇਂ ਹੀ ਪੜ੍ਹੀ ਜਾਨੈ, ਲਾਇਬ੍ਰੇਰੀਆਂ ਮੁਕਾਈ ਜਾਨੈ। ਇਹ ਤਾਂ ਸਭ ਹਉਮੈ ਦੇ ਝਖਣਾ ਝਾਖ 'ਚ ਪਿਆ ਹੋਇਆ ਹੈਂ। ਜੇ ਪੜ੍ਹਨਾ ਹੈ ਤਾਂ ਬ੍ਰਹਮ ਵਿਦਿਆ ਪੜ੍ਹ। ਆਤਮਾ ਪ੍ਰਮਾਤਮਾ ਦਾ ਕਿਵੇਂ ਮੇਲ ਹੁੰਦੈ, ਇਹ ਪੜ੍ਹ। ਗੁਰਬਾਣੀ ਪੜ੍ਹ।

ਸੋ ਇਹ ਸ਼ਾਸਤਰ ਵਾਸ਼ਨਾ ਆਦਮੀ ਦਾ ਸਮਾਂ ਬਹੁਤ ਨਸ਼ਟ ਕਰਦੀ ਹੈ। ਖਿਆਲ ਹੀ ਖਿਆਲ ਪੈਦਾ ਹੋ ਜਾਂਦੇ ਨੇ। ਇਹ ਵੀ ਨਾਮ ਜਪਣ ਨਹੀਂ ਦਿੰਦੀ। ਕੜਛੀ ਹੁੰਦੀ ਹੈ ਬਹੁਤ ਸੁਆਦੂ ਭੋਜਨਾਂ ਦੇ ਵਿਚ ਘੁੰਮਦੀ ਹੈ। ਪਰ ਕੜਛੀ ਨੂੰ ਪੁੱਛੋ ਤੈਨੂੰ ਸਵਾਦ ਆਇਆ ਕੋਈ। ਉਹਨੂੰ ਸਵਾਦ ਕੀ ਆਉਣੈ, ਉਹਦਾ ਤਾਂ ਸੁਭਾਅ ਘੁੰਮਣੈ, ਇਸੇ ਤਰ੍ਹਾਂ ਜਿਹੜਾ ਬਹੁਤਾ ਪੜ੍ਹਦੈ, ਉਹ ਜਾਣਕਾਰੀ ਦੇ ਸਟੋਰ ਨੂੰ ਤਾਂ ਭਰਦੈ, ਆਤਮਾ ਦੀ ਪ੍ਰਾਪਤੀ ਵਾਸਤੇ ਕਿਤਾਬਾਂ ਦਾ ਕੋਈ ਵੀ ਕੰਮ ਨਹੀਂ ਆਉਂਦਾ। ਉਹ ਤਾਂ ਸਵੈ-ਅਧਿਐਨ ਹੀ ਆਉਂਦੇ, ਹੋਰ ਨਹੀਂ ਦਿੰਦਾ।। ਗੁਰੂ ਦਾ ਉਪਦੇਸ਼ ਹੀ ਕੰਮ ਦਿੰਦੈ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਇਹ ਵਾਸ਼ਨਾ ਹੁੰਦੀ ਹੈ। ਇਸੇ ਤਰ੍ਹਾਂ ਅਨੁਸ਼ਠਾਨ ਵਾਸ਼ਨਾ ਹੁੰਦੀ ਹੈ। ਬਾਕੀ ਸੰਸਾਰਕ ਵਾਸ਼ਨਾਵਾਂ ਦੀ ਕੋਈ ਗਿਣਤੀ ਨਹੀਂ ਹੈ। ਦਿਨ ਰਾਤ ਆਦਮੀ ਵਾਸ਼ਨਾ ਕਰਦੈ। ਸੋ ਇਹਦਾ ਭਾਈ ਮੰਝ ਤਿਆਗ ਕਰਨਾ ਪੈਣੈ ਤੇ ਉਸ ਤੋਂ ਅੱਗੇ ਪੰਜਵੀਂ ਬਾਤ ਕਹਿੰਦੇ ਇਹ ਹੈ ਕਿ ਸੰਸਾਰ ਦੇ ਵਿਚ ਰਹਿੰਦੇ ਕਿਸੇ ਨੇ ਉਸਤਤੀ ਕਰਨੀ ਹੈ

ਕਿ ਬੜੇ ਚੰਗੇ ਨੇ। ਕਿਸੇ ਨੇ ਨਿੰਦਿਆ ਕਰਨੀ ਹੈ। ਉਸਤਤ ਦੀ ਲੋੜ ਨਾ ਸਮਝ, ਨਿੰਦਿਆ ਤੋਂ ਡਰ ਨਾ। ਅਜੇ ਨਿੰਦਿਆ 'ਤੇ ਸੰਤ ਖੁਸ਼ ਹੁੰਦੇ ਨੇ ਕਿ ਅਚੇਤ ਪਾਪ, ਜਿਹੜੇ ਮੈਨੂੰ ਪਤਾ ਨਹੀਂ ਸੀ ਉਹ ਧੋ ਰਹੇ ਨੇ ਸਾਰੇ। ਸੋ ਉਸਤਤ ਕਰਨ ਵਾਲਿਆਂ ਨੂੰ ਇਹ ਸਮਝਦੇ ਨੇ ਕਿ ਜਿਹੜੇ ਸ਼ੁਭ ਕਰਮ ਕਰ ਰਿਹਾ ਹਾਂ ਕਿਤੇ ਮੇਰੇ ਨਾਲ ਚਿੰਬੜੇ ਨਾ ਰਹਿ ਜਾਣ, ਮੈਨੂੰ ਕਿਤੇ ਸਵਰਗਾਂ 'ਚ ਨਾ ਲੈ ਕੇ ਚਲੇ ਜਾਣ ਇਹ ਕਰਮ। ਉਹ ਉਸਤਤ ਕਰਨ ਵਾਲੇ ਉਹਨਾਂ ਦੇ ਸ਼ੁਭ ਕਰਮ ਲੈ ਲੈਂਦੇ ਨੇ। ਨਿੰਦਿਆ ਕਰਨ ਵਾਲੇ ਮਾੜੇ ਕਰਮ ਲੈ ਲੈਂਦੇ ਨੇ। ਮਹਾਰਾਜ ਕਹਿੰਦੇ, ਇਹਨਾਂ ਦੋਹਾਂ ਤੋਂ ਹੀ ਨਿਰਲੇਪ ਰਹੇ –

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ*
*ਕਿਨਹੂੰ ਗੁਰਮੁਖਿ ਜਾਨਾ ॥* *ਅੰਗ – ੨੧੯*

ਪਰ ਔਖਾ ਬਹੁਤ ਹੈ। ਨਿੰਦਿਆ ਕਰਕੇ ਦੇਖ ਲਓ ਕਿਸੇ ਦੀ। ਅੱਗ ਬਬੂਲਾ ਹੋ ਜਾਂਦੈ ਚੰਗੇ ਤੋਂ ਚੰਗਾ ਬੰਦਾ ਵੀ ਕਿ ਮੇਰੇ ਬਾਰੇ ਇਹ ਖਿਆਲ ਨੇ ਉਹਦੇ? ਉਹ ਤਾਂ ਹੁੰਦੈ ਕਿਉਂਕਿ 'ਮੇਰਾ' ਬਣਿਆ ਹੋਇਐ। ਜੇ ਮੇਰਾ ਹੀ ਨਾ ਬਣਾਵੇ, ਪਹਿਲਾਂ ਹੀ ਇਸ ਲਾਈਨ 'ਤੇ ਖੜ੍ਹੇ ਕਿ ਆਪਾਂ ਤਾਂ ਸਾਰਿਆਂ ਨਾਲੋਂ ਮਾੜੇ ਹਾਂ, ਉਸ ਤੋਂ ਅਗਾਂਹਾਂ ਕੀ ਕਹਿ ਦਊ ਕੋਈ ਬੰਦਾ। ਸੋ ਇਹ ਦੋਵੇਂ ਚੀਜ਼ਾਂ ਨੇ। ਉਸਤਤ ਕਰਨ 'ਤੇ ਪ੍ਰਸੰਨ ਹੁੰਦੈ ਉਹ। ਉਹਨੂੰ ਆਦਰ ਵੀ ਦੇਏਗਾ, ਉਹ ਪਾਸ ਬੁਲਾਏਗਾ ਵੀ। ਪਰ ਬਹੁਤ ਸਾਰੇ ਐਸੇ ਨੇ ਐਵੇਂ ਹੀ ਉਸਤਤਾਂ ਦੇ ਕਲਾਬੇ ਬਣਾਈ ਜਾਂਦੇ ਨੇ। ਸਟੇਜ 'ਤੇ ਖੜ੍ਹ ਜਾਣਗੇ, ਨਾ ਜਾਣ ਨਾ ਪਛਾਣ, ਨਾ ਕਦੇ ਆਉਣਾ ਨਾ ਕਦੇ ਜਾਣਾ, ਆਹ ਬਾਬਾ ਜੀ ਬੜਾ ਕੀਰਤਨ ਕਰਦੈ ਜੀ, ਇਨ੍ਹਾਂ ਨੇ ਤਾਂ ਇਲਾਕੇ ਦੇ ਅੰਦਰ ਐਨਾ ਅੰਮ੍ਰਿਤ ਛਕਾ ਦਿਤਾ। ਮੈਨੂੰ ਲਗਦਾ ਹੁੰਦੈ ਕਿ ਐਵੇਂ ਫਜ਼ੂਲ ਬੋਲੀ ਜਾਂਦੇ ਨੇ। ਕੋਈ ਗੱਲ ਨਹੀਂ। ਤਾਂਹੀ ਅਸੀਂ ਜ਼ਿਆਦਾ ਕਿਸੇ ਨੂੰ ਸਟੇਜ 'ਤੇ ਨਹੀਂ ਬੋਲਣ ਦਿੰਦੇ। ਇਹ ਕਿਤੇ ਗੱਲਾਂ ਨਾਲ ਹੁੰਦੈ। ਇਹ ਤਾਂ ਹਿਰਦੇ ਦੀ ਬਾਤ ਹੁੰਦੀ ਹੈ। ਅੰਦਰ ਸਮਝ ਹੁੰਦੀ ਹੈ।

ਸੋ ਇਹ ਜਿਹੜੀ ਚੀਜ਼ ਹੈ, ਅੱਖਰੀ ਉਸਤਤ ਅਤੇ ਨਿੰਦਾ ਇਹਨਾਂ ਦੋਹਾਂ ਤੋਂ ਹੀ ਦੂਰ ਰਹੇ –

*ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥*
*ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥*
*ਅੰਗ– ੬੮੫*

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥*
*ਅੰਗ – ੧੪੨੭*

ਸੋ ਇਸ ਤੋਂ ਉਪਰ ਹੋਣਾ ਪੈਂਦਾ ਹੈ ਭਾਈ। ਉਸ ਤੋਂ ਅੱਗੇ ਹੈ ਆਪਣੀ ਪ੍ਰਭਤਾ ਦਾ ਤਿਆਗ, ਵਡਿਆਈ ਦਾ ਤਿਆਗ।

ਸੰਤਾਂ ਦੀ ਜਦੋਂ ਬਹੁਤੀ ਪ੍ਰਭਤਾ ਹੋ ਜਾਏ, ਫੇਰ ਰਵੱਈਆ ਬਦਲ ਜਾਂਦਾ ਹੈ –

*ਬੁੱਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨੇ।*
*ਨਾ ਕੋਈ ਸਾਨੂੰ ਜਾਣੇ ਨਾ ਕੋਈ ਮੰਨੇ।*

ਕਿਉਂਕਿ ਜਾਨਣ 'ਚ ਤਕਲੀਫ ਬਹੁਤ ਹੈ। ਦੁਨੀਆਂ ਟਿਕਣ ਨਹੀਂ ਦਿੰਦੀ। ਦਿਨ ਰਾਤ ਆਈ ਜਾਂਦੀ ਹੈ। ਗਰਜਾਂ ਦੇ ਬੰਦੇ ਹੁੰਦੇ ਨੇ, ਨਾਮ ਵਾਲਾ ਕੋਈ ਨਹੀਂ ਹੁੰਦਾ। ਆਪਣਾ ਤਾਂ ਸਮਾਂ ਉਹਨਾਂ ਦਾ ਉਹਨਾਂ ਨੂੰ ਪਤਾ ਹੀ ਨਹੀਂ ਕਿ ਨਸ਼ਟ ਹੁੰਦੈ, ਸੰਤਾਂ ਦਾ ਸਮਾਂ ਨਸ਼ਟ ਕਰਕੇ ਤੁਰ ਜਾਂਦੇ ਨੇ। ਸੋ ਆਪਣਾ ਗੁਰੂ ਦੇ ਸਮਰਪਣ ਕਰ ਦੇਣਾ। ਆਪਣੇ ਕੋਲ ਨਾ ਰੱਖਣਾ। ਸਾਰਾ ਕੁਛ ਗੁਰੂ ਨੂੰ ਅਰਪਣ ਕਰ ਦੇਣਾ। ਜਦੋਂ ਗੁਰੂ ਨੂੰ ਅਰਪਣ ਕਰ ਦਏਗਾ, ਆਪਣੇ ਕੋਲ ਫੇਰ ਕੁਛ ਵੀ ਨਹੀਂ। ਫੇਰ ਗੱਲਾਂ ਹੀ ਸਾਰੀਆਂ ਖਤਮ ਹੋ ਗਈਆਂ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* *ਅੰਗ– ੨੮੬*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

*ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ ਦੀਵਾਨ ਨੰ: 119 ਦੀ ਬਾਕੀ)***

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਤੋਂ ਬੈਠ ਕੇ ਆਪ ਹਰੀ ਦਾ ਜਸ ਸ੍ਰਵਣ ਕਰ ਰਹੇ ਸੀ। ਜਿਸ ਸਬੰਧ ਵਿਚ ਕੀਰਤਨ ਸਮਾਗਮ ਹੋਏ ਨੇ, ਉਹੀ ਅਰਦਾਸ ਹੋਈ ਹੈ, ਆਪ ਸਾਰੇ ਅਰਦਾਸ ਵਿਚ ਸ਼ਾਮਿਲ ਹੋਏ ਓਂ ਤੇ ਮਹਾਰਾਜ ਜੀ ਨੇ ਆਪਣਾ ਹੁਕਮਨਾਮਾ ਸਾਨੂੰ ਬਖਸ਼ ਕੇ ਰਸਤਾ ਦਿਖਾਇਆ ਹੈ। ਮਹਾਰਾਜ ਜੀ ਨੇ ਜੋ ਬਚਨ ਕੀਤੇ ਹਨ ਉਨ੍ਹਾਂ ਦੇ ਅੰਦਰ ਇਕ ਸੋਝੀ ਪ੍ਰਾਪਤ ਹੁੰਦੀ ਹੈ ਕਿ ਆਦਮੀ ਜਿੰਨਾਂ ਚਿਰ ਸੰਸਾਰ 'ਚ ਰਹਿੰਦਾ ਹੈ ਓਨੀ ਦੇਰ ਤੱਕ ਇਸ ਦੇ ਬਹੁਤ ਸਾਰੇ ਕਾਰਜ, ਅਨੇਕਾਂ ਰੂਪਾਂ ਦੇ ਵਿਚ ਇਹਦੇ ਸਾਮ੍ਹਣੇ ਆਉਂਦੇ ਰਹਿੰਦੇ ਹਨ। ਕੋਈ ਬੱਚਾ ਪੜ੍ਹਨ ਲਗਦਾ ਹੈ ਇਹ ਵੀ ਕਾਰਜ ਹੈ, ਕੋਈ ਵਿਆਹ ਸ਼ਾਦੀ ਹੁੰਦੀ ਹੈ ਇਹ ਵੀ ਕਾਰਜ ਹੈ, ਕੋਈ ਵਣਜ ਵਪਾਰ ਕਰਦਾ ਹੈ ਇਹ ਵੀ ਕਾਰਜ ਹੈ, ਕੋਈ ਨੌਕਰੀ ਚਾਕਰੀ ਕਰਦਾ ਹੈ ਇਹ ਵੀ ਓਹਦਾ ਕਾਰਜ ਹੈ। ਸੋ ਐਸੇ ਤਰ੍ਹਾਂ ਬੇਅੰਤ ਕਾਰਜ ਆਦਮੀ ਦੇ ਸਾਮ੍ਹਣੇ ਹਰ ਵਕਤ ਆਉਂਦੇ ਰਹਿੰਦੇ ਨੇ। ਕੋਈ ਸਮਾਂ ਐਸਾ ਨਹੀਂ ਹੁੰਦਾ ਜਦ ਇਸ ਨੂੰ ਕਿਸੇ ਨਾ ਕਿਸੇ ਕਾਰਜ ਨਾਲ ਵਾਹ ਨਾ ਪਿਆ ਹੋਵੇ, ਜਿਹਦੇ ਵਿਚੋਂ ਕੁਝ ਜੀਵਨ ਆਮ ਦੇ ਹੁੰਦੇ ਨੇ, ਕੁਛ ਖਾਸ ਹੁੰਦੇ ਨੇ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨ ਵਿਚ ਕਾਮਨਾ ਹਰੇਕ ਦੇ ਹੁੰਦੀ ਹੈ ਕਿ ਮੇਰਾ ਕਾਰਜ ਸਫਲ ਹੋਵੇ। ਜੇ ਸਫਰ ਵਿਚ ਜਾਂਦਾ ਹੈ ਤਾਂ ਵੀ ਅਰਦਾਸ ਹੁੰਦੀ ਹੈ ਕਿ ਮਹਾਰਾਜ ਜੀ ਸੁੱਖ-ਸਾਂਦ ਨਾਲ ਘਰ ਆ ਜਾਈਏ, ਤੇ ਕਾਰਜ ਸਫਲ ਹੋ ਜਾਵੇ। ਸੋ ਏਸ ਤਰ੍ਹਾਂ ਦੇ ਨਾਲ ਕਾਰਜ ਦੀ ਸਫਲਤਾ ਦੇ ਵਾਸਤੇ ਅਸੀਂ ਬਹੁਤ ਸਾਰੇ ਸਾਧਨ ਕਰਦੇ ਹਾਂ। ਕੋਈ ਪੁੰਨ ਦਾਨ ਕਰਦੇ ਹਨ, ਕੋਈ ਜੋਤਸ਼ੀਆਂ ਦੇ ਕੋਲ ਜਾਂਦੇ ਨੇ, ਉਨ੍ਹਾਂ ਤੋਂ ਸ਼ੁਭ ਦਿਹਾੜਾ ਕਢਾਉਂਦੇ ਹਾਂ ਫੇਰ ਉਨ੍ਹਾਂ ਤੋਂ ਪੁਛਦੇ ਹਾਂ ਕਿ ਕਿਸ ਤਰੀਕੇ ਨਾਲ ਕਾਰਜ ਕੀਤਾ ਜਾਵੇ। ਸਫਰ ਕਰਦੇ ਹਾਂ, ਜੋਤਸ਼ੀਆਂ ਕੋਲ ਜਾਂਦੇ ਹਾਂ ਉਨ੍ਹਾਂ ਤੋਂ ਪੁਛਦੇ ਹਾਂ ਕਿ ਮੈਂ ਪੂਰਬ ਨੂੰ ਜਾਣਾ ਹੈ, ਦੇਖੋ ਤਾਂ ਪੂਰਬ ਨੂੰ ਜਾਣ ਵਿਚ ਕੋਈ ਦਿੱਕਤ ਤਾਂ ਨਹੀਂ ਪੈਂਦੀ। ਏਸ ਤਰ੍ਹਾਂ ਦੇ ਨਾਲ ਆਦਮੀ ਸਾਰੀ ਜ਼ਿੰਦਗੀ ਡਾਵਾਂਡੋਲ ਰਹਿੰਦਾ ਹੈ ਤੇ ਉਹਨੂੰ ਕੋਈ ਪੱਕਾ ਆਸਰਾ ਨਹੀਂ ਮਿਲਦਾ ਕਿ ਕੋਈ ਐਸੀ ਬਾਤ ਵੀ ਹੈ ਜਿਹਦੇ ਨਾਲ ਸਾਰੇ ਕਾਰਜ ਸਫਲ ਹੋ ਜਾਣ, ਕੋਈ ਇਕ ਚੀਜ਼ ਹੱਥ ਵਿਚ ਆ ਜਾਵੇ।

ਪਿਛਲੇ ਜ਼ਮਾਨਿਆਂ ਦੇ ਅੰਦਰ ਇਕ ਦਵਾਈ ਹੁੰਦੀ ਸੀ, ਜਿਸ ਦਾ ਨਾਮ ਅੰਮ੍ਰਿਤ ਧਾਰਾ ਹੁੰਦੀ ਸੀ, ਉਹਦੇ ਵਿਚ ਇਹ ਸਿਫਤ ਸੀ ਕਿ ਗਿਣ ਕੇ ਹਕੀਮਾਂ, ਵੇਦਾਂ ਨੇ ਕੱਢੀ ਹੋਈ ਸੀ ਕਿ ਇਹ 32 ਰੋਗਾਂ ਦਾ ਖਾਤਮਾ ਕਰਦੀ ਹੈ। ਪੇਟ ਦੁਖਦਾ ਹੈ ਤਾਂ ਵੀ ਤੁਸੀਂ ਉਹ ਲੈ ਲਓ, ਹੋਰ ਕਿਤੇ ਠੰਢ ਲਗ ਗਈ ਤਾਂ ਵੀ ਉਹ ਲੈ ਲਓ, ਹਾਜ਼ਮਾ ਖਰਾਬ ਹੋ ਗਿਆ ਤਾ ਵੀ ਲੈ ਲਓ, ਕੋਈ ਹੋਰ ਬੇਚੈਨੀ ਹੋ ਗਈ ਤਾਂ ਵੀ ਲੈ ਲਓ ਯਾਨਿ ਉਹ ਇਕੋ ਹੀ ਐਸੀ ਦਵਾਈ ਸੀ ਜੋ ਆਦਮੀ ਸਫਰ ਕਰਦਾ ਸੀ ਨਾਲ ਰੱਖਿਆ ਕਰਦੇ ਸੀ। ਪਤਾਸੇ 'ਚ ਪਾ ਕੇ ਇਕ ਕਤਰਾ ਲੈ ਲੈਣਾ ਤੇ ਉਹਦੇ ਨਾਲ ਠੀਕ ਹੋ ਜਾਇਆ ਕਰਦਾ ਸੀ।

ਸੋ ਏਸ ਤਰ੍ਹਾਂ ਦੇ ਨਾਲ ਇਕੋ ਹੀ ਸਾਧਨ ਗੁਰੂ ਮਹਾਰਾਜ ਜੀ ਨੇ ਦਸਿਆ ਹੈ ਕਿ ਜਿੰਨੇ ਵੀ ਦੁਨੀਆਂ ਦੇ ਕਾਰਜ ਨੇ ਉਹ ਵੀ ਤੇ ਜਿਹੜੇ ਪਰਲੋਕ ਦੇ ਨੇ, ਜਿਥੇ ਜਾ ਕੇ ਸਾਡੇ ਤੋਂ ਕੋਈ ਕਾਰਜ ਬਣਨਾ ਨਹੀਂ ਹੈ, ਜਿਥੇ ਜਾ ਕੇ ਸਾਡੀ ਹੋਸ਼ ਹੀ ਭੁੱਲ ਜਾਣੀ ਹੈ ਉਥੇ ਪਤਾ ਹੀ ਨਹੀਂ ਲਗਣਾ ਕਿ ਕੀ ਕਰੀਏ, ਕੀ ਨਾ ਕਰੀਏ, ਇਨ੍ਹਾਂ ਸਾਰਿਆਂ ਦੇ ਸਫਲ ਹੋਣ ਦਾ ਇਕ ਤਰੀਕਾ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ। ਗੱਲ ਕਹਿਣ ਨੂੰ ਬਹੁਤ ਸੁਖਾਲੀ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ ਲੇਕਿਨ ਇਹ ਬਹੁਤ ਔਖੀ ਹੈ ਕਿਉਂਕਿ ਸਾਡੇ ਹਿਰਦੇ ਦੇ ਅੰਦਰ ਬੜਾ ਹੀ ਕੂੜ-ਕਬਾੜ ਵਸਿਆ ਪਿਆ ਹੈ। ਬੇਅੰਤ ਕਿਸਮ ਦੀਆਂ

ਗਰਜਾਂ ਵਸੀਆਂ ਪਈਆਂ ਨੇ, ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਵਸੀਆਂ ਪਈਆਂ ਨੇ, ਇਨ੍ਹਾਂ ਨੂੰ ਭਾਵ ਕਹਿੰਦੇ ਨੇ। ਬੇਅੰਤ ਭਾਵ ਵਸੇ ਹੋਏ ਨੇ - ਕਿਤੇ ਪੈਸੇ ਕਮਾਉਣ ਦਾ ਭਾਵ ਵਸਿਆ ਹੋਇਆ ਹੈ, ਕਿਸੇ ਥਾਂ ਦੇ ਉਤੇ ਵੈਰ, ਵਿਰੋਧ ਦਾ ਹੈ, ਕਿਤੇ ਕੋਈ ਹੈ ਕਿ ਮੇਰੇ ਵਰਗਾ ਦੁਨੀਆਂ 'ਚ ਕੋਈ ਹੈ ਹੀ ਨਹੀਂ। ਇਹ ਅਭਿਮਾਨ ਸਾਰਿਆਂ ਨਾਲੋਂ ਮਾੜੀ ਚੀਜ਼ ਹੁੰਦੀ ਹੈ। ਬੰਦਗੀ ਕਰੀ ਜਾਵੇ, ਨਾਮ ਜਪੀ ਜਾਵੇ ਫੇਰ ਮਨ ਦਾ ਅਭਿਮਾਨ ਨਾ ਜਾਵੇ ਤਾਂ ਬਣਦਾ ਨਹੀਂ ਕੁਛ ਵੀ। ਮੁੜ ਕੇ ਉਸੇ ਚੱਕਰ 'ਚ ਫੇਰ ਪੈ ਜਾਂਦਾ ਹੈ। ਪੁੰਨ ਉਸ ਨੂੰ ਜ਼ਰੂਰ ਮਿਲਦਾ ਹੈ ਲੇਕਿਨ ਬੀਮਾਰੀ ਦਾ ਇਲਾਜ ਨਹੀਂ ਹੁੰਦਾ।

ਸੋ ਏਸ ਤਰ੍ਹਾਂ ਦੇ ਨਾਲ ਸਾਡੇ ਮਨ ਹਰ ਵਕਤ ਭਰੇ ਹੋਏ ਨੇ, ਕ੍ਰੋਧ ਨਾਲ ਭਰੇ ਹੋਏ ਨੇ, ਨਫਰਤ ਨਾਲ ਭਰੇ ਹੋਏ ਨੇ। ਇਨ੍ਹਾਂ ਸਾਰਿਆਂ ਨੂੰ ਜੇ ਖਾਲੀ ਕਰੀਏ ਤਾਂ ਜਾ ਕੇ ਹਰੀ ਦੇ ਚਰਨ ਹਿਰਦੇ 'ਚ ਵਸਦੇ ਨੇ, ਨਹੀਂ ਨੀਂ ਵਸਦੇ। ਹੁਣ ਇਹ ਹੁੰਦਾ ਹੈ ਕਿ ਇਨ੍ਹਾਂ ਨੂੰ ਕੱਢਿਆ ਕਿਵੇਂ ਜਾਵੇ? ਜੇ ਕੋਈ ਚੀਜ਼ਾਂ ਹੋਣ ਤਾਂ ਅਸੀਂ ਹੱਥਾਂ ਨਾਲ ਚੁੱਕ ਕੇ ਕੱਢ ਦੇਈਏ। ਇਹ ਤਾਂ ਮਨ ਵਿਚ ਵਸਦੀਆਂ ਨੇ, ਕ੍ਰੋਧ ਮਨ ਵਿਚ ਵਸ ਜਾਏ, ਕੱਢ ਕੇ ਦਿਖਾ ਦਿਓ, ਜੇ ਕੋਈ ਸੂਰਮਾ ਹੈ? ਕੱਢ ਹੀ ਨਹੀਂ ਸਕਦਾ। ਉਹ ਅੰਦਰ ਹੀ ਅੰਦਰ ਖਾਣਾ ਸ਼ੁਰੂ ਕਰ ਦਿੰਦਾ ਹੈ। ਅੰਦਰ ਹੀ ਅੰਦਰ ਬਦ-ਖਿਆਲ ਸ਼ੁਰੂ ਹੋ ਜਾਂਦੇ ਨੇ, ਪ੍ਰਮੇਸ਼ਰ ਭੁੱਲ ਜਾਂਦਾ ਹੈ। ਲੋਭ ਮਨ ਵਿਚ ਵਸ ਜਾਵੇ, ਉਸੇ ਨੂੰ justify (ਸਹੀ) ਕਰੀ ਜਾਏਗਾ, ਨਿਕਲਦਾ ਨਹੀਂ ਹੈ। ਏਸ ਤਰ੍ਹਾਂ ਦੇ ਨਾਲ ਬੜਾ ਮੁਸ਼ਕਲ ਹੈ ਕਿਉਂਕਿ ਸਾਡੇ ਵਸ ਵਿਚ ਨਹੀਂ, ਜੇ ਅਸੀਂ ਪੜ੍ਹ ਵੀ ਲਈਏ ਤਾਂ ਵੀ ਨਹੀਂ ਨਿਕਲਦਾ। ਪੁਸਤਕ ਪੜ੍ਹ ਲਈਏ ਉਹਦੇ ਵਿਚ ਆ ਜਾਣ ਇਹ ਗੱਲਾਂ ਤੇ ਅਸੀਂ ਕਹੀਏ ਕਿ ਇਹ ਨਹੀਂ ਹੁਣ ਅਸੀਂ ਹੋਣ ਦੇਣੀਆਂ। ਸਾਡੇ ਵਸ ਵਿਚ ਨਹੀਂ ਹੈ ਕਿ ਅਸੀਂ ਉਨ੍ਹਾਂ ਨੂੰ ਰੋਕ ਸਕੀਏ। ਸੋ ਫੇਰ ਕਰਿਆ ਕੀ ਜਾਵੇ? ਮਹਾਰਾਜ ਜੀ ਕਹਿੰਦੇ ਇਹਦੇ ਇਕ ਦੋ ਸਾਧਨ ਨੇ ਜੇ ਤੁਸੀਂ ਉਹ sincerely (ਪੂਰੀ ਤਨ ਦੇਹੀ ਨਾਲ) ਤੇ ਸਹੀ ਤਰੀਕੇ ਨਾਲ ਕਰੋ ਫੇਰ ਇਹ ਮਨ ਵਿਚ ਵਸਣੇ ਸ਼ੁਰੂ ਹੋ ਜਾਂਦੇ ਨੇ। ਕੁਛ ਰਹਿਤਾਂ ਨੇ ਜੇ ਤੁਸੀਂ ਸੱਚਮੁੱਚ ਹੀ ਧਾਰਨ ਕਰਨੀਆਂ ਸ਼ੁਰੂ ਕਰ ਦੇਵੋ ਫੇਰ ਮਨ ਵਿਚ ਵਸ ਜਾਣਗੀਆਂ। ਮੂੰਹ ਦੇ ਨਾਲ ਅਸੀਂ ਗੱਲਾਂ ਕਹਿ ਲੈਂਦੇ ਹਾਂ ਜਦੋਂ ਪਰਖ ਵਿਚ ਆਉਂਦੇ ਹਾਂ ਫੇਰ ਉਹ ਗੱਲਾਂ, ਸਾਡੀਆਂ ਹੀ ਕਹੀਆਂ ਹੋਈਆਂ, ਉਹ ਵੀ ਸਾਡੇ ਉਤੇ ਇਕ ਪੈਸੇ ਜਿੰਨਾਂ ਵੀ ਅਸਰ ਨਹੀਂ ਕਰਦੀਆਂ। ਅਰਦਾਸ ਕਰ ਦਿੰਦਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਖੜ੍ਹੇ ਹੋ ਕੇ -

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰ ਯਾਰ ਜੁਆਰਿ ਹਉਂ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮ ਖੋਰੁ ਠਗ ਦੇਸ ਠਗੰਦਾ।*
*ਕਾਮੁ ਕਰੋਧੁ ਮਦੁ ਲੋਭੁ ਮੋਹੁ ਹੰਕਾਰ ਕਰੰਦਾ।*
*ਵਿਸ੍ਵਾਸਘਾਤੀ ਅਕ੍ਰਿਤਘਣ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸੰਦਾ।*

*ਭਾਈ ਗੁਰਦਾਸ ਜੀ, ਵਾਰ ੩੬/੨੧*

ਲੇਕਿਨ ਇਹ ਸਾਰੇ ਹੀ ਬਚਨ ਉਤੋਂ-ਉਤੋਂ ਕਹੇ ਨੇ, ਵਿਚੋਂ ਨਹੀਂ ਕਹੇ ਕਿਉਂਕਿ ਅੰਦਰੋਂ ਨਹੀਂ ਜਾਣਦਾ ਕਿ ਮੈਂ ਸੱਚਮੁੱਚ ਐਸਾ ਹਾਂ। ਜੇ ਸਚਮੁੱਚ ਆਪਣੇ ਆਪ ਨੂੰ ਐਸ ਤਰ੍ਹਾਂ ਕਹਿ ਲਏ ਫੇਰ ਤਾਂ ਗੱਲ ਖਤਮ ਹੋ ਜਾਂਦੀ ਹੈ। ਕਿਉਂਕਿ ਫੇਰ ਜਿਹੜੀ ਨੇਕੀ ਦੀ ਹਉਂ ਬਣੀ ਹੋਈ ਹੈ ਉਹ ਹਟ ਜਾਂਦੀ ਹੈ। ਉਹ ਸਮਝਦਾ ਹੀ ਨਹੀਂ ਹੈ ਕਿ ਮੈਂ ਕੋਈ ਖਾਸ ਬੰਦਾ ਹਾਂ। ਉਹਨੂੰ ਗੁੱਸਾ ਹੀ ਨਹੀਂ ਆਉਂਦਾ। ਉਹਦੀ ਬੇਇਜ਼ਤੀ ਹੀ ਨਹੀਂ ਹੁੰਦੀ ਕਿਉਂਕਿ ਖਾਸ ਬੰਦਾ ਨਾ ਰਿਹਾ। ਉਹਦੇ ਮਨ 'ਚ ਤਾਂ ਗੁਰੂ ਸਾਹਿਬ ਦਾ ਬਚਨ ਸਮਾਅ ਗਿਆ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ - ੧੩੬੪*

ਮੈਂ ਹੀ ਬੁਰਾ ਹਾਂ, ਮੈਨੂੰ ਛੱਡ ਕੇ ਸਾਰਾ ਸੰਸਾਰ ਭਲਿਆਂ ਦਾ ਹੈ। ਮਹਾਰਾਜ ਜੀ ਕਹਿੰਦੇ ਨੇ ਤੇਰੇ ਸਮਝਣ ਦੇ ਨਾਲ ਤੂੰ ਸਚਮੁੱਚ ਨੀਵਾਂ ਹੋ ਜਾਵੇਗਾ? ਜੇ ਤੂੰ ਸੱਚਮੁੱਚ ਸਮਝ ਲਏਂ, ਨੀਵਾਂ ਨਹੀਂ ਹੁੰਦਾ। ਸਾਡੇ ਵਾਲੀ ਲਾਈਨ 'ਚ ਖੜ੍ਹੇਗਾ ਕਿਉਂਕਿ ਅਸੀਂ ਵੀ ਉਹੋ ਸਮਝਦੇ ਰਹੇ ਹਾਂ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*     *ਅੰਗ - ੭੨੮*

ਜਿਹਨੇ ਇਹ ਗੱਲ ਬੁੱਝ ਲਈ ਹਿਰਦੇ ਤੋਂ, ਉਤੋਂ-ਉਤੋਂ ਨਹੀਂ, ਉਤੋਂ-ਉਤੋਂ ਤਾਂ ਦੁਨੀਆਂ ਸਾਰੀ ਕਹਿੰਦੀ ਹੈ ਕਿ ਮੈਂ ਤਾਂ ਜੀ ਤੁਹਾਡੇ ਚਰਨਾਂ ਦਾ ਦਾਸ ਹਾਂ। ਬਿਲਕੁਲ ਨਹੀਂ, ਐਵੇਂ ਹੀ ਝੂਠ ਬੋਲਦਾ ਹੈ। ਉਤੋਂ-ਉਤੋਂ ਗੱਲਾਂ ਹੋਰ ਹੁੰਦੀਆਂ ਨੇ, ਹਿਰਦੇ 'ਚੋਂ ਗੱਲਾਂ

ਹੋਰ ਹੁੰਦੀਆਂ ਨੇ। ਜੇ ਹਿਰਦੇ 'ਚੋਂ ਗੱਲ ਕਹਿ ਦੇਵੋ ਫੇਰ ਤਾਂ ਝਗੜੇ ਹੀ ਸਾਰੇ ਖਤਮ ਹੋ ਜਾਂਦੇ ਹਨ ਕਿ ਠੀਕ ਹੈ ਮੈਂ ਤਾਂ ਐਹੋ ਜਿਹਾ ਹੀ ਹਾਂ ਤੇ ਮੇਰੇ ਨਾਲ ਠੀਕ ਹੀ ਗੱਲ ਹੋ ਰਹੀ ਹੈ ਲੇਕਿਨ ਇਹ ਨਹੀਂ ਹੁੰਦਾ, ਮੂੰਹ ਤੋਂ ਤਾਂ ਇਹ ਕਰਦਾ ਹੈ -

*ਮੁਖਹੁ ਹਰਿ ਹਰਿ ਸਭੁ ਕੋ ਕਰੈ*
*ਵਿਰਲੈ ਹਿਰਦੈ ਵਸਾਇਆ ॥* *ਅੰਗ - ੫੬੫*

ਵਿਰਲੇ-ਵਿਰਲੇ ਨੇ ਜਿਨ੍ਹਾਂ ਦੇ ਹਿਰਦੇ 'ਚੋਂ ਨਿਕਲਦਾ ਹੈ। ਮੂੰਹ ਤੋਂ ਤਾਂ ਸਾਰੇ ਹੀ ਕਹੀ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਜਿੰਨਾਂ ਚਿਰ ਅਸੀਂ ਨਹੀਂ ਵਿਚਾਰ ਕੇ ਕੱਢਦੇ ਓਨਾਂ ਚਿਰ ਦੂਰ ਨਹੀਂ ਹੁੰਦੀਆਂ। ਸੋ ਇਹ ਸਾਧਨ ਹੈ ਕਿ ਆਪਣੇ ਆਪ ਨੂੰ ਐਂ ਸਮਝੋ ਕਿ ਮੇਰੇ ਤੋਂ ਸਾਰੇ ਚੰਗੇ ਨੇ। ਗਿਆਨਵਾਨ ਪੁਰਸ਼ ਸਮਝਦਾ ਹੈ। ਉਹ ਏਸ ਕਰਕੇ ਸਮਝਦਾ ਹੈ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਐਥੇ ਪ੍ਰਮੇਸ਼ਰ ਦੀ ਜੋਤ ਹੈ, ਪ੍ਰਮੇਸ਼ਰ ਤੋਂ ਬਗੈਰ ਕੋਈ ਹੈ ਨਹੀਂ। ਇਹ ਆਪੇ ਹੀ ਵਾਹਿਗੁਰੂ ਅਨੇਕਾਂ ਰੂਪਾਂ 'ਚ ਕੌਤਕ ਕਰ ਰਿਹਾ ਹੈ। ਉਹਦੇ ਅੰਦਰ ਕੋਈ ਭਾਵਨਾ ਨਹੀਂ ਜਾਗਦੀ - ਮੈਂ ਦੀ। ਨਾ ਜਾਗਣ ਕਰਕੇ ਉਹਦੇ ਹਿਰਦੇ 'ਚ ਪ੍ਰਮੇਸ਼ਰ ਵਸਣਾ ਸ਼ੁਰੂ ਹੋ ਜਾਂਦਾ ਹੈ।

ਸੋ ਏਸੇ ਤਰ੍ਹਾਂ ਦੇ ਨਾਲ ਦੂਸਰਾ ਸਾਧਨ ਹੁੰਦਾ ਹੈ - ਸਾਰਿਆਂ ਨਾਲੋਂ ਵੱਡਾ ਜੋ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਉਹ ਹੈ ਕਿ ਜਪ ਤਪ ਹੋਮ ਪੂਜਾ ਸਾਰੀਆਂ ਚੀਜ਼ਾਂ 'ਚੋਂ ਤੱਤ ਕੱਢ ਕੇ ਦੱਸਿਆ ਹੈ ਕਿ ਹਰੀ ਦਾ ਕੀਰਤਨ ਜਿਹੜਾ ਹੈ ਉਹ ਤੱਤ ਹੈ - ਏਸ ਸਾਧਨ ਦਾ। ਫੇਰ ਹਰੀ ਦੇ ਕੀਰਤਨ ਵਾਸਤੇ ਆਉਂਦਾ ਹੈ ਕਿ ਕਿਵੇਂ ਕਰੇ। ਨੇਤਰ ਖੋਲ੍ਹ ਕੇ, ਪਛਾਣ ਕੇ ਪ੍ਰਮੇਸ਼ਰ ਦਾ ਕੀਰਤਨ ਕਰੇ। ਇਕ ਤਾਂ ਅੰਨ੍ਹਾ ਗਾਉਂਦਾ ਹੈ, ਕੂੜੀ-ਕੂੜੀ ਗਾਉਂਦਾ ਹੈ, ਉਹਦੇ ਅੰਦਰ ਕੋਈ ਭਾਵ ਨਹੀਂ। ਜਿਹੜੇ ਬੰਦੇ ਸੁਣਨ ਵਾਲੇ ਨੇ ਉਨ੍ਹਾਂ ਦੇ ਤਾਂ ਬਾਣ ਲਗ ਜਾਏਗਾ ਬਾਣੀ ਦਾ ਲੇਕਿਨ ਉਹਦੇ ਨਹੀਂ ਲਗਦਾ। ਜੇ ਬੈਰਾਗ 'ਚ ਕਰਦਾ ਹੈ, ਆਪ ਬੈਰਾਗਮਈ ਅਵਸਥਾ 'ਚ ਨਹੀਂ ਗਿਆ ਕਿਉਂਕਿ ਅਜੇ ਸਮਝੀ ਨਹੀਂ ਗੱਲ। ਮਹਾਰਾਜ ਜੀ ਕਹਿੰਦੇ ਕਿ ਅੰਨ੍ਹਾਂ ਜੇ ਗਾਉਂਦਾ ਹੈ ਉਹਦੇ ਨਾਲ ਗੱਲ ਨਹੀਂ ਬਣਦੀ ਕਿਉਂਕਿ ਕੂੜੀ-ਕੂੜੀ ਗਾਉਂਦਾ ਹੈ ਉਹ। ਉਹ ਝੂਠ-ਮੂਠ ਦੀਆਂ ਸਾਖੀਆਂ ਸੁਣਾਉਂਦਾ ਹੈ, ਆਪ ਓਸ ਥਾਂ ਦੇ ਉਤੇ ਨਹੀਂ ਹੈ। ਸੋ ਜੇ ਆਪ ਹੋਵੇ ਤਾਂ ਫੇਰ ਗੱਲ ਬਣਦੀ ਹੈ। ਸੋ ਓਸ ਤਰ੍ਹਾਂ ਦੇ ਨਾਲ ਜੇ ਹਰੀ ਦਾ ਜਸ ਕਰਦਾ ਹੈ, ਹਰੀ ਦੀ ਕੀਰਤ ਕਰਦਾ ਹੈ, ਵਜਦ 'ਚ ਆ ਕੇ ਗਾਉਂਦਾ ਹੈ, ਕਹਿੰਦੇ ਇਹ ਸਾਧਨ ਸਾਰੇ ਸਾਧਨਾਂ ਨਾਲੋਂ ਵੱਡਾ ਹੈ। ਏਸ ਕਰਕੇ ਵੱਡਾ ਹੈ ਕਿ ਸਾਡੇ ਦਿਨ ਭਰ ਦੇ ਸੰਸਕਾਰ ਐਨੇ ਜਮ੍ਹਾਂ ਹੋ ਜਾਂਦੇ ਨੇ, ਐਨੇ ਡੂੰਘੇ ਚਲੇ ਜਾਂਦੇ ਨੇ ਕਿ ਜਦ ਅਸੀਂ ਭਜਨ ਕਰਨ ਲਗਦੇ ਹਾਂ, ਬਾਣੀ ਪੜ੍ਹਨ ਲਗਦੇ ਹਾਂ ਉਹ ਜਿਸ ਤਰ੍ਹਾਂ ਦੇ ਨਾਲ ਕੋਈ ਟੋਭੇ ਦੀ ਟਿਕੀ ਹੋਈ ਤਹਿ ਦੀ ਗਰਦ ਜਿਹੜੀ ਹੈ ਉਹ ਛੇੜ ਦੇਵੇ, ਇਕ ਦਮ ਮੈਲ ਉਤੇ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਏਸੇ ਤਰ੍ਹਾਂ ਸਾਡੇ ਸੰਸਕਾਰ ਜਿੰਨੇ ਦਬੇ ਹੋਏ ਨੇ ਉਹ ਸਾਰੇ ਉਠਣੇ ਸ਼ੁਰੂ ਹੋ ਜਾਂਦੇ ਨੇ, ਸਿਮ੍ਰਤੀ ਬਿਰਤੀ ਪ੍ਰਧਾਨ ਹੋ ਜਾਂਦੀ ਹੈ। ਜਿਹੜੀਆਂ ਗੱਲਾਂ ਭੁੱਲੀਆਂ ਹੋਈਆਂ, ਕਦੇ ਯਾਦ ਨਹੀਂ ਆਈਆਂ ਉਹ ਭਜਨ ਵੇਲੇ ਯਾਦ ਆਉਣਗੀਆਂ। ਜਿੰਨੀ-ਜਿੰਨੀ ਇਕਾਗਰਤਾ ਵਧਦੀ ਜਾਏਗੀ ਤਿਉਂ-ਤਿਉਂ ਡੂੰਘੀਆਂ ਗੱਲਾਂ, ਵੀਹ-ਵੀਹ ਸਾਲ ਦੀਆਂ, ਤੀਹ-ਤੀਹ ਸਾਲ ਦੀਆਂ, ਪੁਰਾਣੀਆਂ ਗੱਲਾਂ ਸਾਮ੍ਹਣੇ ਆ ਕੇ ਖੜ੍ਹੀਆਂ ਹੋ ਜਾਣਗੀਆਂ ਕਿਉਂਕਿ ਬਿਰਤੀ ਡੂੰਘੀ ਜਾ ਰਹੀ ਹੈ, ਉਹ ਡੂੰਘੀ ਜਾ ਕੇ ਸਿਮ੍ਰਤੀ ਦੀ ਉਸ ਤਹਿ ਨੂੰ ਛੇੜ ਰਹੀ ਹੈ। ਸੋ ਇਹ ਸਾਰੀਆਂ ਚੀਜ਼ਾਂ ਦੇ ਨਾਲੋਂ ਜਿਸ ਵਕਤ ਹਰੀ ਦਾ ਜਸ ਕਰਦਾ ਹੈ ਉਸ ਵੇਲੇ ਜਿਸ ਤਰ੍ਹਾਂ ਦੇ ਨਾਲ ਛਾਛੜੇ ਦਾ ਮੀਂਹ ਪੈਂਦਾ ਹੈ ਰੋੜ੍ਹ ਕੇ ਲੈ ਜਾਂਦਾ ਹੈ ਸਭ ਕਾਸੇ ਨੂੰ, ਉਹ ਸਭ ਚੀਜ਼ਾਂ ਨੂੰ ਰੋੜ੍ਹ ਕੇ ਲੈ ਜਾਂਦਾ ਹੈ।

ਸੋ ਸਾਰਿਆਂ ਨਾਲੋਂ ਉਤਮ ਕਰਮ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਿਰਦੇ 'ਚ ਵਸ ਜਾਵੇ ਤਾਂ ਕਾਰਜ ਸਾਰੇ ਹੀ ਸਫਲ ਹੋ ਜਾਂਦੇ ਨੇ। ਹਰੀ ਦਾ ਜਸ ਕਰ ਲਵੇ ਤਾਂ ਹਿਰਦੇ 'ਚ ਵਸਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਹਿਰਦੇ 'ਚ ਪ੍ਰਮੇਸ਼ਵਰ ਵਸ ਗਿਆ ਉਸ ਵੇਲੇ ਬਰਕਤਾਂ ਜੋ ਸਾਡਾ ਇੰਤਜ਼ਾਰ ਕਰ ਰਹੀਆਂ ਹਨ ਸਾਡੇ ਆਲੇ-ਦੁਆਲੇ ਖੜ੍ਹੀਆਂ, ਉਹ ਬਰਕਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਸ ਵਕਤ ਬੰਦਾ ਨਾਮ ਜਪਦਾ ਹੈ, ਇਕ ਐਸੀ ਅਵਸਥਾ ਆਉਂਦੀ ਹੈ ਜਿਥੇ ਜਾ ਕੇ ਇਕਾਗਰਤਾ ਪੂਰੇ ਜ਼ੋਰ ਤੇ ਹੁੰਦੀ ਹੈ, ਉਥੇ ਅਵਾਜ਼ਾਂ ਆਉਂਦੀਆਂ ਨੇ ਕਿ ਤੂੰ ਮੇਰਾ ਫੁਰਨਾ ਕਰ, ਮੈਂ ਤੈਨੂੰ ਐਥੇ ਬੈਠੇ ਨੂੰ ਹਜ਼ਾਰ ਮੀਲ ਤੇ ਚੀਜ਼ਾਂ ਦਿਖਾ ਦੇਵਾਂ, ਜਿਹਨੂੰ ਤੂੰ ਯਾਦ ਕਰੇਂਗਾ ਉਹ ਬੰਦਾ ਆ ਜਾਵੇਗਾ। ਤੈਨੂੰ ਪੈਸੇ ਟਕੇ, ਕਾਰਜ ਦੀ ਲੋੜ ਹੈ ਤੇਰੀ

ਮਦਦ ਕਰਨ ਵਾਲੇ ਉਸੇ ਵੇਲੇ ਆ ਜਾਣਗੇ। ਮਹਾਰਾਜ ਜੀ ਉਸ ਨੂੰ ਕਹਿੰਦੇ ਨੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਏਸੇ ਤਰ੍ਹਾਂ ਦੇ ਨਾਲ ਜਿੰਨੇ ਕਾਰਜ ਤੁਸੀਂ ਕਰਦੇ ਓਂ ਜੇ ਹਿਰਦੇ 'ਚ ਪ੍ਰਮੇਸ਼ਰ ਵਸ ਜਾਵੇ ਤਾਂ ਸਾਰੇ ਕਾਰਜ ਸਫਲ ਹੋ ਜਾਇਆ ਕਰਦੇ ਨੇ। ਜਨਮ ਦਿਨ ਮਨਾਉਣੇ ਸਫਲ ਨੇ, ਲੇਕਿਨ ਸੋਚ ਕੇ ਸਮਝ ਕੇ ਜਦ ਅਸੀਂ ਕਰਦੇ ਹਾਂ ਤਾਂ ਇਹ ਗੱਲਾਂ ਬਣਦੀਆਂ ਨੇ। ਆਦਮੀ ਤਾਂ ਸੁੱਤਾ ਪਿਆ ਹੈ। ਮਹਾਰਾਜ ਜੀ ਕਹਿੰਦੇ ਨੇ ਇਹ ਇਕੱਲਾ ਹੀ ਨਹੀਂ ਸੁੱਤਾ ਪਿਆ, ਸਾਰਾ ਸੰਸਾਰ ਸੁੱਤਾ ਪਿਆ ਹੈ। ਤਿੰਨ ਗੁਣ ਚਲ ਰਹੇ ਨੇ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਹਦੀਆਂ ਲਹਿਰਾਂ ਐਨੀ ਜ਼ੋਰ ਦੀ ਉਠ ਰਹੀਆਂ ਨੇ ਕਿ ਆਦਮੀ ਦੀ consciousness (ਚੇਤਨਤਾ) ਦਾ ਜੋ ਹਿੱਸਾ ਹੈ ਉਹਦੇ ਵਿਚ ਨੀਂਦ ਆ ਗਈ, ਝੱਗ ਵਾਂਗਣ ਆ ਗਈ ਤੇ ਉਹ ਸੌਂ ਗਿਆ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - ੯੨੦*

ਸਾਡੀ ਉਮਰ ਸੁੱਤਿਆਂ ਦੀ ਲੰਘਦੀ ਤੁਰੀ ਜਾਂਦੀ ਹੈ। ਜਾਗਣ ਦੀ ਲੋੜ ਹੈ। ਗੁਰੂ ਮਹਾਰਾਜ ਜੀ ਜਗਾਉਂਦੇ ਨੇ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ਅੰਗ - ੭੨੬*

ਮਨ ਨੂੰ ਕਹਿੰਦੇ ਨੇ। ਸਰੀਰ ਨੂੰ ਤਾਂ ਕਿਹਾ ਨਹੀਂ ਹੈ ਕਿ ਤੂੰ ਸਰੀਰਾ ਜਾਗ ਲੈ। ਸਰੀਰ ਨੂੰ ਕਹਿੰਦੇ ਨੇ -

*ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ*
*ਕਿਆ ਤੁਧੁ ਕਰਮ ਕਮਾਇਆ ॥*
*ਕਿ ਕਰਮ ਕਮਾਇਆ ਤੁਧੁ ਸਰੀਰਾ*
*ਜਾ ਤੂ ਜਗ ਮਹਿ ਆਇਆ ॥ ਅੰਗ - ੯੨੨*

ਕਿ ਤੇਰੇ ਵਿਚ ਜੋਤ ਰੱਖੀ ਪ੍ਰਮੇਸ਼ਰ ਨੇ -

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥*
*ਅੰਗ - ੯੨੧*

ਕੀ ਕਰਿਆ ਹੈ ਤੂੰ? ਉਹ ਵਾਹਿਗੁਰੂ ਤਾਂ ਤੂੰ ਮਨ ਵਿਚ ਵਸਾਇਆ ਨਹੀਂ, ਜਿਹਨੇ ਤੇਰਾ ਰਚਨ ਰਚਿਆ ਹੈ। ਸਰੀਰ ਨੂੰ ਏਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ ਲੇਕਿਨ ਮਨ ਨੂੰ ਜਗਾਉਂਦੇ ਨੇ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ਅੰਗ - ੭੨੬*

ਤੇਰੇ ਨਾਲ ਆਇਆ ਸੀ, ਇਥੇ ਮਨ ਜੀਵ-ਆਤਮਾ ਨੂੰ ਕਹਿੰਦੇ ਨੇ - ਸਮੁੱਚੇ ਜੀਵ ਨੂੰ, ਜੀਵ ਆਤਮਾ, ਵਿਚੇ ਅੰਤਸ਼ਕਰਣ, ਵਿਚੇ ਬੁੱਧੀ, ਵਿਚੇ ਫੁਰਨੇ ਕਰਨ ਵਾਲਾ ਮਨ। ਕਹਿੰਦੇ ਤੂੰ ਜਾਗ ਤਾਂ ਸਹੀ, ਕਰੋੜਾਂ ਜਨਮ ਤੈਨੂੰ ਬੀਤ ਗਏ ਸੁੱਤੇ ਪਏ ਨੂੰ, ਬੜੇ ਔਖੇ ਥਾਵਾਂ ਤੋਂ ਆਇਆ ਹੈਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਕੁੱਤੇ ਬਿੱਲੇ ਬਣਦਾ ਹੈ। ਸਾਂਈ ਦਾ ਨਾਮ ਤਿਨ੍ਹਾ ਵਾਸਤੇ ਸਦਾ ਸਹਾਇਕ ਹੋ ਜਾਏਗਾ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਅੰਗ - ੨੬੪*

ਫੇਰ ਤੇਰੇ ਉਤੇ ਰਿਆਇਤਾਂ ਕਿੰਨੀਆਂ ਹੋਣੀਆਂ-

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ ਅੰਗ - ੨੬੨*

ਤੈਨੂੰ ਜਾਗ ਆ ਜਾਏਗੀ ਫੇਰ ਨੀਂਦ ਨਹੀਂ ਆਏਗੀ। ਸੋ ਏਸ ਤਰ੍ਹਾਂ ਜੋ ਕੁਛ ਵੀ ਮਹਾਰਾਜ ਜੀ ਫੁਰਮਾਨ ਕਰਦੇ ਨੇ, ਕੋਸ਼ਿਸ਼ ਕਰੋ। ਇਹ ਜਾਗ ਆਉਂਦੀ ਹੈ ਸਿਮਰਨ ਕਰਕੇ। ਅੰਮ੍ਰਿਤ ਵੇਲੇ ਜਾਗੋ, ਜਾਗ ਕੇ ਬੈਠੋ, ਪ੍ਰਭੂ ਦਾ ਨਾਮ ਜਪੋ, ਹੌਲੀ-ਹੌਲੀ ਕਰਦੇ-ਕਰਦੇ ਜਾਗ ਆਉਣੀ ਸ਼ੁਰੂ ਹੋ ਜਾਏਗੀ ਤੇ ਸਾਡੇ ਹਿਰਦੇ ਦੇ ਵਿਚ ਪ੍ਰਮੇਸ਼ਰ ਦੇ ਚਰਨ ਜਦ

ਵਸਣਗੇ, ਆਪਣੇ ਨਾਲ ਉਹ ਰਸ ਲੈ ਕੇ ਆਉਂਦੇ ਨੇ, ਖੇੜਾ ਲੈ ਕੇ ਆਉਂਦੇ ਨੇ, ਦੁਬਿਧਾ ਲੈ ਕੇ ਨਹੀਂ ਆਉਂਦੇ, ਕ੍ਰੋਧ ਲੈ ਕੇ ਨਹੀਂ ਆਉਂਦੇ, ਨਫਰਤ ਲੈ ਕੇ ਨਹੀਂ ਆਉਂਦੇ, ਪਿਆਰ ਹੀ ਪਿਆਰ ਲੈ ਕੇ ਆਉਂਦੇ ਨੇ। ਜਿਉਂ-ਜਿਉਂ ਸਾਡੇ ਅੰਦਰ ਖੇੜਾ ਸ਼ੁਰੂ ਹੋ ਜਾਏਗਾ, ਪ੍ਰਭੂ ਵਸਣਾ ਸ਼ੁਰੂ ਹੋ ਗਿਆ। ਜਦੋਂ ਪ੍ਰਮੇਸ਼ਰ ਪੂਰੀ ਤਰ੍ਹਾਂ ਵਸ ਗਿਆ, ਪੂਰੀ ਤਰ੍ਹਾਂ ਦੇ ਨਾਲ ਸਾਡੇ ਰੋਮ-ਰੋਮ 'ਚ ਪ੍ਰਗਟ ਹੋ ਗਿਆ, ਸਾਡੀ ਅਵਸਥਾ ਬਦਲ ਜਾਣੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ - ੨੭੫*

ਜਿਉਂਦਿਆਂ ਹੀ ਜੀਵਨ ਮੁਕਤੀ ਪ੍ਰਾਪਤ ਹੋ ਕੇ, ਪ੍ਰਮ ਅਨੰਦ ਦੇ ਵਿਚ ਆਪਣਾ ਜੀਵਨ ਬਤੀਤ ਕਰਕੇ, ਸੰਸਾਰ ਦੇ ਕਾਰਜ ਕਰਦਾ ਹੋਇਆ ਆਪਣੇ ਨਿੱਜ ਘਰ ਨੂੰ ਚਲਿਆ ਜਾਂਦਾ ਹੈ, ਜਿਥੋਂ ਜਾ ਕੇ ਦੁਬਾਰਾ ਆਉਣਾ ਨਹੀਂ ਹੋਇਆ ਕਰਦਾ। ਆਉਂਦਾ ਹੈ ਤਾਂ ਮਰਜ਼ੀ ਨਾਲ ਆਉਂਦਾ ਹੈ -

*ਗੁਰਮੁਖਿ ਆਵੈ ਜਾਇ ਨਿਸੰਗੁ॥* *ਅੰਗ - ੯੩੨*

ਭੇਜਿਆ ਆਉਂਦਾ ਹੈ। ਕਰਮਾਂ ਦਾ ਬੰਨ੍ਹਿਆ ਨਹੀਂ ਆਉਂਦਾ। ਸੰਸਾਰ ਦਾ ਉਧਾਰ ਕਰਨ ਵਾਸਤੇ ਪਰਉਪਕਾਰ ਦਾ ਫੁਰਨਾ ਲੈ ਕੇ ਜਾਂਦਾ ਹੈ, ਉਹਦੇ ਵਾਸਤੇ ਇਹ ਆਉਂਦਾ ਹੈ, ਨਹੀਂ ਤਾਂ ਪ੍ਰਮ ਅਨੰਦ ਵਿਚ ਰਹਿ ਕੇ ਸਦਾ ਦਾ ਜੀਵਨ ਪ੍ਰਾਪਤ ਕਰਕੇ, ਸਦਾ ਦਾ ਸੁੱਖ ਪ੍ਰਾਪਤ ਕਰਦਾ ਹੈ।

ਹੁਣ ਦੋਵੇਂ ਪੱਖ ਵੀਚਾਰ ਲਵੋ - ਇਕ ਦੀਵਾਲੀਆ ਪੱਖ ਹੈ, ਸਾਰਾ ਜੀਵਨ ਮਾਇਕ ਧੰਧਿਆਂ ਵਿਚ ਖੱਚਿਤ ਹੋ ਕੇ ਲੰਘ ਜਾਂਦਾ ਹੈ। ਜਾਣ ਵੇਲੇ ਵਿਜੋਗ ਦਾ ਦੁਖ ਪੀੜਤ ਕਰਦਾ ਹੈ, ਪਛਤਾਵਾ ਹੁੰਦਾ ਹੈ ਕਿ ਜੋ ਕਰਿਆ ਸੀ ਇਥੇ ਹੀ ਰਹਿ ਗਿਆ। ਨਾਲ ਕੁਝ ਨਹੀਂ ਗਿਆ। ਇਕਨਾਂ ਨੇ ਆਪਣਾ ਫਰਜ਼ ਸਮਝ ਕੇ ਦੁਨੀਆਂ ਦੇ ਠਾਠੇ-ਬਾਗੇ ਵਿਚ ਕਰਮ ਕੀਤੇ ਪਰ ਮਾਲਕ ਨੂੰ ਆਪਣੀ ਸੁਰਤ ਵਿਚ ਵਸਾ ਕੇ ਰਖਿਆ, ਉਸ ਦੇ ਨਾਮ ਨਾਲ ਲਿਵ ਲਗੀ ਰਹੀ, ਨਾਮ ਜਪਿਆ, ਸੰਤਾਂ ਦੀ ਸੰਗਤ ਕੀਤੀ, ਗਿਆਨ ਦੀ ਪ੍ਰਾਪਤੀ ਹੋ ਕੇ ਹਉਂ ਦਾ ਨਾਸ਼ ਹੋ ਗਿਆ, ਆਤਮ ਸਰੂਪ ਵਿਚ ਸਥਿਤੀ ਪ੍ਰਾਪਤ ਹੋ ਗਈ। ਉਹਦੇ ਲਈ ਇਥੇ ਭੀ ਅਤੇ ਅੱਗੇ ਭੀ ਖੇੜੇ ਹੀ ਖੇੜੇ, ਚੜ੍ਹਦੀਆਂ ਕਲਾਂ ਹਨ।

ਇਕ ਜੀਵਨ ਦੀਵਾਲੀਏ ਪੁਣੇ ਦਾ ਹੈ, ਇਕ ਵੱਡੇ ਧਨੀ ਦਾ ਹੈ, ਆਪ ਹੀ ਸੋਚੋ ਕਿ ਕਿਹੜਾ ਲਾਹੇਵੰਦ ਹੈ, ਕਿਹੜਾ ਘਾਟੇ ਦਾ ਅਤੇ ਹੋਕਿਆਂ ਹਾਵਿਆਂ ਦਾ ਭਰਿਆ ਹੋਇਆ ਹੈ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਗੁਰੂ ਅਤੇ ਸਿੱਖ ਦਾ ਸਬੰਧ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰੁ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*

*ਧਾਰਨਾ - ਨਾਨਕ ਘਰ ਕੇ ਗੋਲੇ,*
*ਸਤਿਗੁਰ ਰਖ ਲਓ ਜੀ।*
*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥*
*ਅੰਗ– ੬੭੩*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕੈਸੀ ਅਰਦਾਸ ਹੈ? ਸਾਰੀ ਦੁਨੀਆਂ ਅਹੁਦੇ ਮੰਗਦੀ ਹੈ, ਕੁਛ ਬਣਨਾ ਮੰਗਦੀ ਹੈ, ਮੈਂ ਤੇਰੇ ਘਰ ਸੇਵਾ ਕਰਾਂ, ਮੈਨੂੰ ਪ੍ਰੈਜ਼ੀਡੈਂਟ ਬਣਵਾ ਦਿਓ, ਸੈਕਟਰੀ ਬਣਾ ਦਿਓ, ਖਜ਼ਾਨਚੀ ਬਣਾ ਦਿਓ, ਵਾਈਸ ਪ੍ਰੈਜ਼ੀਡੈਂਟ ਬਣਾ ਦਿਓ। ਸੀਨੀਅਰ ਵਾਈਸ ਪ੍ਰੈਜ਼ੀਡੈਂਟ ਬਣਾ ਦਿਓ, ਜੂਨੀਅਰ ਵਾਈਸ ਪ੍ਰੈਜ਼ੀਡੈਂਟ ਬਣਾ ਦਿਓ, ਆਫ਼ਿਸ ਸੈਕਟਰੀ ਬਣਾ ਦਿਓ। ਕੈਸ਼ੀਅਰ ਬਣਾ ਦਿਓ, ਬਣਾ ਦਿਓ ਪਰ ਕੁਛ ਮੈਨੂੰ, ਤਾਂ ਮੈਂ ਤੁਹਾਡੀ ਸੇਵਾ ਕਰਾਂਗਾ। ਬੜੀ ਜ਼ਬਰਦਸਤ ਲੋਚਾ ਹੈ ਇਹ ਵੀ। ਸੇਵਾ ਕਰਨੀ ਹੈ, ਪਰ ਬਣ ਕੇ ਕਰਨੀ ਹੈ ਕੁਛ। ਇਧਰਲੇ ਪਾਸੇ ਅਰਦਾਸ ਹੋ ਰਹੀ ਹੈ ਕਿ ਪਾਤਸ਼ਾਹ! ਮੇਰਾ ਨਾ ਕੋਈ ਖਾਣ 'ਤੇ ਹੱਕ ਹੈ। ਨਾ ਪੀਣ 'ਤੇ ਕੋਈ ਹੱਕ ਹੈ, ਨਾ ਕੱਪੜੇ ਪਹਿਨਣ 'ਤੇ ਕੋਈ ਹੱਕ ਹੈ, ਨਾ ਸੌਣ 'ਤੇ ਹੱਕ, ਨਾ ਮੈਨੂੰ ਕਿਸੇ ਨਾਂ ਦਾ ਹੱਕ ਹੈ, ਜਿਵੇਂ ਜੀਅ ਕਰੇ ਬੁਲਾ ਲੈ, ਜਿਵੇਂ ਦੇ ਕੱਪੜੇ ਦੇਵੇ ਮੈਂ ਪਹਿਨ ਲਵਾਂਗਾ। ਜਿਹੋ ਜਿਹਾ ਖਾਣਾ ਦੇਵੇਂ ਖਾ ਲਵਾਂਗਾ। ਜਦੋਂ ਕਹਿ ਦਵੇਂਗੇ ਕਿ ਸੌਂ ਜਾ, ਸੌਂ ਜਾਉਂਗਾ ਜਦੋਂ ਅਵਾਜ਼ ਮਾਰੇਂ ਉਠ ਖੜ੍ਹਾਂਗਾ। ਮੈਨੂੰ ਆਹ ਸੇਵਾ ਦੇ ਦਿਓ। ਸਾਰਿਆਂ ਤੋਂ ਆਖਰੀ ਲਾਈਨ ਦੇ ਵਿਚ ਗੁਲਾਮ ਹੋਇਆ ਕਰਦੈ। ਬੜੀ ਵੱਡੀ ਮੰਗ ਹੈ। ਜਿਉਂਦੇ ਵੀ ਰਹਿਣਾ ਤੇ ਗੁਲਾਮ ਬਣ ਕੇ ਵੀ ਰਹਿਣਾ। ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਲੇਕਿਨ ਇਕ ਹੱਕ ਉਹਦੇ ਕੋਲ ਰਾਖਵਾਂ (reserve) ਹੁੰਦੈ ਉਹ ਇਹ ਹੈ ਕਿ ਜੇ ਮਾਲਕ ਨਹੀਂ ਸਹੀ ਚਲਦਾ, ਮੁਆਫ਼ਕ ਨਹੀਂ ਚਲਦਾ। ਅੰਦਰੇ ਅੰਦਰ ਰੋਹ ਕਰਨ ਦਾ protest ਕਰਨ ਦਾ ਹੱਕ ਸਾਡੇ ਕੋਲ ਬਚ ਜਾਂਦੈ। ਮਹਾਰਾਜ ਕਹਿੰਦੇ, ਫੇਰ ਪਿਆਰਿਆ! ਜਿਉਂਦਿਆਂ 'ਚ ਰਹਿ ਗਿਆ ਨਾ। ਹੱਕ ਰੱਖ ਲਿਆ ਆਪਣੇ ਕੋਲ ਬਚਾ ਕੇ।

ਨਾ ਮਹਾਰਾਜ! ਅਸੀਂ ਤਾਂ ਗੁਲਾਮ ਬਣ ਗਏ ਹਾਂ।

ਗੁਲਾਮ ਬਣ ਕੇ ਵੀ ਤੇਰੇ ਕੋਲ ਹੱਕ ਬਚਦੈ ਕਿ ਮੈਂ ਗੁਲਾਮ ਹਾਂ। ਗੁਰਸਿੱਖੀ ਦੇ ਵਿਚ ਇਹ ਵੀ ਚੀਜ਼ ਭਾਉਂਦੀ ਨਹੀਂ ਹੈ, ਹੋਰ ਹੇਠਾਂ ਚੱਲ।

ਕਿੱਥੇ ਚੱਲਾਂ?

ਮਹਾਰਾਜ ਕਹਿੰਦੇ, ਸੁਣ ਧਿਆਨ ਨਾਲ।

*ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

ਛੇਤੀ ਪ੍ਰਾਪਤੀ ਚਾਹੁੰਦੈਂ। ਗੁਲਾਮ ਵਿਚ ਅਜੇ ਕੁਝ ਰਾਖਵਾਂ (reserve) ਰਹਿ ਜਾਏਗਾ। ਤੇਰੇ ਕੋਲ ਪਰੋਟੈਸਟ ਕਰਨ ਦਾ ਹੱਕ, ਚੰਗਾ ਸੋਚਣ ਦਾ ਹੱਕ, ਮਾੜਾ ਸੋਚਣ ਦਾ ਹੱਕ; ਇਹ ਖੋਹਿਆ ਨਹੀਂ ਜਾ ਸਕਦਾ, ਕਿਉਂਕਿ ਇਹ ਤੇਰੇ ਨਿਜ ਨਾਲ ਸਬੰਧ ਰਖਦੈ। ਮਾਲਕ ਨਾਲ ਗੁੱਸੇ ਵੀ ਹੋ ਜਾਏਂਗਾ। ਕਿਉਂਕਿ ਤੇਰੀ ਆਪਣੀ ਚੀਜ਼ ਹੈ। ਗੁਲਾਮ ਤੇਰਾ ਸਰੀਰ ਹੋਇਐ, ਨਾ ਕਿ ਤੇਰਾ ਅੰਦਰਲਾ ਗੁਲਾਮ

ਹੋਇਐ। ਅੰਦਰੋਂ ਤੂੰ ਉਵੇਂ ਜਿਵੇਂ ਕਾਇਮ ਹੈਂ ਤੇ ਬਾਹਰੋਂ ਤੂੰ ਗੁਲਾਮੀ ਦੇ ਵਿਚ ਆ ਗਿਆ, ਵਿਕ ਗਿਆ। ਵੇਚਿਆ ਸਰੀਰ ਹੈ, ਬਾਕੀ ਚੀਜ਼ਾਂ ਨਹੀਂ ਵੇਚੀਆਂ। ਫਰਕ ਰਹਿ ਗਿਆ ਇਥੇ ਸਿੱਖੀ ਦਾ। ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਪਿਆਰਿਆ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – ੧੪੧੨*

ਮੁਰਦਾ ਬਣ ਕੇ ਆ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ*

ਮੁਰਦੇ ਕੋਲ ਸ਼ਕਤੀਆਂ ਆ ਗਈਆਂ ਬੇਅੰਤ। ਇਕ ਫੁਰਨੇ ਨਾਲ ਸਭ ਨੂੰ ਤਬਾਹ ਕਰ ਸਕਦੈ। ਲੇਕਿਨ ਮੁਰਦਾ ਹੈ। ਗੁਲਾਮ ਹੁੰਦਾ ਉਹਦਾ ਅੰਦਰਲਾ ਅਧਿਕਾਰ ਸੀਗਾ। ਕਰ ਸਕਦਾ ਸੀ ਉਹ। ਕਿਉਂਕਿ ਬੇਅੰਤ ਗੁਲਾਮ ਬਾਦਸ਼ਾਹ ਬਣੇ ਨੇ। ਨੁਕਤਾ ਸਮਝੋ ਇਥੇ ਕਿ ਗੁਰੂ ਮਹਾਰਾਜ ਕੀ ਕਹਿੰਦੇ ਨੇ? ਕਿਉਂਕਿ ਅਸੀਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੰਸਾਰ 'ਚ ਆਏ ਹਾਂ। ਰਾਹ ਨਹੀਂ ਸਾਨੂੰ ਕੋਈ ਲੱਭ ਰਿਹਾ। ਕੁਝ ਨਹੀਂ ਪਤਾ ਲਗ ਰਿਹਾ, ਗੁਆਚ ਗਏ ਜੰਗਲ ਵਿਚ। ਜੰਗਲ ਕਾਹਦਾ ਹੈ, ਕਿਤਾਬਾਂ ਦਾ ਜੰਗਲ ਹੈ। ਸਭ ਤੋਂ ਭੈੜਾ ਹੁੰਦੈ ਕਿਤਾਬਾਂ ਦਾ ਜੰਗਲ। ਬੇਅੰਤ ਬੰਦੇ ਨੇ ਲਿਖਣ ਵਾਲੇ, ਕੋਈ ਕੁਛ ਲਿਖਦੈ, ਕੋਈ ਕੁਛ ਲਿਖਦੈ। ਇਹ ਤਾਂ ਸ਼ੁਕਰ ਸਾਨੂੰ ਗੁਰੂ ਦੀ ਬਾਣੀ ਪ੍ਰਾਪਤ ਹੋ ਗਈ। ਜਿਹਦੇ ਵਿਚ ਕਿਤੇ ਵੀ ਕੋਈ ਗਲਤੀ ਨਹੀਂ ਹੈ। ਬੇਅੰਤ ਖਿਆਲਾਂ 'ਚ ਅਸੀਂ ਗੁਆਚ ਗਏ। ਦੁਨੀਆਂ ਦੀ ਦੌੜ ਵਿਚ ਗੁਆਚ ਗਏ। ਕੰਮ ਜਾਂਦਾ ਰਿਹਾ, ਬਣਦੇ-ਬਣਦੇ ਹੀ ਰਹਿ ਗਏ। ਐਨੇ ਨੂੰ ਸਮਾਂ ਪੂਰਾ ਹੋ ਗਿਆ। ਨਾ ਵਾਹਿਗੁਰੂ ਮਿਲਿਆ, ਨਾ ਕੋਈ ਕੰਮ ਸਿਰੇ ਚੜ੍ਹਿਆ। ਦੋ ਕੰਮ ਨਹੀਂ ਹੋਣੇ ਪਿਆਰਿਆ! ਇਕ ਹੋਣੈ, ਕੋਈ ਕਰ ਲੈ। ਦੂਜਾ ਜੇ ਤੂੰ ਚਾਹੁੰਦੈ –

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ੨ ॥ ਅੰਗ– ੬੫੭*

ਤੋੜ ਦੇ ਕੁਟੰਬ ਨਾਲੋਂ, ਤੋੜ ਦੇ ਰਿਸ਼ਤੇਦਾਰੀਆਂ ਨਾਲੋਂ, ਤੋੜ ਦੇ ਦੁਨੀਆਂ ਨਾਲੋਂ। ਇਕ ਨੂੰ ਰੱਖ ਲੈ। ਜੇ ਇਕ ਬਣ ਗਿਆ –

*ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦੁ॥*
*ਅੰਗ– ੯੫੭*

ਦੋ ਨਾ ਰੱਖ, ਦੋ ਨਾਲ ਕੰਮ ਤੇਰਾ ਚੱਲਣਾ ਨਹੀਂ ਹੈ। ਇਹਨਾਂ ਦੀਆਂ ਗੱਲਾਂ ਨਾ ਸੁਣ, ਬਹੁਤੇ ਪੜ੍ਹਿਆਂ ਲਿਖਿਆਂ ਦੀਆਂ ਕਿ ਦੁਨੀਆਂ ਵੀ ਰੱਖਣੀ ਹੈ ਤੇ ਵਾਹਿਗੁਰੂ ਦਾ ਪਾਸਾ ਵੀ ਰੱਖਣੈ। ਜਦੋਂ ਵਾਹਿਗੁਰੂ ਦਾ ਪਾਸਾ ਹੋ ਗਿਆ, ਦੁਨੀਆਂ ਆਪੇ ਹੀ ਰਹਿ ਗਈ। ਉਹਦੀ ਤਾਂ ਪਰਵਾਹ ਨਹੀਂ, ਪਿੱਛੇ ਲੱਗੀ ਫਿਰਦੀ ਹੈ ਦੁਨੀਆਂ। ਜਿਹਨੂੰ ਹਲਤ ਕਹਿੰਦੇ ਨੇ ਪਿੱਛੇ ਲੱਗਿਆ ਫਿਰਦੈ, ਪਲਤ ਨੂੰ ਸੰਵਾਰ ਲੈ। ਵਾਹਿਗੁਰੂ ਦਾ ਬਣ ਜਾ। ਜਦੋਂ ਉਹਦਾ ਬਣ ਗਿਆ, ਫੇਰ ਤੇਰੀ ਜਿੱਤ ਹੀ ਜਿੱਤ ਹੈ। ਤੇਰੀ ਕਿਤੇ ਹਾਰ ਨਹੀਂ ਹੋਏਗੀ। ਪੜ੍ਹੋ ਪਿਆਰ ਨਾਲ –

*ਧਾਰਨਾ – ਉਹ ਤਾਂ ਕਦੇ ਵੀ ਨਾ ਹਾਰਦਾ,*
*ਜਿਹਦੇ ਹੋ ਜਾਏ ਵਲ।*

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥ ਅੰਗ– ੫੧੯*

ਸ਼ਰਤ ਕੀ ਹੈ, ਪੂਰਨ ਸਮਰਪਣ। ਮੈਂ ਨੂੰ ਵੀ ਮਾਰ ਦੇਣਾ, ਮੁਰਦਾ ਹੋ ਜਾਣਾ। ਉਹਦੇ ਵਿਚ ਜਿਹੜੇ ਖਿਆਲ ਆਉਂਦੇ ਨੇ ਕਿ ਜੇ ਮੈਂ ਇਸ ਤਰ੍ਹਾਂ ਹੋ ਗਿਆ, ਤਾਂ ਇਹ ਹੋ ਜਾਏਗਾ। ਇਹ ਸਾਰੇ ਕੱਚੇ ਖਿਆਲ ਨੇ। ਮਹਾਰਾਜ ਕਹਿੰਦੇ, ਉਹਦਾ ਬਣ ਕੇ ਤਾਂ ਦੇਖ। ਜਦੋਂ ਤੇਰੇ ਵਿਚ ਕੁਛ ਨਾ ਰਿਹਾ, ਫੇਰ ਉਹ ਕੰਮ ਆਪ ਕਰਦਾ ਫਿਰਦੈ। ਆਪ ਆ ਕੇ ਕਬੀਰ ਦਾ ਯੱਗ ਕਰਦੈ। ਬੇਅੰਤ ਰੇਸ਼ਮ ਦੇ ਸਿਰੋਪੇ ਦੇ ਰਿਹੈ, ਮੋਹਰਾਂ ਦਾਨ ਦੇ ਰਿਹੈ। ਛਪਰੀ ਬਣਾਉਂਦਾ ਫਿਰਦੈ, ਨਾਮਦੇਵ ਦੀ। ਬੇਣੀ ਦੇ ਘਰ ਗੱਡੇ ਭਰ ਕੇ ਰਾਸ਼ਨ ਦੇ ਹੀ ਨਹੀਂ ਦਿਤੇ, ਇਕ ਨਿਗ੍ਹਾ ਕਰਕੇ ਮਹੱਲ ਉਸਾਰ ਦਿਤੇ। ਉਹਦੇ ਘਰੋਂ ਬੀਬੀ ਦੇਖ ਰਹੀ ਹੈ, ਉਹ ਮਹਿਲਾਂ 'ਚ ਗੁਆਚ ਗਈ। ਉਹਨੂੰ ਧਿਆਨ ਨਾ ਰਿਹਾ ਕਿ ਆਹ ਜਿਹੜਾ ਖੜ੍ਹਾ ਹੈ, ਉਹਦੀ ਨਿਗ੍ਹਾ 'ਚ ਐਡਾ ਕੁਛ ਹੋ ਰਿਹੈ। ਉਹਦੇ ਚਰਨ ਨਾ ਛੋਹ ਸਕੀ ਕਿਉਂਕਿ ਕਰਮ ਨਹੀਂ ਸੀ ਉਹਦਾ ਅਜੇ ਜਾਗਿਆ। ਕੋਲੋਂ ਰੱਬ ਲੰਘ ਗਿਆ। ਉਹ ਜਦੋਂ ਐਡਾ ਸੱਜਣ, ਐਡਾ ਮਿੱਤਰ ਹੈ ਪਿਆਰਿਓ, ਫੇਰ ਬੇਭਰੋਸਗੀ 'ਚ ਰਹਿਣਾ ਕਿ ਆਹ ਹੋਣਾ ਚਾਹੀਦਾ ਹੈ। ਗੁਆਚ ਜਾਂਦਾ ਹੈ ਬੰਦਾ। ਨਹੀਂ ਰਹਿੰਦਾ। ਗੁਰਬਾਣੀ ਨੂੰ ਫੜ ਲਓ, ਇਹਦੀ ਸ਼ਰਨ ਵਿਚ ਆ ਜਾਓ, ਜੇ ਬਚਣੈ। ਬਾਕੀ ਛੱਡ ਦਿਓ ਸਾਰੀਆਂ ਚੀਜ਼ਾਂ। ਕਿਸੇ ਲੇਖੇ ਵਿਚ ਨਹੀਂ।

ਇਥੇ ਇਕ ਬਾਦਸ਼ਾਹ ਆਇਆ। ਉਹਨੇ ਗੱਲ ਤਾਂ ਚੰਗੀ ਹੀ ਕੀਤੀ। ਪਰ ਉਹ ਸਾਨੂੰ ਬਹੁਤ ਬੁਰੀ ਲਗਦੀ ਹੈ ਕਿਉਂਕਿ ਅਸੀਂ ਬਹੁਤ ਕੁਛ ਜਾਨਣਾ ਚਾਹੁੰਦੇ ਹਾਂ। ਬਹੁਤ ਕੁਛ ਦੇਖਣਾ ਚਾਹੁੰਦੇ ਹਾਂ। ਉਹ

ਆਇਆ, ਟੈਕਸਲਾ ਦੀ ਲਾਇਬ੍ਰੇਰੀ 'ਚ ਜਾ ਵੜਿਆ। ਮਹਿਮੂਦ ਗਜ਼ਨਵੀ ਉਹਦਾ ਨਾਉਂ ਸੀ। ਉਥੇ ਕਿਤਾਬਾਂ ਹੀ ਕਿਤਾਬਾਂ ਹੱਥ ਲਿਖਤ ਪਈਆਂ ਸੀ। ਭਰੀ ਪਈ ਲਾਇਬ੍ਰੇਰੀ, ਉੱਚੀ ਲਾਇਬ੍ਰੇਰੀ। ਵੀਹ-ਵੀਹ, ਪੈਂਤੀ-ਪੈਂਤੀ ਫੁੱਟ ਦੀਆਂ ਕੰਧਾਂ, ਹੇਠਾਂ ਤੋਂ ਲੈ ਕੇ ਉਪਰ ਤਕ ਰੈਕ ਲੱਗੇ ਹੋਏ। ਹਥ ਲਿਖਤ ਕਿਤਾਬਾਂ ਨਾਲ ਭਰੀ ਪਈ ਬਹੁਤ ਵੱਡੀ। ਹੈਰਾਨ ਹੋ ਗਿਆ ਕਿ ਐਨੀਆਂ ਕਿਤਾਬਾਂ? ਕਹਿਣ ਲੱਗਿਆ, ਪ੍ਰਬੰਧਕਾਂ ਨੂੰ ਕਿ ਇਥੇ ਕੁਰਾਨ ਸ਼ਰੀਫ ਹੈ? ਕਹਿੰਦੇ, ਨਹੀਂ। ਕਹਿੰਦੇ ਜੇ ਨਹੀਂ ਹਨ ਤਾਂ ਇਹਨਾਂ ਨੂੰ ਜਾਲ ਦਿਓ, ਕਿਸੇ ਕੰਮ ਦੀਆਂ ਨਹੀਂ ਹਨ। ਅੱਗ ਲਗ ਗਈ, ਚਾਰ ਦਿਨ ਅੱਗ ਲੱਗੀ ਰਹੀ ਕਿਤਾਬਾਂ ਨੂੰ। ਮਥਰਾ ਵਾਲਿਆਂ ਨੂੰ ਪਤਾ ਲੱਗਿਆ ਕਿ ਜੇ ਕੁਰਾਨ ਸ਼ਰੀਫ ਨਾ ਹੋਵੇ ਤਾਂ ਇਹ ਕਿਤਾਬਾਂ ਜਲਾ ਦਿੰਦੈ। ਉਹਨਾਂ ਨੇ ਕੁਰਾਨ ਸ਼ਰੀਫ ਲਿਆ ਕੇ ਰਖ ਲਿਆ। ਕਹਿੰਦਾ, ਕਿਉਂ ਬਈ। ਐਨੀਆਂ ਕਿਤਾਬਾਂ ਇਕੱਠੀਆਂ ਕਰੀਆਂ ਨੇ ਕੀ ਕੁਰਾਨ ਸ਼ਰੀਫ ਵੀ ਹੈ ਇਥੇ? ਕਹਿੰਦੇ, ਹਾਂ ਮਹਾਰਾਜ। ਕੁਰਾਨ ਸ਼ਰੀਫ ਬੜੀ ਇੱਜ਼ਤ ਨਾਲ ਰਖਿਆ ਹੋਇਐ। ਕਹਿੰਦਾ, ਫੇਰ ਉਹਨੂੰ ਰਖ ਲਓ, ਬਾਕੀ ਜਾਲ ਦਿਓ। ਸਾਨੂੰ ਬੜਾ ਬੁਰਾ ਲਗਦੈ ਕਿ ਹੈਂ ਐਨੀ ਮਿਹਨਤ, ਐਨਾ ਲਿਖਿਆ ਹੋਇਆ। ਅਰ ਉਹਨੇ ਸਾਰਾ ਹੀ ਜਾਲ ਦਿਤਾ। ਬੜਾ ਮਾੜਾ ਬੰਦਾ ਸੀ ਉਹ, ਬੜਾ ਬੇਕਦਰ ਬੰਦਾ ਸੀ।

ਐਨੀਆਂ ਕਿਤਾਬਾਂ ਦੇ ਵਿਚ ਆਦਮੀ ਫਸ ਚੁਕਿਆ ਸੀ। ਨਿਰਣਾ ਨਹੀਂ ਸੀ ਕਰਦਾ। ਮਹਾਰਾਜ ਕਹਿੰਦੇ, ਪਿਆਰਿਓ! ਐਨੀਆਂ ਕੀ? ਐਨੀਆਂ ਲਾਇਬ੍ਰੇਰੀਆਂ ਹੋਰ ਲੈ ਲਓ। ਪਰ ਜੇ ਇਕ ਗੱਲ ਸਮਝ ਵਿਚ ਨਹੀਂ ਆਈ ਤਾਂ ਕਿਤਾਬਾਂ ਦਾ ਕੋਈ ਫਾਇਦਾ ਨਹੀਂ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਲੇਖੇ ਤੇਰੇ ਓ ਇਕ ਗੱਲ ਹੈ,*
*ਹੋਰ ਹਉਮੈ ਝੱਖਣਾ ਝਾਖ।*
*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥*

*ਅੰਗ- ੪੬੭*

ਪੜ੍ਹ ਗਿਆ ਲਾਇਬ੍ਰੇਰੀਆਂ। ਮਹਾਰਾਜ ਕਹਿੰਦੇ, ਇਕ ਗੱਲ ਤੇਰੀ ਸਮਝ 'ਚ ਆ ਗਈ। ਪਛਾਣੋ, ਪੁੱਛੋ ਗੁਰੂ ਸਾਹਿਬ ਨੂੰ ਕਿ ਉਹ ਕਿਹੜੀ ਗੱਲ ਹੈ ਜਿਹਦੇ ਉਤੇ ਸਾਰੀਆਂ ਪੜ੍ਹਾਈਆਂ ਕੁਰਬਾਨ ਕਰ ਦਿਤੀਆਂ। ਰੱਦ ਕਰ ਦਿਤੀਆਂ। ਉਹ ਕਹਿੰਦਾ ਸੀ ਕਿ ਜੇ ਕੁਰਾਨ ਸ਼ਰੀਫ ਸੀ ਤਾਂ ਬਾਕੀ ਕੀ ਕਰਨੈ। ਜੇ ਕੁਰਾਨ ਸ਼ਰੀਫ ਹੈ ਤਾਂ ਬਾਕੀ ਕਿਤਾਬਾਂ ਦੀ ਕੀ ਲੋੜ ਹੈ? ਦੋਹੀਂ ਪਾਸੀਂ ਇਕੋ ਹੀ ਗੱਲ ਸੀ। ਸੋ ਇਸ ਤਰ੍ਹਾਂ ਜੇ ਪ੍ਰਮੇਸ਼ਰ ਨਹੀਂ ਪਛਾਣਿਆ ਸਾਧਸੰਗਤ ਜੀ। ਪ੍ਰਮੇਸ਼ਰ ਨੂੰ ਰਖ ਲਓ ਬਾਕੀ ਦੀ ਲੋੜ ਨਹੀਂ। ਬਾਕੀ ਸਭ ਕੁਛ ਪਿੱਛੇ ਫਿਰੇਗਾ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ- ੬੪੯*

ਪਰ ਮਹਾਰਾਜ ਕਹਿੰਦੇ, ਇਹਦੀ ਵੀ ਲੋੜ ਨਹੀਂ, ਤੂੰ ਬਿਲਕੁਲ ਮੁਰਦਾ ਬਣ ਜਾ, ਜੇ ਸਿੱਖ ਬਣਨੈ। ਜੇ ਕੁਛ ਖੱਟਣੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਇਹ ਰਹਿਤ ਦਸ ਦਿਤੀ ਕਿ ਜੇ ਬਣਨਾ ਹੈ ਨਾ ਮੁਰੀਦ, ਸਿੱਖ ਬਣਨੈ ਤਾਂ ਆਹ ਰਹਿਤ ਹੈ।

ਬੜੀ ਸਖ਼ਤ ਰਹਿਤ ਹੈ। ਉਹ ਕਹਿੰਦੇ, ਸਖ਼ਤ ਰਹਿਤ ਨਾਲ ਹੀ ਤੂੰ ਜਾਏਂਗਾ। ਹੁਣ ਗਿਣਤੀਆਂ ਮਿਣਤੀਆਂ ਤਾਂ ਬਹੁਤ ਨੇ। ਐਵੇਂ ਹੀ ਰੌਲਾ ਤਾਂ ਅਸੀਂ ਪਾ ਦਿੰਦੇ ਹਾਂ ਕਿ ਅਸੀਂ ਦੋ ਕਰੋੜ ਸਿੱਖ ਹਾਂ। ਗਿਣਤੀਆਂ ਬਹੁਤ ਨੇ ਵੋਟਾਂ ਵਾਸਤੇ। ਕਿਤੇ ਹੋਰ ਹੀ ਪਾਸੇ ਨੂੰ ਤੁਰ ਪਏ। ਜਦੋਂ ਭਾਈ ਗੁਰਦਾਸ ਜੀ ਸਿੱਖਾਂ ਦੀ ਲਿਸਟ ਬਣਾਉਣ ਲੱਗੇ, ਗੁਰੂਆਂ ਦੇ ਸਮੇਂ ਦੀ। ਸ੍ਰੀ ਗੁਰੂ ਨਾਨਕ ਸਾਹਿਬ ਦਾ ਬੜੇ ਧਿਆਨ ਨਾਲ ਉਹਨਾਂ ਨੇ ਕਰਿਆ, 19 ਸਿੱਖ ਨਿਕਲੇ। ਪੜ੍ਹ ਲਿਓ ਉਹਨਾਂ ਦੀ ਵਾਰ ਜਿਹੜੀ ਹੈ ਕਿ ਗੁਰੂ ਦੂਸਰੇ ਪਾਤਸ਼ਾਹ ਦੇ ਕਿੰਨੇ ਸੀ, ਤੀਸਰੇ ਪਾਤਸ਼ਾਹ ਦੇ ਕਿੰਨੇ, ਚੌਥੇ ਅਤੇ ਪੰਜਵੇਂ ਪਾਤਸ਼ਾਹ ਦੇ ਕਿੰਨੇ ਸਿੱਖ ਸੀ। ਉਹ ਗਿਣਤੀ ਹੀ ਨਾ ਪੂਰੀ ਹੋਵੇ। ਉਹ ਸਿੱਖ ਸੀਗੇ, ਜਿਹਨਾਂ ਨੂੰ ਸਿੱਖ ਕਿਹਾ ਜਾਂਦੈ। ਬਾਕੀ ਠੀਕ ਹੈ,

ਨਾਮ ਧਰੀਕ ਸਿੱਖ ਲਿਖਿਆ ਹੋਇਐ। ਨਾਮ ਧਰੀਕ ਸੀਗੇ, ਕਹਾਉਂਦੇ ਸੀ ਸਿੱਖ ਲੇਕਿਨ ਜਿਹੜੇ ਪਰਵਾਨ ਹੋ ਗਏ ਸੀ, ਪਹੁੰਚ ਗਏ ਸੀ ਉਹਨਾਂ ਦੇ ਸਿੱਖ ਭਾਈ ਸਾਹਿਬ ਨੇ ਲਿਖ ਦਿਤੇ। ਉਹ ਕੋਈ ਸੁਖਾਲੀ ਚੀਜ਼ ਨਹੀਂ ਹੈ, ਬਹੁਤ ਔਖੀ ਚੀਜ਼ ਹੈ -

*ਧਾਰਨਾ - ਜਿਉਂਦੇ ਮਰ ਜਾਵਣਾ,*
*ਸਿੱਖੀ ਕਮਾਉਣੀ ਔਖੀ।*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥*
*ਅੰਗ- ੧੧੦੨*

ਪਹਿਲਾਂ ਮਰਨਾ ਕਬੂਲ ਕਰ ਲੈ। ਸਰੀਰ ਦਾ ਮਰਨਾ ਨਹੀਂ ਆਪਣਾ ਮਰਨਾ। ਤੈਨੂੰ ਪਤਾ ਹੀ ਨਹੀਂ ਤੂੰ ਕੌਣ ਹੈਂ। ਚਲ, ਜਿਥੇ ਤਕ ਤੂੰ ਸਮਝਦੈ, ਐਨਾ ਹੀ ਸਮਝ ਲੈ ਕਿ - ***'ਮਰਣਹਾਰੁ ਇਹੁ ਜੀਅਰਾ ਨਾਹੀ ॥' (ਅੰਗ-188)*** ਜਿਹੜਾ ਨਰਕਾਂ-ਸੁਰਗਾਂ ਨੂੰ ਜਾਂਦੈ ਉਹ ਮੈਂ ਹਾਂ। ਕਹਿੰਦੇ, ਇਹਨੂੰ ਵੀ ਕਬੂਲ ਕਰ ਲੈ। ਤਾਂ ਤੂੰ ਜਾ ਕੇ ਸਿੱਖੀ ਦਾ ਭੇਤ ਸਮਝੇਂਗਾ। ਫੇਰ ਤੈਨੂੰ ਪ੍ਰਾਪਤੀ ਹੋ ਜਾਏਗੀ ਪਿਆਰਿਆ! ਕਿਉਂ ਵਿਚ-ਵਿਚਾਲੇ ਸਮਾਂ ਬਰਬਾਦ ਕਰਦਾ ਫਿਰਦੈਂ। ਸਮੇਂ ਲੰਘ ਗਏ। 10 ਸਾਲ ਪਹਿਲਾਂ ਅੰਮ੍ਰਿਤ ਛਕਿਆ ਸੀ, ਕਿੱਥੇ ਕੁ ਪਹੁੰਚ ਗਿਆ। ਕਿੰਨੇ ਕਦਮ ਪੁੱਟੇ ਨੇ, ਕਿੰਨਾ ਮਨ ਵਿਸ਼ੇ-ਵਿਕਾਰਾਂ ਤੋਂ ਰੁਕਿਆ ਹੈ। ਜੇ ਬਾਹਰਲੇ ਪਾਸਿਓਂ ਰੁਕ ਗਿਆ, ਮਾਨਸਿਕ ਤੌਰ ਤੇ ਕਿੱਥੇ ਕੁ ਹੈ? ਅੰਦਰੋਂ ਜਿਥੇ ਤੈਨੂੰ ਕੋਈ ਨਹੀਂ ਦੇਖਦਾ, ਉਥੋਂ ਕਿੱਥੇ ਕੁ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਹਿਲਾਂ ਆਪਾਂ ਕਿਹਾ ਸੀ ਕਿ ਮਹਾਰਾਜ ਸਾਨੂੰ ਗੁਲਾਮ ਰੱਖ ਲਓ, ਬੜੀ ਵਧੀਆ ਚੀਜ਼ ਹੈ। ਮੇਰਾ ਹੱਕ ਕੋਈ ਨਾ ਹੋਵੇ। ਮਹਾਰਾਜ ਕਹਿੰਦੇ, ਤੇਰੇ ਅੰਦਰ ਰਹਿ ਜਾਣੈ, ਗੁੱਸਾ ਤੈਨੂੰ ਵੀ ਆਏਗਾ। ਬੇਰੁਖੀ ਤੇਰੇ ਮਨ ਵਿਚ ਵੀ ਪੈਦਾ ਹੋ ਜਾਏਗੀ। ਗੁਲਾਮ ਬਣਨ ਨਾਲ ਕੰਮ ਨਹੀਂ ਚਲਦਾ, ਮੁਰਦਾ ਬਣਨ ਨਾਲ ਕੰਮ ਚਲਦੈ। ਕਿਉਂਕਿ ਮੁਰਦਾ ਜਦ ਹੋ ਗਿਆ ਫੇਰ ਕੋਈ ਵਾਸ਼ਨਾ ਨਾ ਰਹੀ, ਮਰਿਆ ਹੋਇਆ ਜਾਣਦੇ ਹੀ ਹਾਂ ਆਪਾਂ। ਚਾਹੇ ਉਹਨੂੰ ਚੰਦਨ ਨਾਲ ਲੇਪ ਕਰ ਦਿਓ, ਚਾਹੇ ਵਿਸ਼ਟਾ ਮੂਤਰ ਲਾ ਦਿਓ। ਉਹਨੇ ਨਹੀਂ ਕੋਈ ਗੱਲ ਕਹਿਣੀ। ਬੜਾ ਔਖਾ ਹੈ ਸੰਸਾਰ ਵਿਚ ਰਹਿਣਾ ਤੇ ਸਿੱਖੀ ਧਾਰਨ ਕਰਨੀ। ਸੱਚਮੁੱਚ ਹੀ ਹੈ, ਮਹਾਰਾਜ ਦਾ ਜੋ ਫੁਰਮਾਨ - ***'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥'*** ਪਿਛਲੀ ਵਾਰੀ ਮੈਂ ਦਸਿਆ ਸੀ ਕਿ ਇਕ ਗੁਰਸਿੱਖ ਜੱਗਾ ਸਿੰਘ ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ 'ਚ ਬੇਨਤੀ ਕਰਦੈ ਕਿ ਮਹਾਰਾਜ! ਮੈਨੂੰ ਸਿੱਖ ਬਣਾ ਲਓ। ਮਹਾਰਾਜ ਕਹਿੰਦੇ, ਪਿਆਰਿਆ! ਸਿੱਖ ਬਣਨਾ ਬੜਾ ਔਖਾ ਹੈ। ਦੋ ਘੰਟੇ ਦੇ ਕਰੀਬ ਇਸ ਬਚਨ ਦੇ ਉਤੇ ਵਿਚਾਰ ਹੋਈ ਸੀ। ਫੇਰ ਬੇਨਤੀ ਕਰਦੈ ਕਿ ਮਹਾਰਾਜ ਮੈਨੂੰ ਸਿੱਖੀ ਦਾਨ ਦਿਓ। ਮਹਾਰਾਜ ਕਹਿੰਦੇ, ਤੂੰ ਵੀ ਕੁਛ ਦੇਹ, ਫੇਰ ਅਦਲਾ-ਬਦਲਾ ਕਰ ਲੈਂਦੇ ਹਾਂ। ਕੁਛ ਤੂੰ ਸਾਨੂੰ ਦੇ-ਦੇ, ਕੁਛ ਅਸੀਂ ਤੈਨੂੰ ਦੇ ਦਿੰਦੇ ਹਾਂ। ਜਿਹੜੀ ਚੀਜ਼ ਤੂੰ ਮੰਗਦੈਂ ਉਹ ਬਹੁਤ ਕੀਮਤੀ ਹੈ। ਤੇਰੇ ਕੋਲ ਇਕ ਵਾਧੂ ਚੀਜ਼ ਹੈ, ਜਿਹੜੀ ਤੈਨੂੰ ਕਰੋੜਾਂ ਜਨਮਾਂ ਤੋਂ ਨਰਕਾਂ ਸੁਰਗਾਂ ਦੇ ਵਿਚ ਘੁੰਮੇਟਣੀਆਂ ਦੇ ਰਹੀ ਹੈ। ਉਹ ਚੀਜ਼ ਤੈਨੂੰ ਬਹੁਤ ਦੁਖੀ ਕਰ ਰਹੀ ਹੈ। ਉਹ ਸਾਨੂੰ ਦੇ-ਦੇ ਅਸੀਂ ਤੈਨੂੰ ਪਰਮ ਸੁਖ ਦੇਣ ਵਾਲੀ, ਸਦਾ ਦਾ ਜੀਵਨ ਬਖਸ਼ਣ ਵਾਲੀ ਸਿੱਖੀ ਦੇ ਦਿੰਦੇ ਹਾਂ। ਸੌਦਾ ਹੋ ਗਿਆ। ਕਹਿੰਦਾ, ਮਹਾਰਾਜ! ਤੁਸੀਂ ਮੈਨੂੰ ਦਸ ਦਿਓ ਸਪੱਸ਼ਟ ਕਰਕੇ ਤੇ ਜੋ ਕੁਛ ਵੀ ਮੇਰੇ ਕੋਲ ਹੈ ਮੈਂ ਸਾਰਾ ਦੇਣ ਨੂੰ ਤਿਆਰ ਹਾਂ। ਪਰ ਮੈਨੂੰ ਸਿੱਖੀ ਦੇ ਦਿਓ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤੇਰੇ ਕੋਲ ਮਨ ਹੈ, ਤੇਰੇ ਕੋਲ ਬੁੱਧੀ ਹੈ, ਤੇਰੇ ਕੋਲ ਚਿੱਤ ਹੈ, ਤੇਰੇ ਕੋਲ ਮੈਂ ਭਾਵ ਹੈ, ਇਹਨੂੰ ਮਨ ਵੀ ਕਹਿ ਦਿੰਦੇ ਨੇ। ਕਿਤੇ ਮਨ ਜੀਵ ਨੂੰ ਵੀ ਕਿਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਕਿਤੇ ਮਨ ਜੇ ਅਸੀਂ ਵੱਖਰਾ-ਵੱਖਰਾ ਕਰਕੇ ਕਹੀਏ ਤਾਂ ਸੰਕਲਪ ਤੇ ਵਿਕਲਪ ਕਰਨ ਵਾਲੀ ਜੋ ਸਾਡੇ ਅੰਦਰ ਲੱਗੀ ਹੋਈ ਹੈ, ਮਸ਼ੀਨ ਉਹਨੂੰ ਵੀ ਮਨ ਕਿਹੈ। ਕਹਿੰਦੇ, ਆਹ ਜਿਹੜੀ ਤੇਰੇ ਕੋਲ ਚੀਜ਼ ਹੈ ਨਾ, ਇਹ ਸਾਨੂੰ ਦੇ-ਦੇ। ਉਹਦੇ ਬਦਲੇ ਅਸੀਂ ਤੈਨੂੰ ਸਿੱਖੀ ਦਾਨ ਦੇਵਾਂਗੇ-

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ- ੨੮੬*

ਜਿਹਨੇ ਮਨ ਵੇਚ ਦਿਤਾ, ਗੁਰੂ ਨਾਲ ਸੌਦਾ ਕਰ ਲਿਆ ਮਨ ਦਾ। ਉਹਦੇ ਸਾਰੇ ਕਾਰਜ, ਦੁਨੀਆਂਦਾਰੀ ਦੇ ਇਥੇ ਮਹਾਰਾਜ ਜ਼ਿਕਰ ਨਹੀਂ ਕਰਦੇ ਕਿਉਂਕਿ ਦੁਨੀਆਂ ਤਾਂ ਫਨਾਹ ਹੈ, ਛੱਡ ਜਾਣੀ ਹੈ। ਕੋਈ ਵੀ ਸੰਸਾਰ 'ਤੇ ਨਹੀਂ ਰਿਹਾ, ਜਦੋਂ ਤੋਂ ਸੰਸਾਰ ਬਣਿਆ ਹੈ-

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩ ॥*
*ਅੰਗ- ੧੩੮੧*

ਨਾ ਖਿਆਲ ਹੀ ਨਹੀਂ ਆਉਂਦਾ। ਖਿਆਲ ਨਾ ਆਉਣ ਕਰਕੇ ਗੱਲ ਨਹੀਂ ਬਣਦੀ। ਮਾਇਆ, ਮੋਹ 'ਚ ਫਸੇ ਹੋਏ ਹਾਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸ੍ਰੀ ਕਰਤਾਰਪੁਰ ਨਿਵਾਸ ਰਖਦੇ ਨੇ। ਨੇੜੇ ਦਾ ਇਕ ਪ੍ਰੇਮੀ ਅੰਮ੍ਰਿਤ ਵੇਲੇ ਆਸਾ ਕੀ ਵਾਰ ਵਿਚ ਆਉਂਦੈ। ਸ਼ਾਮ ਦਾ ਦੀਵਾਨ ਹੈ। ਮਹਾਰਾਜ ਬਚਨ ਕਰਦੇ ਨੇ। ਸਾਰਿਆਂ ਤੋਂ ਪਿਛੋਂ ਜਾਂਦੈ। ਉਮਰ 8 ਸਾਲ ਦੀ ਹੈ। ਮਹਾਰਾਜ ਕਹਿੰਦੇ, ਭਾਈ ਬਾਲਾ! ਆਹ ਬੱਚੇ ਵਲ ਧਿਆਨ ਦੇਈਂ ਜਦੋਂ ਇਹ ਜਾਵੇ ਅੱਜ ਆਸਾ ਕੀ ਵਾਰ ਤੋਂ ਬਾਅਦ, ਇਹਨੂੰ ਸਾਡੇ ਕੋਲ ਲਿਆਈਂ। ਹੁਕਮ ਦੀ ਤਾਮੀਲ ਹੋਈ। ਮਹਾਰਾਜ ਜੀ ਦੇ ਪੇਸ਼ ਕੀਤਾ। ਮਹਾਰਾਜ ਜੀ ਕਹਿਣ ਲੱਗੇ, ਬੇਟਾ! ਤੇਰੀ ਉਮਰ ਬੜੀ ਛੋਟੀ ਹੈ। ਕਿੰਨੇ ਸਾਲ ਦਾ ਹੈਂ? ਕਹਿੰਦਾ, ਮਹਾਰਾਜ! ਸਰੀਰ ਅੱਠ ਸਾਲ ਦਾ ਹੈ। ਬੋਲਣ ਦਾ ਤਰੀਕਾ, ਗੱਲ ਸਮਝਣ ਦਾ ਤਰੀਕਾ ਮਹਾਰਾਜ ਨੇ ਦੇਖ ਕੇ, ਦੇਖ ਲਿਆ ਕਿ ਪਿਛਲੇ ਜਨਮਾਂ ਦਾ ਵਲੀ ਹੈ, ਸੰਸਕਾਰ ਬਹੁਤ ਉੱਤਮ ਨੇ ਇਸਦੇ। ਅਵਤਾਰੀ ਪੁਰਸ਼ ਹੈ ਇਹ। ਕਹਿੰਦੇ, ਬੇਟਾ! ਅਜੇ ਤਾਂ ਤੇਰੀ ਉਮਰ ਖਾਣ ਪੀਣ ਦੀ ਹੈ। ਜਿਹੜੇ ਬਿਰਧ ਨੇ ਉਹ ਵੀ ਨੇਮ ਦੇ ਨਾਲ ਸਤਿਸੰਗ 'ਚ ਨਹੀਂ ਆਉਂਦੇ, ਤੂੰ ਤਾਂ ਕਿੰਨਿਆਂ ਮਹੀਨਿਆਂ ਤੋਂ ਸਤਿਸੰਗ 'ਚ ਆਉਂਦੈ। ਕਿੰਨੀ ਦੇਰ ਦਾ ਸਤਿਸੰਗ ਹੋ ਰਿਹੈ ਇਥੇ। ਕੀ ਗੱਲ ਇਹ ਤੈਨੂੰ ਵੈਰਾਗ ਕਿਸ ਚੀਜ਼ ਨੇ ਲਾ ਦਿਤਾ? ਜਦੋਂ ਤਕ ਅੰਦਰ ਵੈਰਾਗ ਨਾ ਹੋਵੇ, ਸਤਿਸੰਗ ਨਾਲ ਪਿਆਰ ਨਹੀਂ ਹੋਇਆ ਕਰਦਾ। ਆਦਮੀ ਉਪਰ-ਉਪਰ ਰਹਿੰਦੈ, ਫਿੱਕਾ-ਫਿੱਕਾ ਰਹਿੰਦੈ। ਖਿੱਚ ਨਹੀਂ ਮਨ ਵਿਚ ਹੋਇਆ ਕਰਦੀ। ਜਿਉਂ-ਜਿਉਂ ਵੈਰਾਗ ਵਧਦੈ, ਤਿਉਂ-ਤਿਉਂ ਖਿੱਚ ਵੀ ਵਧ ਜਾਂਦੀ ਹੈ।

ਕਹਿਣ ਲੱਗਿਆ, ਪਾਤਸ਼ਾਹ! ਆਪ ਦੇ ਸਤਿਸੰਗ ਸੁਣਦੇ ਹੋਏ, ਰੋਜ਼ ਮੈਂ ਆਪ ਦੇ ਬਚਨ ਸੁਣਦਾ ਸੀ ਤੇ ਉਹਨਾਂ ਬਚਨਾਂ ਦੇ ਅੰਦਰ ਆਪ ਦਾ ਜੋ ਉਪਦੇਸ਼ ਸੀ, ਉਹ ਇਹ ਹੁੰਦਾ ਕਿ ਬਹੁਤ ਮੁਸ਼ਕਲ ਦੇ ਨਾਲ ਮਾਨਸ ਜਨਮ ਪ੍ਰਾਪਤ ਹੋਇਆ ਹੈ। ਇਹ ਹੋਇਆ ਇਸ ਕਰਕੇ ਹੈ ਕਿਉਂਕਿ ਪ੍ਰਮੇਸ਼ਰ ਨੂੰ ਮਿਲਣਾ ਹੈ। ਕਿਉਂਕਿ ਘੁੰਮਦਿਆਂ ਨੂੰ ਯੁੱਗ ਬੀਤ ਗਏ, ਸਮੇਂ ਬੀਤ ਗਏ। ਇਹ ਜੀਵ ਗੇੜੇ ਖਾਂਦੈ। ਨਾ ਕੋਈ ਕਹਿ ਸਕਦੈ ਕਿ ਖਰਬ ਸਾਲ ਲੰਘ ਗਿਆ, ਨਾ ਕੋਈ ਕਹਿ ਸਕਦੈ ਕਿ ਕਰੋੜ ਖਰਬ ਸਾਲ ਲੰਘ ਗਿਆ। ਪਾਤਸ਼ਾਹ! ਮੈਨੂੰ ਬੜਾ ਫਿਕਰ ਹੋਇਆ ਸੁਣ ਕੇ ਕਿ ਪ੍ਰਮੇਸ਼ਰ ਨੂੰ ਮਿਲਦੇ ਨਹੀਂ ਤੇ ਗੇੜੇ ਖਾਈ ਜਾਂਦੇ ਹਾਂ। ਇਸ ਕਰਕੇ ਮੇਰੇ ਮਨ ਵਿਚ ਇਹ ਵੈਰਾਗ ਹੋ ਗਿਆ।

ਮਹਾਰਾਜ ਕਹਿੰਦੇ, ਬੇਟਾ! ਅਜੇ ਤਾਂ ਤੇਰੀ ਉਮਰ ਛੋਟੀ ਹੈ, ਵੱਡਾ ਹੋ ਕੇ ਲਗ ਜਾਂਦਾ, ਇਹ ਤੈਨੂੰ ਕਿਵੇਂ ਸੋਝੀ ਹੋ ਗਈ?

ਸੱਚੇ ਪਾਤਸ਼ਾਹ! ਮਾਤਾ ਨੂੰ ਮੈਂ ਕਿਹਾ ਕਿ ਮਾਤਾ! ਮੈਂ ਸਤਿਸੰਗ 'ਤੇ ਜਾਣੈ। ਪ੍ਰਸ਼ਾਦਾ ਮੈਨੂੰ ਛੇਤੀ ਲਾਹ ਦੇ। ਕਹਿੰਦੀ, ਬੇਟਾ! ਮੈਂ ਆਟਾ ਗੁੰਨ ਲੈਂਦੀ ਹਾਂ, ਤੂੰ ਲੱਕੜਾਂ ਜਲਾ ਲੈ। ਸੱਚੇ ਪਾਤਸ਼ਾਹ! ਮੈਂ ਲੱਕੜਾਂ ਪਾ ਕੇ ਚੁੱਲ੍ਹੇ 'ਚ ਜਾਲਣ ਲੱਗਿਆ। ਉਸ ਵੇਲੇ ਮੇਰੇ ਤੋਂ ਅੱਗ ਨਾ ਮੱਚੀ, ਮੈਂ ਫੂਕਾਂ ਮਾਰ-ਮਾਰ ਕੇ ਥੱਕ ਗਿਆ। ਸਿਰ ਮੇਰਾ ਜਿਹੜਾ ਸੀ ਉਹ ਘੁੰਮਣਾ ਸ਼ੁਰੂ ਹੋ ਗਿਆ। ਮਾਂ ਨੇ ਆਟਾ ਗੁੰਨ ਕੇ ਮੇਰੇ ਵਲ ਧਿਆਨ ਦਿਤਾ। ਕਹਿੰਦੀ ਬੇਟਾ! ਅੱਗ ਨਹੀਂ ਮਚਾਈ ਤੂੰ, ਧੂੰਆਂ-ਧਾਰ ਕਰਿਆ ਪਿਐ ਚੁੱਲ੍ਹੇ 'ਚ।

ਕਹਿੰਦਾ, ਮਾਤਾ! ਅੱਗ ਜਲਦੀ ਨਹੀਂ ਹੈ।

ਕਹਿੰਦੀ, ਬੇਟਾ! ਤੇਰਾ ਤਰੀਕਾ ਗਲਤ ਹੈ, ਅੱਗ ਇਸ ਤਰ੍ਹਾਂ ਨਹੀਂ ਜਲਿਆ ਕਰਦੀ। ਪਹਿਲਾਂ ਨਿੱਕੇ ਡੱਕੇ ਪਾਈਦੇ ਨੇ, ਫੇਰ ਉਹਨਾਂ 'ਤੇ ਉਸ ਤੋਂ ਮੋਟੇ ਡੱਕੇ ਪਾਈਦੇ ਨੇ, ਫੇਰ ਹਲਕੀਆਂ-ਹਲਕੀਆਂ ਲੱਕੜਾਂ ਦੇਈਦੀਆਂ ਨੇ। ਫੇਰ ਅੱਗ ਲਗਿਆ ਕਰਦੀ ਹੈ, ਭਾਰੀਆਂ ਲੱਕੜਾਂ ਨੂੰ ਫੇਰ ਅੱਗ ਲੱਗਿਆ ਕਰਦੀ ਹੈ।

ਮਾਤਾ ਨੇ ਤਾਂ ਪਾਤਸ਼ਾਹ ਐਨੀ ਕੁ ਗੱਲ ਕਹਿ ਦਿਤੀ। ਪਰ ਮੇਰੇ ਅੰਦਰ ਆਪ ਦੇ ਬਚਨਾਂ ਦਾ ਇਕ ਨਜ਼ਾਰਾ ਘੁੰਮਣ ਲਗ ਗਿਆ ਤੇ ਮੇਰੇ ਅੰਦਰ ਧਿਆਨ ਆਇਆ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ - ੨੫੪*

ਪਾਤਸ਼ਾਹ! ਛੋਟੀਆਂ ਲੱਕੜਾਂ ਦੇ ਥਾਂ ਮੈਂ ਆਪਣੇ ਆਪ ਨੂੰ ਦੇਖਿਆ ਕਿ ਛੋਟੀਆਂ ਨੂੰ ਪਹਿਲਾਂ ਅੱਗ ਲਗਦੀ ਹੈ। ਤੁਹਾਡਾ ਬਚਨ ਯਾਦ ਆ ਗਿਆ ਕਿ ਕੋਈ ਨਹੀਂ ਜਾਣਦਾ ਕਿ ਕਿਹੜੇ ਵੇਲੇ ਜਮਾਂ ਦਾ ਫੰਧਾ

ਗਲ 'ਚ ਪੈ ਜਾਵੇ। ਇਕ ਸਕਿੰਟ ਪਹਿਲਾਂ ਨਹੀਂ ਪਤਾ ਹੋਇਆ ਕਰਦਾ। ਕਾਲ ਨਾਲ ਲੱਗਿਆ ਫਿਰਦੈ, ਕੋਲ ਫਿਰਦੈ। ਲੇਕਿਨ ਪਤਾ ਨਹੀਂ ਲਗਦਾ। ਇਕ ਸਕਿੰਟ ਨਹੀਂ ਪਹਿਲਾਂ ਪਤਾ ਲਗਦਾ। ਮਸਤ ਹਾਂ ਅਸੀਂ ਆਪਣੇ ਕੰਮਾਂ 'ਚ, ਆਪਣੀਆਂ ਗੱਲਾਂ 'ਚ। ਲੇਕਿਨ ਓਧਰਲੇ ਪਾਸੇ ਕਾਲ ਦਾ ਗੁਲੇਲਾ ਲਗ ਜਾਂਦੈ –

*ਧਾਰਨਾ – ਤੇਰੇ ਕਾਲ ਨੇ ਗੁਲੇਲਾ ਮਾਰਨੈ,*
*ਚੋਗਾ ਚੁਗਦੇ ਦੇ।*

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*
*ਅੰਗ– ੬੩੧*

ਇਕ ਸਕਿੰਟ ਪਹਿਲਾਂ ਆਦਮੀ ਨੂੰ ਪਤਾ ਨਹੀਂ ਹੁੰਦਾ ਕਿਉਂਕਿ ਕਾਲ ਜਿਹੜਾ ਹੈ, ਇਸ ਤਰ੍ਹਾਂ ਸਮਝ ਲਓ ਮਸ਼ੀਨ ਗਨ ਭਰੀ ਫਿਰਦੈ। ਉਹਨੇ ਚਲਾਈ ਜਾਣੀ ਹੈ, ਕਿਹਦੇ ਲਗਦੀ ਹੈ, ਕਿਹਦੇ ਨਹੀਂ ਲਗਦੀ ਉਹਨੂੰ ਕੋਈ ਪਰਵਾਹ ਨਹੀਂ। ਬੱਚੇ ਦੇ ਲੱਗੇ, ਬੁੱਢੇ ਦੇ ਲੱਗੀ, ਜਵਾਨ ਦੇ ਲੱਗੇ। ਸਾਰਿਆਂ ਨੂੰ ਛੱਡ ਕੇ ਇਕੱਲਾ ਚਲਿਆ ਗਿਆ। ਇਹੋ ਜਿਹਾ ਨਾ ਕੋਈ ਤਰਸ ਹੈ, ਨਾ ਹੋਰ ਕੋਈ ਬਾਤ ਹੈ।

ਕੱਲ੍ਹ ਮੈਂ ਰੋਪੜ ਜਾਂਦਾ ਸੀ। ਕੁਰਾਲੀ ਤੋਂ ਲੰਘ ਕੇ 5–7 ਕਿਲੋਮੀਟਰ ਅੱਗੇ ਜਾ ਕੇ ਕੀ ਦੇਖਿਆ ਦੋ ਬੱਸਾਂ ਬੁਰੀ ਤਰ੍ਹਾਂ ਦੇ ਨਾਲ ਟੁੱਟੀਆਂ ਪਈਆਂ ਨੇ। ਇਕ ਜੀਪ ਤੇ ਦੋ ਬੱਸਾਂ। ਇਕ ਸਕਿੰਟ ਪਹਿਲਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਆਹ ਭਾਣਾ ਵਰਤ ਜਾਣੈ। ਕਿੰਨੇ ਬੰਦੇ ਮਰ ਗਏ, ਕਿੰਨੇ ਜ਼ਖਮੀ ਹੋ ਗਏ। ਉਹਨੂੰ ਦੇਖ ਕੇ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਕੋਈ ਵੀ ਨਹੀਂ ਬਚਿਆ ਹੋਣਾ। ਪੂਰੀ ਤਰ੍ਹਾਂ ਟੁੱਟ ਗਈਆਂ। ਇਕ ਸਕਿੰਟ ਪਹਿਲਾਂ ਨਹੀਂ ਸੀ ਪਤਾ। ਸੋ ਜਿਹੜੀ ਚੀਜ਼ ਰੁਕਦੀ ਨਹੀਂ ਹੈ, ਉਹਨੂੰ ਆਦਮੀ ਭੁਲਾ ਕੇ ਰੱਖੇ ਫੇਰ ਤਾਂ ਬੜੀ ਮੂਰਖਤਾ ਹੈ। ਇਸੇ ਕਰਕੇ ਸਾਨੂੰ ਰੂਹਾਨੀ ਵੈਰਾਗ ਨਹੀਂ ਹੁੰਦਾ।

ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਨੂੰ ਪੁਛਿਆ, ਪਾਤਸ਼ਾਹ! ਇਹ ਸਾਰੀਆਂ ਗੱਲਾਂ ਜਾਣਦੈ, ਗਿਆਨੀ ਬੜਾ ਹੈ, ਅਰਥ ਬੜੇ ਜਾਣਦਾ ਹੈ। ਲੈਕਚਰ ਬੜੇ ਕਰ ਸਕਦਾ ਹੈ, ਪੜ੍ਹਿਆ ਲਿਖਿਆ ਬਹੁਤ ਹੈ ਤੇ ਫੇਰ ਵਜ੍ਹਾ ਕੀ ਹੈ, ਇਹ ਪ੍ਰਮੇਸ਼ਰ ਦਾ ਭਜਨ ਕਿਉਂ ਨਹੀਂ ਕਰਦਾ? ਮਹਾਰਾਜ ਕਹਿੰਦੇ, ਇੱਕੋ ਹੀ ਕਾਰਨ ਹੈ ਕਿ ਇਹਨੇ ਸੰਸਾਰ ਤੋਂ ਜਾਣਾ ਮੰਨਿਆ ਨਹੀਂ ਹੈ। ਨਾ ਇਹ ਮੰਨਦੈ ਕਿ ਮੈਂ ਜਾਣਾ ਕਿੱਥੇ ਹੈ? ਨਹੀਂ ਤਾਂ ਫਿਕਰ ਪੈ ਜਾਂਦੈ ਆਦਮੀ ਨੂੰ ਕਿ ਜਾਣਾ ਹੈ। ਉਥੇ ਤਾਂ ਕੋਈ ਵੀ ਨਹੀਂ ਇਹੋ ਜਿਹਾ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ– ੨੬੪*

ਉਹ ਪੜ੍ਹਦੇ ਹੀ ਜਾਂਦੇ ਹਾਂ, ਪੜ੍ਹਦੇ ਹੀ ਜਾਂਦੇ ਹਾਂ। ਜੀ ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰ ਲਏ, ਮੈਂ ਦਸ ਕਰ ਲਏ। ਮੈਂ ਸਵਾ ਸੌ ਪਾਠ ਕਰਕੇ ਹਟਿਆ ਹਾਂ। ਪਰ ਕੁਛ ਅੰਦਰ ਵੀ ਵਸਿਐ ਤੇਰੇ? ਆਦਮੀ ਕੰਬ ਜਾਂਦੈ ਇਹ ਦੇਖ ਕੇ ਕਿ ਨਾ ਮਾਂ, ਨਾ ਪਿਓ, ਨਾ ਮਿੱਤਰ, ਨਾ ਕੋਈ ਦੋਸਤ; ਮੈਂ ਇਕੱਲੇ ਨੇ ਜਾਣੈ? ਵਾਕਫ ਹੀ ਕੋਈ ਨਹੀਂ ਹੋਣਾ। ਫੇਰ ਕਹਿੰਦੇ, ਉਥੇ ਸਹੂਲਤ ਵੀ ਕੋਈ ਨਹੀਂ –

*ਜਿਹ ਪੈਡੈ ਮਹਾ ਅੰਧ ਗੁਬਾਰਾ ॥ ਅੰਗ– ੨੬੪*

ਹਨ੍ਹੇਰ ਪਿਐ, ਰੋਸ਼ਨੀ ਨਹੀਂ ਹੈ ਉਥੇ। ਫਿਕਰ ਨਹੀਂ ਇਸ ਦੇ ਮਨ ਵਿਚ ਹੁੰਦਾ, ਇਹਨਾਂ ਚੀਜ਼ਾਂ ਨੂੰ ਸੁਣ ਕੇ। ਮਹਾਰਾਜ ਕਹਿੰਦੇ, ਪਿਆਸ ਬੜੀ ਲਗਣੀ ਹੈ ਉਥੇ, ਔਖਾ ਹੋ ਜਾਏਂਗਾ। ਭੁੱਖਾ ਮਰ ਜਾਏਂਗਾ, ਗਰਮੀ ਬੇਅੰਤ ਹੈ। ਇਸ ਜੀਵ ਦੇ ਉਤੇ ਅਸਰ ਨਹੀਂ ਹੁੰਦਾ। ਕਾਰਨ ਮਹਾਰਾਜ ਦਸਦੇ ਨੇ –

*ਧਾਰਨਾ – ਨਹੀਂਓਂ ਮਰਨ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥*
*੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*੨ ॥ ੧ ॥ ਅੰਗ – ੭੨੬*

ਸ੍ਰੀ ਗੁਰੂ ਨਾਨਕ ਪਾਤਸ਼ਾਹ ਸਿਆਲਕੋਟ 'ਚ ਚਲੇ ਜਾਂਦੇ ਨੇ। ਉਥੇ ਇਕ ਪੀਰ ਹਮਜ਼ਾਗੌਂਸ਼ ਨਾਮ ਦਾ ਚਿਲ੍ਹੇ ਵਿਚ ਬੈਠਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਭੇਜਿਆ ਕਿ ਮਰਦਾਨਿਆਂ! ਔਹ ਸਾਮ੍ਹਣੇ ਗੁੰਬਦ ਹੈ। ਉਹਦੇ 'ਚ ਇਕ ਪੀਰ ਗੁੱਸੇ 'ਚ ਆਇਆ ਹੋਇਆ ਚਿਲ੍ਹਾ ਕੱਟ ਰਿਹੈ। ਜਾਹ ਉਹਨੂੰ ਆਵਾਜ਼ ਦੇ ਕੇ ਸਾਡੇ ਕੋਲ ਬੁਲਾ ਲਿਆ। ਜਲ ਰਿਹੈ, ਭਖ ਰਿਹੈ ਤੇ ਉਹਨੂੰ ਕੁਝ ਸ਼ਾਂਤੀ ਦੇਈਏ।

ਮਰਦਾਨਾ ਜਾਂਦੈ ਤਾਂ ਉਹਦੇ ਮੁਰੀਦ ਕਹਿਣ ਲੱਗੇ, ਭਾਈ ਮਰਦਾਨਾ! ਸਾਡਾ ਪੀਰ ਤੇਰੇ ਗੁਰੂ ਨਾਲੋਂ ਘੱਟ ਨਹੀਂ, ਕਿਉਂ ਜਾਵੇ ਉਹ। ਫੇਰ ਦੂਸਰਾ ਉਹ ਚਿਲ੍ਹੇ ਵਿਚ ਬੈਠਾ ਹੈ ਤੇ ਅੱਜ 25 ਦਿਨ ਹੋਏ ਨੇ। 15

ਦਿਨ ਤਕ ਸ੍ਰੀ ਗੁਰੂ ਨਾਨਕ ਜੀ ਨੂੰ ਕਹਿ ਦੇ, ਇੰਤਜ਼ਾਰ ਕਰ ਲੈਣ। ਮਰਦਾਨਾ ਵਾਪਸ ਆ ਗਿਆ। ਮਹਾਰਾਜ ਕਹਿੰਦੇ, ਮਰਦਾਨਿਆ! ਇਕ ਵਾਰੀ ਫੇਰ ਜਾਹ। ਦੁਬਾਰਾ ਫੇਰ ਗਿਆ। ਫੇਰ ਬੇਨਤੀ ਕਰੀ ਕਿ ਪਿਆਰਿਓ! ਸ੍ਰੀ ਗੁਰੂ ਨਾਨਕ ਦੇਵ ਜੀ ਬੇਅੰਤ ਪੀਰਾਂ-ਫਕੀਰਾਂ ਨੂੰ ਮਿਲ ਚੁਕੇ ਨੇ। ਉਹ ਸਾਰੇ ਪੀਰ, ਇਥੋਂ ਤਕ ਕਿ ਕਾਹਬਾ ਸ਼ਰੀਫ ਦੇ ਜਿਹੜੇ ਮਜ਼ਾਰ ਨੇ, ਉਹ ਵੀ ਇਹਨਾਂ ਦੀ ਇੱਜ਼ਤ ਕਰਦੇ ਨੇ, ਸਤਿਕਾਰ ਨਾਲ ਇਹਨਾਂ ਦੇ ਚਰਨਾਂ 'ਤੇ ਸਿਜਦਾ ਕੀਤਾ ਹੈ, ਕੋਈ ਭੇਤ ਹੈ, ਤੁਸੀਂ ਕਹਿ ਦਿਓ ਆਪਣੇ ਪੀਰ ਨੂੰ। ਬੁਰੀ ਬਾਤ ਨਹੀਂ ਮੈਂ ਕਹਿ ਰਿਹਾ। ਕਹਿੰਦੇ, ਅਸੀਂ ਪੀਰ ਪ੍ਰਸਤ ਹਾਂ। ਜਿਵੇਂ ਤੂੰ ਗੁਰੂ ਪ੍ਰਸਤ ਹੈਂ, ਇਵੇਂ ਅਸੀਂ ਪੀਰ ਪ੍ਰਸਤ ਹਾਂ। ਸਾਨੂੰ ਵੀ ਆਪਣੇ ਪੀਰ ਦਾ ਧਿਆਨ ਹੈ। ਅਸੀਂ ਨਹੀਂ ਕਹਿਣਾ।

ਤੀਸਰੀ ਵਾਰ ਮਹਾਰਾਜ ਨੇ ਫੇਰ ਭੇਜਿਆ ਕਹਿੰਦੇ, ਮਰਦਾਨਿਆ! ਜਾਹ, ਜਾ ਕੇ ਫੇਰ ਕਹਿ ਦੇ। ਨਾਲ ਇਸ ਤਰ੍ਹਾਂ ਕਹਿ ਦੇਈ, ਹੁਣ ਤਾਂ ਆ ਜਾਵੇ ਚੰਗੀ ਗੱਲ ਹੈ, ਆਉਣਾ ਉਹਨੂੰ ਪੈਣਾ ਹੈ। 12 ਵਜੇ ਆ ਜਾਏਗਾ ਫੇਰ। ਫੇਰ ਨਾਲੇ ਅਫਸੋਸ ਕਰੇਗਾ, ਨਾਲੇ ਆਵੇਗਾ, ਨਾਲੇ ਤੁਹਾਨੂੰ ਬੁਰਾ ਭਲਾ ਕਹੇਗਾ। ਚੰਗਾ ਹੈ ਜੇ ਹੁਣ ਵੀ ਹਾਕ ਮਾਰ ਦਿਓ।

ਉਹ ਕਹਿੰਦੇ, ਜਿਹੜੀ ਤੈਨੂੰ ਇਕ ਵਾਰੀ ਗੱਲ ਕਹਿ ਦਿਤੀ, ਕਹਿ ਦਿਤੀ। ਤੂੰ ਬਾਰ-ਬਾਰ ਕਹੀ ਜਾਂਦੈ, ਬੜਾ ਢੀਠ ਬੰਦੈ। ਤੂੰ ਦਸਦਾ ਨਹੀਂ ਉਹਨਾਂ ਨੂੰ ਜਾ ਕੇ?

ਭਾਈ ਮਰਦਾਨਾ ਕਹਿਣ ਲੱਗਿਆ, ਮੈਂ ਤਾਂ ਹੁਕਮ ਦਾ ਬੰਨ੍ਹਿਆਂ ਹੋਇਆ ਹਾਂ ਪਿਆਰਿਓ! ਹੁਕਮੀ ਬੰਦਾ ਹਾਂ। ਜਿਹੜਾ ਕੁਛ ਤੁਹਾਡਾ ਜੀਅ ਕਰਦਾ ਹੈ ਕਹਿ ਲਓ। ਪਰ ਤੁਹਾਡਾ ਪੀਰ 12 ਵਜੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਆਪੇ ਹੀ ਪਹੁੰਚ ਜਾਏਗਾ। ਸਾਰਾ ਸ਼ਹਿਰ ਸਹਿਮਿਆ ਪਿਐ ਕਿ ਪੀਰ ਨੇ ਸ਼ਹਿਰ ਗ਼ਰਕ ਕਰ ਦੇਣੈ। ਪੰਦਰਾਂ ਦਿਨ ਉਹਦਾ ਚਿਲ੍ਹਾ ਬਾਕੀ ਬਚਦੈ। ਇਕ ਦਮ ਖਬਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਪਹੁੰਚ ਗਈ ਕਿ ਆ ਗਿਆ, ਰੱਖਣ ਵਾਲਾ ਸ਼ਹਿਰ ਨੂੰ। ਉਸ ਵੇਲੇ ਹੁੰਮਾ-ਹੁੰਮਾ ਕੇ ਸਾਰੇ ਦੇ ਸਾਰੇ ਜੋ ਉਥੇ ਦੇ ਵਸਨੀਕ ਸੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਵਲ ਨੂੰ ਚੱਲ ਪਏ। ਬੇਰੀ ਦੇ ਹੇਠ ਸ੍ਰੀ ਗੁਰੂ ਨਾਨਕ ਪਾਤਸ਼ਾਹ ਬੈਠੇ ਨੇ। ਉਥੇ ਪਹੁੰਚ ਜਾਂਦੇ ਨੇ। ਨਮਸ਼ਕਾਰਾਂ ਕਰਦੇ ਨੇ, ਬਹੁਤ ਰੋਂਦੇ ਨੇ ਕਿ ਮਹਾਰਾਜ ਸਾਡਾ ਕਸੂਰ ਕੋਈ ਨਹੀਂ। ਅਸੀਂ ਕੀ ਕਰਿਐ ਕਿ ਪੀਰ ਸ਼ਹਿਰ ਨੂੰ ਗਰਕ ਕਰਨ ਲਗਿਐ। ਕਿਉਂਕਿ ਐਸੀਆਂ ਸ਼ਕਤੀਆਂ ਆਮ ਹੋਇਆ ਕਰਦੀਆਂ ਨੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਇਹਨਾਂ ਸ਼ਕਤੀਆਂ ਤੋਂ ਵਰਜਿਆ ਹੈ ਕਿਉਂਕਿ ਮੁਰਦੇ ਜੋ ਹੋਏ। ਮੁਰਦੇ ਦਾ ਕੰਮ ਨਹੀਂ ਹੈ ਸ਼ਕਤੀਆਂ ਦਿਖਾਉਣਾ। ਸੋ ਇਸ ਕਰਕੇ 12 ਵਜੇ ਮਹਾਰਾਜ ਦੇ ਮੁਖ 'ਚੋਂ ਨਿਕਲ ਚੁਕਿਆ ਸੀ। ਧੁੱਪ ਘੜੀ ਦੇਖਣ ਲਗ ਗਏ। ਖੜ੍ਹੇ ਹੋ-ਹੋ ਦੇਖਦੇ ਨੇ। ਅੰਗੂਠੇ 'ਤੇ ਛਾਂ ਆ ਗਈ ਕਿ ਨਹੀਂ ਆ ਗਈ। ਕਿਉਂਕਿ ਆਹੀ ਤਰੀਕਾ ਹੁੰਦੈ। ਸਿੱਧਾ ਆਦਮੀ ਖੜ੍ਹੈ। ਸਹੀ ਕੱਦ ਜਿਹਦਾ ਹੋਵੇ। ਉਹ ਬਿਲਕੁਲ ਹੇਠਾਂ ਕਰਕੇ ਦੇਖੇ, ਜੇ ਸੂਰਜ ਦੀ ਧੁੱਪ ਅੰਗੂਠੇ ਨਾਲ ਲਗ ਗਈ ਸਮਝ ਲਓ, 12 ਵਜ ਗਏ। ਅੱਧਾ ਦਿਨ ਲੰਘ ਗਿਆ। ਇਸ ਤਰ੍ਹਾਂ ਦੇ ਨਾਲ ਦੇਖਦੇ ਨੇ ਕਿ ਹੁਣ ਵਜੇ 12, ਹੁਣ ਵਜੇ। ਅਵਾਜ਼ ਆਈ ਗੜ੍ਹਗੜਾਹਟ ਦੀ ਜਿਵੇਂ ਬਹੁਤ ਵੱਡਾ ਖੜਕਾ ਆਇਆ ਹੁੰਦੈ। ਹਫੜਾ-ਦਫੜੀ ਮਚ ਗਈ ਉਥੇ। ਪੀਰ ਇਕ ਦਮ ਬਾਹਰ ਆ ਗਿਆ। ਗੁੰਬਦ ਫਟ ਗਿਆ ਖਰਬੂਜੇ ਵਾਂਗਣ ਜਿਵੇਂ ਖਰਬੂਜੇ ਦੀਆਂ ਫਾੜੀਆਂ ਬਾਹਰ ਨੂੰ ਹੋ ਜਾਣ। ਇਕ ਦਮ ਬਾਹਰ ਨੂੰ ਹੋ ਗਿਆ। ਸੂਰਜ ਦੀ ਲੋਅ ਪੈ ਗਈ। ਸੂਰਜ ਉਹਨੇ ਕਿਹਾ ਸੀ ਤਾਂ ਦੇਖਣੈ ਜਦੋਂ ਸ਼ਹਿਰ ਗਰਕ ਹੋ ਜਾਏਗਾ। ਚਿਲ੍ਹਾ ਟੁੱਟ ਗਿਆ। ਬਾਹਰ ਆ ਗਿਆ। ਘਬਰਾਇਆ ਹੋਇਆ ਬਹੁਤ ਹੈ। ਮੁਰੀਦਾਂ ਨੂੰ ਕਹਿਣ ਲੱਗਿਆ ਕਿ ਕੋਈ ਆਇਆ ਸੀ ਇਥੇ? ਨੀਵੀਆਂ ਪਾਈ ਖੜ੍ਹੇ ਨੇ। ਕਹਿੰਦਾ, ਬੋਲਦੇ ਕਿਉਂ ਨਹੀਂ?

ਉਹ ਕਹਿੰਦੇ, ਮਹਾਰਾਜ! ਸ੍ਰੀ ਗੁਰੂ ਨਾਨਕ ਦੇਵ ਜੀ ਆਏ ਹੋਏ ਨੇ। ਉਹਨਾਂ ਦਾ ਬੰਦਾ ਭਾਈ ਮਰਦਾਨਾ ਤਿੰਨ ਵਾਰੀ ਆਇਆ ਸੀ।

ਕੀ ਕਹਿੰਦਾ ਸੀ?

ਕਹਿੰਦਾ, ਤੁਹਾਨੂੰ ਬੁਲਾਇਆ ਸੀ। ਜਾਂਦਾ ਹੋਇਆ ਕਹਿ ਗਿਆ ਕਿ 12 ਵਜੇ ਫੇਰ ਆਪੇ ਆਏਗਾ।

ਕਹਿੰਦਾ, ਮੇਰੀ ਬੇਇੱਜ਼ਤੀ ਕਰਾ ਕੇ ਹੀ ਤੁਹਾਨੂੰ ਮੱਤ ਆਈ ਨਾ ਕੁਝ। ਤੁਸੀਂ ਮੈਨੂੰ ਪਹਿਲਾਂ ਹੀ ਅਵਾਜ਼ ਮਾਰ ਦਿੰਦੇ। ਐਡੇ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਹੋਣ ਤੇ ਮੈਂ ਬੈਠਾ ਰਹਿੰਦਾ। ਮੈਂ ਉਹਨਾਂ ਦਾ

ਨਾਉਂ ਸੁਣ ਕੇ ਹੀ ਚਲੇ ਜਾਣਾ ਸੀ। ਚਲੋ ਮੈਨੂੰ ਲੈ ਕੇ ਚੱਲੋ। ਥੱਕਿਆ ਹੋਇਆ ਸੀ, ਭੁੱਖਾ ਸੀ, ਖਾਧਾ ਕੁਛ ਨਹੀਂ ਸੀ 25 ਦਿਨ ਤੋਂ। ਜੌਂ ਦੇ ਆਸਰੇ ਵਰਤ ਰਖ ਰਿਹੈ। ਪਹਿਲਾਂ ਵੀਹ ਦਿਨ ਦੇ ਵਿਚ 20 ਦਾਣੇ ਖਾ ਕੇ, ਦੂਜੇ ਦਿਨ 19, ਤੀਜੇ ਦਿਨ 18, ਇਸ ਤਰ੍ਹਾਂ ਘਟਾਉਂਦੇ-ਘਟਾਉਂਦੇ ਵੀਹਵੇਂ ਦਿਨ ਇਕ ਦਾਣੇ 'ਤੇ ਆ ਜਾਂਦੇ ਸੀ। 21ਵੇਂ ਦਿਨ ਦੋ 'ਤੇ, ਇਵੇਂ ਜਿਵੇਂ ਵਧਦੇ-ਵਧਦੇ ਵੀਹ ਦਾਣਿਆਂ 'ਤੇ ਆ ਜਾਂਦੇ ਸੀ। ਚਿਲ੍ਹਾ ਕੱਟ ਹੋ ਜਾਂਦਾ ਸੀ, 42 ਦਿਨਾਂ ਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਕੋਲ ਆ ਗਿਆ। ਮਹਾਰਾਜ ਨੇ ਆਦਰ ਨਾਲ ਬਿਠਾ ਲਿਆ। ਕਹਿੰਦੇ, ਪੀਰ ਜੀ! ਕਰੇ ਗੀਗਾ ਤੇ ਭਰੇ ਬੀਬਾ? ਇਹ ਕੀ ਗੱਲ ਤੁਸੀਂ ਕਰੀ ਹੈ? ਕਿਉਂ ਸ਼ਹਿਰ ਨੂੰ ਗਰਕ ਕਰਨ ਲਗ ਗਏ। ਭਲੇ ਬੰਦੇ ਵੀ ਹੁੰਦੇ ਨੇ ਹਰ ਥਾਂ ਦੇ ਉਤੇ। ਜੇ ਬੁਰੇ ਨੇ ਬੁਰਿਆਂ ਨਾਲ ਭਲੇ ਵੀ ਨੇ। ਭਲਿਆਂ ਦੇ ਪ੍ਰਤਾਪ ਦੇ ਨਾਲ, ਸ਼ਹਿਰ ਵਸ ਜਾਇਆ ਕਰਦੈ। ਐਨਾ ਕਹਿਰ ਨਹੀਂ ਸੀ ਕਰਨਾ। ਦਰਵੇਸ਼ ਦਾ ਕਹਿਰ ਜਿਹੜਾ ਹੈ ਉਹ ਆਪਣੀ ਜਾਨ ਦੇ ਉਤੇ, ਉਹ ਠੀਕ ਨਹੀਂ ਹੁੰਦਾ ਝੱਲਣਾ-

ਕਹਿੰਦਾ, ਮਹਾਰਾਜ! ਇਹ ਤਾਂ ਝੂਠਿਆਂ ਦਾ ਸ਼ਹਿਰ ਹੈ। ਕਹਿੰਦੇ, ਗੱਲ ਕੀ ਹੋਈ?

ਮਹਾਰਾਜ! ਇਥੇ ਗੀਗਾ ਖੱਤਰੀ ਹੈ, ਉਸ ਦੇ ਉਲਾਦ ਨਹੀਂ ਸੀ ਹੁੰਦੀ। ਅਸੀਂ ਕਿਹਾ ਕਿ ਉਲਾਦ ਹੋ ਜਾਏਗੀ, ਪਹਿਲਾ ਫਲ ਸਾਨੂੰ ਦੇ ਦੇਈਂ। ਬੱਚਾ ਹੋ ਗਿਆ ਤੇ ਸਾਨੂੰ ਨਹੀਂ ਦਿਤਾ। ਕਹਿੰਦਾ, ਇਹ ਤਾਂ ਮਨ ਨੂੰ ਮੋਂਹਦਾ ਹੈ। ਇਹ ਤਾਂ ਦੇ ਦਿਓ ਸਾਨੂੰ, ਜਿਹੜਾ ਦੂਜਾ ਹੋਏਗਾ, ਅਸੀਂ ਉਹਦਾ ਚਿਹਰਾ ਨਹੀਂ ਦੇਖਾਂਗੇ। ਉਹ ਤੁਹਾਨੂੰ ਦੇ ਦੇਵਾਂਗੇ। ਦੂਜਾ ਹੋ ਗਿਆ। ਉਸ ਤੋਂ ਵੀ ਮੁਕਰ ਗਏ। ਤੀਜਾ ਹੋ ਗਿਆ, ਫੇਰ ਮੁਕਰ ਗਏ। ਚੌਥਾ ਹੋ ਗਿਆ, ਸਾਫ ਜਵਾਬ ਦੇ ਦਿਤਾ ਕਿ ਤੇਰਾ ਮਜ਼੍ਹਬ ਹੋਰ, ਸਾਡਾ ਮਜ਼੍ਹਬ ਹੋਰ। ਬੱਚਾ ਨਹੀਂ ਦੇਣਾ।

ਮਹਾਰਾਜ! ਝੂਠਾ ਬੰਦਾ ਜੇ ਪੀਰਾਂ ਫ਼ਕੀਰਾਂ ਦੀ ਬੇਇੱਜ਼ਤੀ ਕਰਨ ਲਗ ਜਾਵੇ ਤਾਂ ਫੇਰ ਤਾਂ ਇਹ ਲੋਕ ਬਹੁਤ ਚਾਮ੍ਹਲ ਜਾਣਗੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਨਹੀਂ ਪੀਰ ਜੀ! ਪੀਰ ਦਾ ਕੰਮ ਫੇਰ ਵੀ ਸਬਰ ਵਿਚ ਰਹਿਣਾ ਹੁੰਦੈ। ਇਹ ਗਲਤੀਆਂ ਕਰਦੇ ਨੇ, ਭੁੱਲੜ ਨੇ, ਆਪਣਾ ਕੰਮ ਨਹੀਂ ਇਹਨਾਂ ਨੂੰ ਪੈਰ-ਪੈਰ 'ਤੇ ਸਜ਼ਾ ਦੇਣਾ। ਪਹਿਲਾਂ ਵੀ ਸ਼ਹਿਰ ਗਰਕ ਹੋਇਆ ਸੀ?

ਕਹਿੰਦਾ, ਹਾਂ ਮਹਾਰਾਜ। ਜਦੋਂ ਪੂਰਨ ਦੇ ਹੱਥ ਵੱਢੇ ਨੇ, ਉਸ ਵੇਲੇ ਹੋਇਆ ਸੀ।

ਕਹਿੰਦੇ, ਸ਼ਹਿਰ 'ਚ ਕੋਈ ਤਾਂ ਚੰਗਾ ਹੋਏਗਾ?

ਕਹਿੰਦਾ, ਨਾ ਮਹਾਰਾਜ! ਸਾਰਾ ਸ਼ਹਿਰ ਝੂਠਿਆਂ ਦਾ ਹੈ।

ਕਹਿੰਦੇ, ਕਿਵੇਂ ਪਤੈ?

ਕਹਿੰਦਾ, ਇਕ ਵੀ ਬੰਦਾ ਨਹੀਂ ਆਇਆ ਜਿਹਨੇ ਹਾਅ ਦਾ ਨਾਅਰਾ ਮਾਰਿਆ ਹੋਵੇ ਜਾਂ ਇਨਸਾਫ ਕਰਾਉਣ ਵਾਲਾ। ਐਸੇ ਝੂਠੇ ਰਖਣੇ ਨਹੀਂ ਚਾਹੀਦੇ, ਗਰਕ ਹੋ ਜਾਣੇ ਚਾਹੀਦੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਆਪਾਂ ਹੁਣ ਪਤਾ ਕਰ ਲੈਂਦੇ ਹਾਂ। ਸੋਨੇ ਦਾ ਟਕਾ ਕਿਸੇ ਨੇ ਚਾੜ੍ਹਿਆ। ਕਹਿੰਦੇ, ਮਰਦਾਨਿਆਂ! ਆਹ ਲੈ ਜਾ। ਇਕ ਪੈਸੇ ਦਾ ਸੱਚ ਲਿਆ ਖਰੀਦ ਕੇ, ਇਕ ਦਾ ਝੂਠ ਲਿਆ।

ਹੱਟੀ-ਹੱਟੀ ਤੁਰਿਆ ਫਿਰਦੈ ਮਰਦਾਨਾ। ਅਜੀਬ ਸੌਦਾ ਹੈ। ਦੇਣ ਵਾਲਾ ਕੋਈ ਨਹੀਂ। ਅਖੀਰ ਇਕ 22 ਸਾਲ ਦਾ ਨੌਜਵਾਨ ਉਹਨੇ ਸੁਣਿਆ ਕਹਿੰਦਾ, ਆ ਭਾਈ! ਮੈਂ ਤੈਨੂੰ ਸੌਦਾ ਦਿੰਦਾ ਹਾਂ।

ਦੋ ਪੁੜੀਆਂ ਉਹਦੇ ਹੱਥ 'ਚ ਫੜਾ ਦਿਤੀਆਂ ਲਿਖ ਕੇ, ਕਹਿੰਦਾ, ਲੈ ਜਾ।

ਜਾ ਕੇ ਮਰਦਾਨੇ ਨੇ ਕਿਹਾ, ਪੀਰ ਜੀ! ਤੁਸੀਂ ਖੋਲ੍ਹੋ ਆਪਣੇ ਹੱਥ ਨਾਲ। ਉਥੇ ਲਿਖਿਆ ਹੋਇਆ ਸੀ ਕਿ ਮਰਨਾ ਸੱਚ, ਜਿਉਣਾ ਝੂਠ। ਕਹਿੰਦੇ, ਜਿਸ ਸ਼ਹਿਰ ਦੇ ਅੰਦਰ ਇਕ ਵੀ ਬੰਦਾ ਹੈ, ਜਿਹਨੂੰ ਮਰਨਾ ਯਾਦ ਹੈ। ਉਹਦੀ ਬਦੌਲਤ ਸ਼ਹਿਰ ਵਸਦਾ ਰਹਿੰਦੈ। ਕਿਉਂਕਿ ਉਹਦੀ ਸੁਰਤੀ ਪ੍ਰਮੇਸ਼ਰ ਨਾਲ ਜੁੜਦੀ ਹੈ। ਵੈਰਾਗੀ ਬੰਦੇ ਦੀ। ਸੋ ਇਹ ਤਾਂ ਸ਼ਹਿਰ ਝੂਠਾ ਨਹੀਂ ਹੈ। ਇਕ ਬੰਦਾ ਇਹਦੇ ਵਿਚ ਸੱਚ ਤੇ ਝੂਠ ਦੀ ਪਛਾਣ ਕਰਨ ਵਾਲਾ ਹੈ। ਉਹਦੀ ਬਦੌਲਤ ਇਹ ਸ਼ਹਿਰ ਵਸਦਾ ਰਹਿਣ ਦੇ।

ਸੋ ਇਸ ਤਰ੍ਹਾਂ ਜਿਹੜੀ ਸਤਿ ਬਾਤ ਹੈ ਉਸ ਨੂੰ ਅਸੀਂ ਅਸਤਿ ਕਰਕੇ ਜਾਣਦੇ ਹਾਂ। ਸੰਸਾਰ ਤੋਂ ਅਸੀਂ ਚਲੇ ਜਾਣੈ। ਰਹਿਣਾ ਨਹੀਂ ਹੈ ਕਿਸੇ ਨੇ।

*'ਚਲਦਾ...............।'*

# ਸਾਵਣੁ ਤਿਨਾ ਸੁਹਾਗਣੀ.....॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥*
*ਜਿਨੀ ਸਖੀਏ ਪ੍ਰਭੁ ਪਾਇਆ*
*ਹੰਉ ਤਿਨ ਕੈ ਸਦ ਬਲਿਹਾਰ ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥*
*ਅੰਗ - ੧੩੪*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰਮੁਖ ਹੋਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰਦੇ ਹੋਏ ਮੁਖ ਤੋਂ ਉਚਾਰਨ ਕਰੀਏ - ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਕ੍ਰਿਪਾ ਹੈ ਸਾਨੂੰ ਸਾਰਿਆਂ ਨੂੰ ਅੱਜ ਸਾਵਣਿ ਦੀ ਸੰਗਰਾਂਦ, ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਨਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਅੰਮ੍ਰਿਤ ਵੇਲੇ ਤੋਂ ਹੀ ਰੋਜ਼ਾਨਾ ਨਿਤਨੇਮ ਅਨੁਸਾਰ ਸਵਾਸ ਰਾਹੀਂ ਅਭਿਆਸ, ਜੋ ਮਹਾਂਪੁਰਸ਼ਾਂ ਨੇ ਜੁਗਤ ਦਰਸਾਈ ਉਸ ਦੇ ਅਨੁਸਾਰ ਨਿੱਤ ਇਹ ਹੋ ਰਿਹਾ ਹੈ। ਜਗਿਆਸੂ ਜਨ ਆਪੋ ਆਪਣੀ ਅਵਸਥਾ ਦੇ ਮੁਤਾਬਿਕ ਕੋਈ ਬੈਖਰੀ ਬਾਣੀ ਦੇ ਵਿਚ, ਕੋਈ ਮਧਮਾ ਦੇ ਵਿਚ, ਕੋਈ ਪਸੰਤੀ ਬਾਣੀ 'ਚ, ਕੋਈ ਪਰਾ ਬਾਣੀ 'ਚ, ਅੱਗੇ ਫੇਰ ਹੋਰ ਅਵਸਥਾਵਾਂ ਹਨ, ਆਗਿਆ ਚੱਕਰ ਵਿਚ। ਤ੍ਰਿਕੁਟੀ ਵਿਚ, ਦਸਮ ਦਵਾਰ ਵਿਚ-

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ - ੯੪੧*

ਕਿੰਨੀਆਂ ਅਵਸਥਾਵਾਂ ਨੇ। ਸਤਿਪੁਰਸ਼ਾਂ ਨੇ ਮਿਡਲ ਕਲਾਸ ਦਾ ਨਾਮ ਜੋ ਜੁਗਤ ਹੁੰਦੀ ਹੈ ਕਿਉਂਕਿ ਨਾਮ ਤਾਂ ਅੰਦਰ ਹੈ, ਇਹਦੇ ਨਾਂ ਰੱਖ ਦਿਤੇ ਗਏ ਹਨ। ਪਰ ਜੋ ਨਾਮ ਹੈ ਉਹੀ ਸਾਰਿਆਂ ਦਾ ਅਧਾਰ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- ੨੮੪*

ਸਾਰਿਆਂ ਨੇ ਹੀ ਧਾਰਨ ਕੀਤਾ ਹੋਇਆ ਹੈ। ਕੋਈ ਵੀ ਐਸਾ ਨਹੀਂ ਜਿਸਨੇ ਨਾਮ ਨਾ ਧਾਰਨ ਕੀਤਾ ਹੋਵੇ। ਨਾਮ ਤੋਂ ਹੀ ਇਹ ਪਸਾਰਾ ਹੋਇਆ ਹੈ। ਉਸ ਤਕ ਪਹੁੰਚਣ ਵਾਸਤੇ ਅਨੁਭਵੀ ਸਤਿਪੁਰਸ਼ਾਂ ਨੇ, ਗੁਰੂ, ਪੀਰਾਂ ਨੇ ਜੋ ਗੁਰਬਾਣੀ ਦੇ ਵਿਚ ਸੇਧਾਂ ਦਿਤੀਆਂ ਹਨ। ਉਸ ਤੋਂ ਪਤਾ ਲਗਦਾ ਹੈ ਕਿ ਕਿਵੇਂ ਉਸ ਅਵਸਥਾ ਤਕ ਪਹੁੰਚਣਾ ਹੈ -

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥*
*ਅੰਗ - ੨੯੫*

ਸੋ ਮਨ ਨੂੰ ਮਨਾਉਣਾ ਹੈ। ਮਨ ਖੁਟਰ ਹੈ। ਇਹਦਾ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਇਸ ਨੂੰ ਬਾਰ-ਬਾਰ ਪਰਚਾਉਣਾ ਪੈਂਦਾ ਹੈ-

*ਪੂਜਾ ਅਕਾਲ ਕੀ। ਪਰਚਾ ਸ਼ਬਦ ਕਾ।*
*ਦੀਦਾਰ ਖਾਲਸੇ ਕਾ।*

ਇਹ ਰੱਖਣਾ ਹੁੰਦਾ ਹੈ। ਮਨ ਦਾ ਹੀ ਸਾਰਾ ਕੰਮ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਮਨ ਦੌੜਦਾ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ - ੧੨੫੩*

ਪਰ ਸ਼ਾਂਤੀ ਨਾਮ ਦੇ ਵਿਚ ਹੈ। ਨਾਮ ਦੇ ਵਿਚ ਸਥਿਤੀ ਹੋਣੀ, ਨਾਮ ਦੇ ਵਿਚ ਨਿਵਾਸ ਹੋਣਾ, ਉਹ ਪਰਮ ਸ਼ਾਂਤੀ ਦਾ ਨਾਮ ਹੈ, ਅਨੰਦ ਹੈ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*
*ਅੰਗ- ੯੧੭*

***'ਸਾਵਣਿ ਸਰਸੀ ਕਾਮਣੀ'*** ਉਹ ਕਾਮਣੀ, ਜੀਵ ਰੂਪ ਇਸਤ੍ਰੀ ਕਿਵੇਂ ਸਿਸਕਦੀ ਹੈ। ਬਾਰਿਸ਼ ਪੈ ਰਹੀ ਹੈ, ਧਰਤੀ ਅਕਾਸ਼ ਮਉਲ ਰਿਹਾ ਹੈ। ਪੰਜਾਬ ਦੇ ਵਿਚ ਹਰ ਦੋ ਮਹੀਨੇ ਬਾਅਦ ਰੁੱਤ ਬਦਲ ਜਾਂਦੀ ਹੈ-

*ਸੂਰਜੁ ਏਕੋ ਰੁਤਿ ਅਨੇਕ ॥ ਅੰਗ - ੧੨*

ਬਾਰ੍ਹਾਂ ਰਾਸ਼ੀਆ, ਨੌਂ ਗ੍ਰਹਿ ਹਨ। 12 ਨੂੰ 9 ਨਾਲ ਮਲਟੀਪਲਾਈ ਕਰੋ ਇਕ 108 ਹੋ ਜਾਂਦਾ ਹੈ। 108 ਮਣਕੇ ਦੀ ਮਾਲਾ ਹੈ ਤਾਂ ਜੋ ਕਿ ਇਹ ਫੇਰ ਲਓ ਗ੍ਰਹਿਾਂ ਦਾ ਅਸਰ ਨਹੀਂ ਹੁੰਦਾ। ਸਗਨ ਅਪਸਗਨ ਤਾਂ ਉਹਨਾਂ ਨੂੰ ਲਗਦੇ ਹਨ ਜਿਹੜੇ ਨਾਮ ਨਹੀਂ ਜਪਦੇ-

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥*
*ਅੰਗ - ੫੨੨*

ਸੁੰਨੀ ਦੇਹੀ ਕਿਹੋ ਜਿਹੀ ਹੈ? ***'ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥'*** ਜਿਹੜਾ ਚਰਨਾਂ ਦੇ ਨਾਲ ਪਿਆਰ ਹੈ ਉਹ ਕਿਹੋ ਜਿਹੀ ਉਹ ਰੂਹ ਹੈ? ਕਿਹੋ ਜਿਹੀ ਉਹ ਜੀਵ ਇਸਤ੍ਰੀ ਹੈ? ਇਹ ਸਭ ਆਤਮਾ ਦੇ ਹੀ ਨਾਮ ਹਨ। ਪਰ ਉਹ ਤਾਂ ਹੀ ਹੈ ਜੇ ਉਹਦਾ ਗੁਰੂ ਚਰਨਾਂ ਦੇ ਨਾਲ ਪਿਆਰ ਹੈ। ਗੁਰੂ ਪੂਰਨਮਾ ਦਾ ਦਿਨ ਨਿਯਤ ਕੀਤਾ ਹੈ ਕਿ ਗੁਰੂ ਚਰਨਾਂ 'ਚ ਪਹੁੰਚੋ, ਸਭ ਕੰਮ ਛੱਡ ਦਿਓ। ਇਹ ਨਹੀਂ ਕਿ ਕੰਮਾਂ ਨੂੰ ਪਹਿਲ ਦਿਓ। ਅੰਮ੍ਰਿਤ ਵੇਲੇ, ਉਸ ਸਮੇਂ ਕਿਹੜਾ ਕੰਮ ਹੈ, ਉਸ ਵੇਲੇ ਵੀ ਬੰਦਾ ਨਾਮ ਨਹੀਂ ਜਪਦਾ, ਆਲਸ ਦੇ ਅਧੀਨ ਹੋ ਜਾਂਦਾ ਹੈ -

*ਅਪਨੇ ਕਾਜ ਕਉ ਕਿਉ ਅਲਕਾਈਐ ॥*
*ਜਿਤੁ ਸਿਮਰਨਿ ਦਰਗਹ ਮੁਖੁ ਊਜਲ*
*ਸਦਾ ਸਦਾ ਸੁਖੁ ਪਾਈਐ ॥ ਅੰਗ - ੬੨੯*

ਆਲਸ ਕਿਉਂ ਆਉਂਦੀ ਹੈ ਕਿਉਂਕਿ ਅਸੀਂ ਇਸ ਨੂੰ ਪਹਿਲ ਨਹੀਂ ਦਿੰਦੇ। ਹੋਰ ਕੰਮਾਂ ਨੂੰ ਤਾਂ ਦੇ ਦਿੰਦੇ ਹਾਂ। ਫਲਾਈਟ ਹੋਵੇ ਜਾਂ ਡਿਊਟੀ 'ਤੇ ਜਾਣਾ ਹੋਵੇ, ਕਦੇ ਲੇਟ ਨਹੀਂ ਹੁੰਦੇ ਕਿਉਂਕਿ ਪਤਾ ਹੁੰਦੈ, ਜਾਣਾ ਜ਼ਰੂਰੀ ਹੈ। ਪਰ ਇਸ ਗੱਲ ਦਾ ਪਤਾ ਨਹੀਂ ਕਿ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

***'ਚਰਨ ਕਮਲ ਸਿਉ ਪਿਆਰੁ'*** ਇਹਦੀ ਇੰਨੀ ਮੌਜ ਹੈ ਕਿ ਇਹ ਦੱਸਣ ਜਾਂ ਸੁਣਨ ਵਿਚ ਨਹੀਂ ਆ ਸਕਦਾ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

ਕਿਹੋ ਜਿਹੀ ਮੌਜ ਹੈ? ਜੋ ਕਹਿਣ ਵਿਚ ਨਹੀਂ ਆਉਂਦੀ ਹੈ। ਕਿਉਂਕਿ ਐਸਾ ਸੱਚਾ ਮਾਰਗ ਹੈ -

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅੰਗ - ੧੩੬*

ਕਿਹੋ ਜਿਹਾ ਪਿਆਰੇ ਦਾ ਪਿਆਰਾ ਦਰ ਹੈ। ਉਹਨਾਂ ਦਾ ਬਚਨ ਹੈ ਪਿਆਰਿਓ ਰਤਵਾੜਾ ਸਾਹਿਬ ਆਉਣਾ ਨਾ ਛੱਡਿਓ ਪਰ ਮਾਇਆ ਭੁੱਲ ਦਾ ਨਾਮ ਹੈ। ਪਤਾ ਨਹੀਂ ਲਗਦਾ ਕਿ ਕਦੋਂ ਕਿਸ 'ਤੇ ਪੈ ਜਾਵੇ। ਕੋਈ ਇਸ ਦਾ ਮਾਣ ਨਹੀਂ। ਸਮਾਂ ਨਾਮ ਤਬਦੀਲੀ ਦਾ ਹੈ। ਸਮਾਂ ਬਹੁਤ ਰੰਗ ਦਿਖਾਉਂਦਾ ਹੈ। ਗੁਰੂ ਨੂੰ ਮਨਾਉਣਾ। ਗੁਰੂ ਪੇਪਰ ਪਾਉਂਦਾ ਹੈ। ਇਹ ਤਾਂ ਭਾਈ ਮੰਝ ਜੀ ਨੇ ਕ੍ਰਿਪਾ ਕਰਵਾ ਦਿਤੀ ਨਹੀਂ ਤਾਂ ਭਾਈ ਮੰਝ ਜੀ ਉਪਰ ਕਿਹੋ ਜਿਹੇ ਇਮਤਿਹਾਨ ਪਏ। ਉਹਨਾਂ ਨੇ ਕਿਹਾ ਕਿ ਪਾਤਸ਼ਾਹ! ਕਲਜੁਗ ਦਾ ਸਮਾਂ ਹੈ। ਇਹ ਭੀੜਾਂ ਪਿੱਛੇ ਚੱਲਣਗੇ, ਬੜਾ ਔਖਾ ਹੈ ਜਿਧਰ ਨੂੰ ਜਾਣੈ ਕਿ ਨਾਮ ਉਥੋਂ ਮਿਲਣੈ, ਓਧਰ ਨੂੰ ਦੌੜ ਲੈਣਾ। ਅੰਦਰ ਨੂੰ ਤਾਂ ਜਾਣਗੇ ਨਹੀਂ, ਗੁਰੂ ਦੀਆਂ ਕਸਵੱਟੀਆਂ ਨਹੀਂ ਸਹਿਣਗੇ। ਪੇਪਰ ਪਾਸ ਕਰਨਾ ਔਖਾ ਹੈ ਕਿਉਂਕਿ ਪੇਪਰ ਕੁਝ % (ਪ੍ਰਤੀਸ਼ਤ) ਨਾਲ ਪਾਸ ਹੋ ਜਾਂਦਾ ਹੈ। ਲੇਕਿਨ ਰੂਹਾਨੀਅਤ ਦਾ ਪੇਪਰ, ਗੁਰੂ ਕਸਵੱਟੀ ਲਾਉਂਦਾ ਹੈ -

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*
*ਅੰਗ - ੯੪੮*

ਮਰਜੀਵੜੇ ਹੀ ਨਿਭਦੇ ਨੇ। ਨਹੀਂ ਤਾਂ ਪਤਾ ਨਹੀਂ ਕਦੋਂ, ਕਿੱਧਰ ਨੂੰ ਦੌੜਾਂ ਲਗ ਜਾਂਦੀਆਂ ਹਨ। ਨਾਮ ਅੰਦਰ ਹੈ, ਟਿਕ ਕੇ ਬੈਠ ਜਾਣਾ ਉਸ ਦੇ ਦਰ 'ਤੇ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਅੰਗ - ੨੦੧*

ਉਸ ਨੂੰ ਕਿਹਾ ਹੈ ਕਿ ਚਰਨਾਂ ਦੀ ਮੌਜ। ਏਧਰ ਉਧਰ ਭਟਕਣਾ, ਦੌੜੇ ਫਿਰਨਾ। ਕੰਮ ਤਾਂ ਮਨ ਦਾ ਹੀ ਹੈ - ***'ਮਨ ਲੋਚੈ ਬੁਰਿਆਈਆ'*** ਪਰ ਜਿਹੜਾ 'ਚਰਨ ਕਮਲ ਸਿਉ ਪਿਆਰੁ' ਹੈ, ਪਿਆਰ 'ਚ ਕੁਰਬਾਨੀ ਹੈ, ਪਿਆਰ 'ਚ ਸਮਰਪਣ ਹੈ। ਪਿਆਰ 'ਚ ਕੋਈ ਸ਼ਿਕਵਾ ਨਹੀਂ, ਕੋਈ ਸ਼ਿਕਾਇਤ ਨਹੀਂ। ਇਹ ਪਿਆਰ ਦੀ ਹੀ ਨਿਸ਼ਾਨੀ ਹੈ ਕਿ ਤੁਸੀਂ ਇਸ ਦਰ 'ਤੇ ਪਹੁੰਚਦੇ ਹੋ। ਇਹ ਬਖਸ਼ਿਸ਼ ਹੈ - ***'ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥'*** ਰੰਗ ਕਹਿੰਦੇ ਨੇ ਉਹਦਾ ਪਿਆਰ। ਉਹ ਸੱਚਾ ਪਿਆਰ। ਦੁਨੀਆਂ ਦੇ ਪਿਆਰ ਜਿਹੜੇ ਨੇ ਇਹ ਤਾਂ ਪਿਆਰ ਦਾ ਬਦਲਿਆ ਹੋਇਆ ਰੂਪ ਮੋਹ ਹੈ। ਇਹ ਫਸਣਾ ਹੈ।

*ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥*
*ਅੰਗ - ੩੩੧*

'ਇਕੋ ਨਾਮੁ ਅਧਾਰੁ' ਉਹ ਮਹਾਂਪੁਰਸ਼ ਦਸਦੇ ਨੇ। ਨਹੀਂ ਤਾਂ ਦੁਨੀਆਂ ਗੁਰੂ ਤੋਂ ਬਿਨਾਂ ਕਿਵੇਂ ਚੌਰਾਸੀ ਚਲ ਰਹੀ। ਬੀਜੀ ਨੇ ਕਈ ਵਾਰੀ ਹੱਸਣਾ ਮਹਾਂਪੁਰਸ਼ਾਂ ਨਾਲ, ਪਰ ਉਹਦੇ ਵਿਚ ਵੀ ਭੇਤ ਦੀ ਗੱਲ ਕਹਿ ਜਾਣੀ। ਇਸ਼ਾਰਾ ਕਰਨਾ, ਕਿਸੇ ਨੇ ਦੁੱਧ ਮੰਗਣਾ, ਕਿਸੇ ਨੇ ਪੁੱਤ ਮੰਗਣਾ। ਦੁਨੀਆਂਦਾਰੀ ਹੈ। ਉਹਨਾਂ ਨੇ ਕਹਿਣਾ ਚੌਰਾਸੀ ਤੁਰੀ ਫਿਰਦੀ ਹੈ।

ਕਿਉਂਕਿ ਚੌਰਾਸੀ ਚੱਕਰ ਹੀ ਐਸਾ ਹੈ। ਇਹ ਤਾਂ ਗੁਰੂ ਤੋਂ ਬਗੈਰ -

*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* *ਅੰਗ - ੧੩੮*

ਇਹ ਸੰਸਾਰ ਦੀ ਹਾਲਤ ਹੈ। ਹੁਣ ਅੱਗੇ ਪਾਤਸ਼ਾਹ ਕਹਿ ਰਹੇ ਨੇ ਕਿ ਇਹ ਤਾਂ - ***'ਬਿਖਿਆ ਰੰਗ ਕੂੜਾਵਿਆ'*** ਝੂਠਾ ਹੈ। ਇਹ ਮਿਥਿਆ ਹੈ। ਜਿੰਨਾ ਵੀ ਰਸਨਾ ਨਾਲ ਸਪਰਸ਼, ਇਹ ਸਭ ਮਿਥਿਆ ਹੀ ਕਰ ਰਹੇ ਹਾਂ। ਇਹ ਤਾਂ ਨਾਮ ਹੀ ਸੱਚਾ ਹੈ। ਹੋਰ ਸਭ ***'ਦਿਸਨਿ ਸਭੇ ਛਾਰੁ ॥'*** ਸੁਆਹ ਵਾਂਗੂੰ ਨਜ਼ਰ ਆਉਂਦੇ ਨੇ। ***'ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ '*** ਹੁਣ ਬਾਹਰ ਬੂੰਦ ਪੈਂਦੀ ਹੈ, ਉਹ ਅੰਮ੍ਰਿਤ ਵਾਂਗ ਬਨਸਪਤੀ ਨੂੰ ਲਗਦੀ ਹੈ। ਇਸੇ ਤਰ੍ਹਾਂ ਪਪੀਹਾ ਤਰਸਦਾ, ਪ੍ਰਿਹੁ-ਪ੍ਰਿਹੁ ਕਰਦਾ ਹੈ। ਇਹ ਸਾਰੀਆਂ ਨਿਸ਼ਾਨੀਆ ਦੱਸੀਆਂ ਹਨ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ ੨੭/੪*

ਅਖੀਰ ਦੇ ਵਿਚ ਦਸਦੇ ਨੇ -***'ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥'*** ਇਹ ਨਿਭ ਜਾਵੇ। ਪਤਾ ਨਹੀਂ ਹੁੰਦਾ ਸਵਾਸ ਦਾ ਕਿ ਅਖੀਰਲੇ ਸਵਾਸ 'ਤੇ ਵੀ ਧੋਖਾ ਦੇ ਜਾਵੇ।

ਅੰਮ੍ਰਿਤ ਬੂੰਦ ਸੁਹਾਵਣੀ ਹੈ। ਮਿਲੋ ਕਿਹਨਾਂ ਨੂੰ? '***ਮਿਲਿ ਸਾਧੂ ਪੀਵਣਹਾਰੁ'।***

*ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ*
*ਨਾਮੁ ਮਹਾ ਰਸੁ ਪੀਓ ॥* *ਅੰਗ - ੮੦੨*

'ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥' ਬਨਸਪਤੀ ਮਉਲਦੀ ਹੈ। ਖਿੜਦੀ ਹੈ, ਖੁਸ਼ ਹੁੰਦੀ ਹੈ ਪਰ ਮਨ ਬਿਖਿਆ ਵਲ ਨੂੰ ਲਿਜਾ ਰਿਹਾ ਹੈ, ਵਿਸ਼ਿਆਂ ਵਲ ਨੂੰ ਲਿਜਾ ਰਿਹਾ ਹੈ -

*ਨਿਮਖ ਕਾਮ ਸੁਆਦ ਕਾਰਣਿ*
*ਕੋਟਿ ਦਿਨਸ ਦੁਖੁ ਪਾਵਹਿ ॥* *ਅੰਗ - ੪੦੩*

ਅੱਖ ਦੇ ਝਮਕਣ ਜਿੰਨਾਂ ਸਮਾਂ, ਪਰ ਬਾਅਦ ਵਿਚ ਦੁਖ ਕਿੱਡਾ। 'ਕੋਟਿ ਦਿਨਸ ਦੁਖੁ ਪਾਵਹਿ।'-

*ਘਰੀ ਮੁਹਤ ਰੰਗ ਮਾਣਹਿ*
*ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥* *ਅੰਗ - ੪੦੩*

ਕਿੱਡਾ ਫਸਾਉਣ ਵਾਲਾ ਹੈ। ***'ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ '*** ਉਹ ਸਮਰੱਥ ਪੁਰਖ, ਉਹਨਾਂ ਦੀ ਸੰਗਤ, ਉਹਨਾਂ ਦੀ ਸੋਭਤ, ਉਹਨਾਂ ਦੀ ਇਹ ਸ਼ੋਹਰਤ ਉਹ ਪਾਰ ਲਾਉਣ ਦੇ ਸਮਰੱਥ ਹੈ। ਕਿਉਂਕਿ ਸੋਭਾ ਹੀ ਸੁਣ ਕੇ ਆਉਂਦੇ ਨੇ। ਇਥੇ ਮਿਲਦਾ ਵੀ ਇਹੀ ਹੈ। ਨਾਲੇ ਸੁਖ ਮਿਲਦਾ ਹੈ, ਨਾਲੇ ਸੋਭਾ -

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥*
*ਅੰਗ - ੭੧੩*

ਚਿੰਤਨ ਕਰਨ ਨਾਲ ਚਿੰਤਾ ਉਤਰਦੀ ਹੈ -

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਅੰਗ - ੯੫੫*

ਉਹਨੂੰ ਚਿੰਤਾ ਸਾਰਿਆਂ ਦੀ ਹੈ। ਸਾਨੂੰ ਆਪਣੀ ਹੀ ਲਗੀ ਰਹਿੰਦੀ ਹੈ -

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥* *ਅੰਗ - ੯੨੧*

ਐਸਾ ਮਾਇਆ ਦਾ ਅਸਰ ਪਿਆ ਕਿ ਇਹਨੇ ਸਭ ਕੁਝ ਹੀ ਭੁਲਾ ਦਿਤਾ -

*ਵਿਚਹੁ ਗਰਭੈ ਨਿਕਲਿ ਆਇਆ ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ ਅੰਗ - ੧੦੦੭*

ਉਹਦੇ ਵਿਚੀਂ ਪਰਚ ਗਏ ਤੇ ਅੱਗੇ ਫਿਰ ਪਾਤਸ਼ਾਹ ਕਹਿ ਰਹੇ ਹਨ ਕਿ - ***'ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ '***-

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥* *ਅੰਗ - ੯੬*

ਕਿਉਂਕਿ ਕਰਮ ਮਿਲਾਉਂਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਕਦੋਂ? ਜਦੋਂ ਪੂਰਬਲਾ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਇਆ। ਰਸੀਏ ਪੁਰਸ਼ ਨਾਲ ਮਿਲਾਪ ਹੋ ਜਾਂਦਾ ਹੈ। ਦੂਸਰੇ ਦੀ ਜ਼ਿੰਦਗੀ ਵੀ ਮਿਲ ਕੇ ਰਸ ਨਾਲ ਭਰ ਜਾਂਦੀ ਹੈ। ਖੁਸ਼ੀ, ਖੇੜਾ, ਅਨੰਦ ਆ ਜਾਂਦਾ ਹੈ। ਜਿਵੇਂ ਹਾੜ ਤਪਦਾ ਸੀ ਬਨਸਪਤੀ ਮੁਰਝਾ ਰਹੀ ਸੀ। ਸਾਵਣ ਆਇਆ, ਦਰਸ਼ਨ ਕਰੋ,

ਰਤਵਾੜਾ ਸਾਹਿਬ ਕੁਟੀਆ ਵਲ। ਮਹਾਂਪੁਰਸ਼ਾਂ ਨੇ ਕੁਟੀਆ ਬਣਾਈਆਂ ਨੇ ਕਿ ਨਾਮ ਜਪਣ। ਹੋਰ ਵੀ ਕ੍ਰਿਪਾ ਹੋ ਗਈ। ਸਤਿਲੁਜ ਦਰਿਆ ਦੇ ਕਿਨਾਰੇ ਅਸਥਾਨ ਮਿਲਿਆ। ਉਥੇ ਵੀ ਬਹੁਤ ਸੋਹਣੀਆਂ ਕੁਟੀਆ ਨੇ। ਨੇੜੇ ਸਤਿਲੁਜ ਦਾ ਪਵਿੱਤਰ ਜਲ ਵਗਦਾ ਹੈ। ਕਿਥੋਂ ਆਉਂਦਾ ਹੈ, ਜਿਸ ਲਈ ਅਸੀਂ ਕਿੰਨੀ ਖੇਚਲ ਕਰਦੇ ਹਾਂ, ਮਾਨ ਸਰੋਵਰ 'ਤੇ ਇਸ਼ਨਾਨ ਕਰਨ ਜਾਂਦੇ ਨੇ। ਕਿੱਡੀਆਂ-ਕਿੱਡੀਆਂ ਖੇਚਲਾਂ ਝੱਲਦੇ ਨੇ। ਪਰ ਇਹ ਉਥੇ ਹੀ ਚਲ ਕੇ ਆ ਰਿਹਾ ਹੈ। ਇਥੇ ਤਕ ਦਸਿਆ ਹੈ ਕਿ –

*ਹਰਿ ਕੀ ਕਥਾ ਹੋਤ ਹੈ ਜਹਾਂ,*
*ਗੰਗਾ ਬੀ ਚਲ ਆਵਤ ਤਹਾਂ।*

ਜਿਥੇ ਸਤਿਸੰਗ ਹੁੰਦੈ ਉਥੇ ਸਾਰੇ ਹੀ ਤੀਰਥ ਆ ਜਾਂਦੇ ਨੇ ਤੇ ਸਾਵਣ ਮਹੀਨੇ 'ਚ ਇਹੋ ਜਿਹਾ ਸਮਾਂ ਬਣਦਾ ਹੈ ਕਿ –

*ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥*
*ਅੰਗ – ੫੫੭*

ਕਿਹੋ ਜਿਹਾ ਸਮਾਂ ਬਣਦਾ ਹੈ, ਮੋਰ ਵੀ ਪੈਲਾਂ ਪਾਉਂਦੇ ਨੇ, ਖੁਸ਼ੀ ਖੇੜੇ 'ਚ ਆਉਂਦੇ ਨੇ। ਬਨਸਪਤੀ ਬੜੀ ਸੋਹਣੀ ਲਗਦੀ ਹੈ। ਜਿਵੇਂ ਮੀਂਹ ਨਾਲ ਇਸ਼ਨਾਨ ਹੋਇਆ, ਨਵੇਂ ਵਸਤਰ ਪਹਿਨਾਏ ਹੋਏ ਹੋਣ। ਫੁੱਲ, ਫਲ ਆਏ। ਇਸੇ ਤਰ੍ਹਾਂ ਜਦੋਂ ਗਿਆਨ ਹੋ ਜਾਵੇ, ਗਿਆਨ ਦਾ ਸੁਰਮਾ ਮਿਲ ਜਾਵੇ ਫੇਰ ਐਸਾ ਰਸ ਜ਼ਿੰਦਗੀ 'ਚ ਆ ਜਾਂਦਾ ਹੈ।

ਅੱਜ ਦਾ ਦਿਨ ਸੰਗਰਾਂਦ ਦਾ ਹੈ ਨਾਲ ਗੁਰੂ ਪੂਰਨਮਾ ਹੈ। ਪਾਤਸ਼ਾਹ ਜੀ ਇਸ ਪ੍ਰਥਾਇ ਫੁਰਮਾਨ ਕਰਦੇ ਨੇ। ਬਾਰਹ ਮਾਹਾ ਦੇ ਵਿਚ ਫੁਰਮਾਨ ਆਇਆ। ਉਹਦੇ ਵਿਚ ਫੁਰਮਾਨ ਆਉਂਦਾ ਹੈ, ਨਾਲ ਖੁਸ਼ੀ, ਖੇੜਾ ਵੀ ਪਤਾ ਲਗਦਾ ਹੈ ਕਿ ਕਿਵੇਂ ਜ਼ਿੰਦਗੀ 'ਚ ਅਨੰਦ ਵਰਤਦਾ ਹੈ। ਨਹੀਂ ਤਾਂ ਦੁਨੀਆਂਦਾਰੀ ਦੁਨੀਆ 'ਚੋਂ ਅਨੰਦ ਭਾਲਦੀ ਹੈ। ਵਿਸ਼ੇ ਅਨੰਦ, ਕਾਹਦਾ ਅਨੰਦ ਹੈ। ***'ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ '***

ਐਸੀਆਂ ਸਖੀਆਂ ਜਿਹੜੀਆਂ ਨਾਮ ਰਸ ਪੀਂਦੀਆਂ ਨੇ ਤੋਂ ਬਲਿਹਾਰ ਹਾਂ ਜਿਨ੍ਹਾਂ ਨੂੰ ਪ੍ਰਾਪਤੀ ਹੋ ਗਈ ਤੇ ਕਿਵੇਂ ਆਪਣੇ ਆਪ ਨੂੰ ਉਹਨਾਂ ਨੇ ਸੰਵਾਰ ਲਿਆ –

*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*

ਮਿਹਰ ਕਰ ਪਾਤਸ਼ਾਹ! ਸ਼ਬਦ ਦੇ ਨਾਲ ਜੋੜ। ਸ਼ਬਦ ਦੇ ਨਾਲ ਜ਼ਿੰਦਗੀ ਨੂੰ ਸੰਵਾਰ ਲੈਣਾ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ – ੮੭੯*

ਉਹਦੇ ਨਾਲ ਪਹਿਚਾਣ ਹੋ ਗਈ। ਸਾਰਿਆਂ 'ਚ ਰਮਿਆ ਹੋਇਆ ਪ੍ਰਮੇਸ਼ਰ ਨਜ਼ਰ ਆ ਗਿਆ। ਉਹ ਕੁਦਰਤ ਫੇਰ –

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ – ੧੨੬੫*

ਉਹ ਸ਼ੋਰ ਨਹੀਂ ਲਗਦਾ ਕਿ ਮੋਰ ਸ਼ੋਰ ਪਾ ਰਹੇ ਨੇ। ਫੇਰ ਤਾਂ ਉਹ ਨਾਮ ਜਪਦੇ ਨਜ਼ਰ ਆਉਂਦੇ ਹਨ।

*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥*

'ਉਰਿ ਹਾਰੁ' ਗਲੇ 'ਚ ਹਾਰ। ਹਾਰ ਗਲੇ 'ਚ ਪਾਉਂਦੇ ਹਾਂ, ਸ਼ਿੰਗਾਰ ਹੈ ਪਰ ਉਹ ਐਸਾ ਸ਼ਿੰਗਾਰ ਹੈ ਕਿ ਜੀਵਨ ਨੂੰ ਸੰਵਾਰ ਲੈਣਾ। ਅੰਦਰ ਨੂੰ ਸਵਾਸ ਜਾਂਦਾ ਹੈ ਕਿਉਂਕਿ ਹਿਰਦੇ 'ਚ –

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ – ੧੨੫੬*

ਇਹ ਤਾਂ ਗੂੰਗੇ ਦੀ ਮਠਿਆਈ ਵਾਲੀ ਬਾਤ ਹੈ। ਇਹ ਤਾਂ ਮਹਾਂਪੁਰਸ਼ ਧੰਨਤਾ ਯੋਗ ਹਨ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ – ੨੮੩*

ਜੇ ਨਾਮ 'ਚ ਸਥਿਤੀ ਹੋ ਗਈ ਫੇਰ ਆਪੇ ਹੀ ਸਾਰੇ ਜੀਵਨ ਦੀ ਪ੍ਰਾਪਤੀ ਹੋ ਗਈ। ਜੀਵਨ ਦਾ ਲਕਸ਼ ਪੂਰਾ ਹੋ ਗਿਆ। ਉਹ ਸੋਹਾਗਣੀਆਂ ਹਨ – 'ਜਿਨ ਰਾਮ ਨਾਮੁ ਉਰਿ ਹਾਰੁ '

ਅੰਦਰ ਨੂੰ ਸਵਾਸ ਜਾਂਦੇ 'ਵਾਹਿ' ਬਾਹਰ ਨੂੰ ਜਾਂਦੇ 'ਗੁਰੂ। ਕਿੰਨਾ ਸਹਿਜ ਮਹਾਂਪੁਰਸ਼ਾਂ ਨੇ ਤਰੀਕਾ ਦਸ ਦਿਤਾ। ਬਾਕੀ ਅੰਦਰ ਦੀਆਂ ਅਵਸਥਾਵਾਂ ਵਾਹਿਗੁਰੂ ਆਪੇ ਸੰਭਾਲੂ।

ਸੋ ਆਓ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-50)*

ਬੁੱਢਣਸ਼ਾਹ ਤਪ, ਹਠ ਕਰਦਾ ਅਜੇ ਤੱਕ ਮੁਰਦਾ ਸੀ, ਹਾਂ, ਉਸ ਉਹ ਜੀਵਨ ਨਹੀਂ ਜੀਵਿਆ ਸੀ ਜੋ ਕਿਹਾ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥ ਅੰਗ - ੧੪੨*

ਹਾਂ ਜੀ -

ਉਸ ਹਠੀਏ, ਤਪੀਏ, ਜਪੀਏ, ਸਤੀਏ ਪਰ 'ਜੀਅ ਦੇ ਜੀਵਨ' ਵਲੋਂ ਅਜੇ ਨਾ ਜਾਗੇ ਬੁੱਢਣਸ਼ਾਹ ਨੂੰ ਅੱਜ ਪ੍ਰੇਮ ਰਾਜ ਦੇ ਮਹਾਰਾਜ ਸਤਿਗੁਰ ਨਾਨਕ ਨੇ ਜੀਆ ਦਾਨ ਦੇ ਕੇ ਜਿਵਾ ਲਿਆ।

*ਭਇਆ ਮਨੂਰੁ ਕੰਚਨੁ ਫਿਰਿ ਹੋਵੈ*
*ਜੇ ਗੁਰੁ ਮਿਲੈ ਤਿਨੇਹਾ ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ*
*ਤਉ ਨਾਨਕ ਤ੍ਰਿਸਟਸਿ ਦੇਹਾ॥ ਅੰਗ - ੯੯੦*

ਬੁੱਢਣ ਸ਼ਾਹ ਨੂੰ ਅੱਜ ਪਤਾ ਲੱਗਾ ਕਿ ਮੈਂ ਜੋ ਕੁਛ ਕਰਦਾ ਸਾਂ ਉਹ ਕੀ ਸੀ, ਜੋ ਕਰਦਾ ਸਾਂ ਉਹ ਰਿਆਜ਼ਤ ਸੀ ਤੇ ਇਸ ਕਰਕੇ ਮਾੜਾ ਨਹੀਂ ਸੀ, ਪਰ ਉਮਰਾਂ-ਉਮਰਾ ਦੀ ਘਾਲ ਨਾਲ ਚਿੱਤ ਪੱਥਰ ਦਾ ਪੱਥਰ, ਮਨ ਹੰਕਾਰੀ ਦਾ ਹੰਕਾਰੀ, ਦਿਲ ਨਿਰਾਸ ਦਾ ਨਿਰਾਸ ਹੀ ਰਿਹਾ ਸੀ। ਅੱਜ ਜੋ 'ਨਾਨਕ ਪ੍ਰੇਮ' ਦੇ ਤ੍ਰੂੰਗ ਨੇ ਅੰਦਰ ਫੇਰਾ ਪਾਇਆ, ਜੀ ਉਠਿਆ, ਹੁੱਬ ਦੀ ਲਹਿਰ ਆਈ, ਹਿਤ ਦਾ ਵੇਗ ਛੁੱਟਿਆ, ਪ੍ਰੀਤ ਦੀ ਝਰਨਾਟ ਛਿੜੀ, ਸਾਂਈਂ ਦਾ ਨਾਮ ਸੁਆਦਲਾ ਸਜੀਵਾ ਲੂੰ-ਲੂੰ ਵਿਚ ਪਸਰ ਗਿਆ, ਜਿਵੇਂ ਪੰਚਮ ਗੁਰੂ ਜੀ ਨੇ ਕਿਹਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਜਿਸ ਵੇਲੇ ਮੁਟਿਆਰ ਨੇ ਕਿਹਾ ਸੀ ਕਿ ਮੈਨੂੰ ਐਉਂ ਲਗਦਾ ਹੈ ਜਿਵੇਂ ਸੁੱਤੇ ਜਾਗੇ ਹਾਂ, ਬੁੱਢਣ ਸ਼ਾਹ ਨੂੰ ਸਮਝ ਨਹੀਂ ਆਈ ਸੀ। ਹੁਣ ਜਦ ਆ ਵਾਪਰੀ, ਆਪਣੇ ਮਨ ਉਤੇ ਜੀਵਨ ਰੌ ਫਿਰੀ ਜਦ ਸੱਚੇ ਸਤਿਗੁਰ ਨੇ 'ਮਾਣਸ ਤੇ ਦੇਵਤੇ ਕੀਏ' ਦਾ ਨਵਾਂ ਜਨਮ ਦੇ ਦਿਤਾ, ਮਨੁੱਖ ਪੁਣੇ ਤੋਂ ਮਾਰ ਕੇ ਦੈਵੀ ਜੀਵਨ ਦਾਨ ਕੀਤਾ ਤਦ ਐਉਂ ਜਾਪੇ ਜਿਕੂੰ ਜਨਮ ਦਾ ਸੁੱਤਾ ਜਾਗ ਪਿਆ ਹਾਂ। ਨਿਰਾਸਾ ਟੁਰ ਗਈ, ਮੌਤ ਦਾ ਭੈ ਬਿਲਾ ਲਿਆ, ਅੱਖਾਂ ਚਮਕ ਉੱਠੀਆਂ। ਸਰੀਰ ਹਲਕਾ ਫੁੱਲ ਹੈ, ਮਨ ਠੰਢਾ ਨਿਹਾਲ ਤੇ ਉਚੇਰਾ ਹੈ, ਨਜ਼ਰ ਜਿੱਧਰ ਜਾਂਦੀ ਹੈ ਸੁੰਦਰਤਾ ਤੇ ਰਸ ਦੀ ਛਹਿਬਰ ਲੱਗੀ ਤੱਕਦੀ ਹੈ। ਵਾਹ ਭਾਗਾਂ ਵਾਲੇ ਬੁੱਢਣਸ਼ਾਹ! ਤੇਰੀ ਸਦਗਤੀ ਹੋਈ।

ਸਤਿਗੁਰ ਨਾਨਕ ਨੇ ਪਿਆਰ ਦੇ ਕੇ ਉਠਾਲ ਕੇ ਬਹਾਲਿਆ ਤੇ ਆਖਿਆ - 'ਸਤਿਨਾਮੁ ਦਾ ਸਿਮਰਨ ਕਰ, ਪਰ ਦੇਖ! ਹੁਣ ਤੇਰੇ ਲੂੰ-ਲੂੰ ਵਿਚ ਸਿਮਰਨ ਹੈ, ਜਿਸ ਵਿਚ ਜੀਵਨ ਰੌ ਹੈ ਤੇ ਪ੍ਰੇਮ ਦਾ ਹੁਲਾਰਾ ਹੈ, ਹੁਣ ਤੂੰ ਫਕੀਰ ਹੈਂ, ਮਗਨ ਹੋ!

ਇਉਂ ਕਹਿੰਦੇ ਬੁੱਢਣ ਸ਼ਾਹ ਜੀ ਐਸੇ ਰੰਗ ਵਿਚ ਡੁੱਬੇ ਕਿ ਦੋ ਪਹਿਰ ਮਗਨ ਰਹੇ। ਫਿਰ ਸਤਿਗੁਰ ਨੇ ਜਗਾਇਆ, ਪਰ ਹੁਣ ਰੰਗ ਕੁਛ ਹੋਰ ਹੈ, ਸਤਿਗੁਰ ਜੀ ਜਾਣੇ ਨੂੰ ਤਿਆਰ ਹਨ ਤੇ ਪ੍ਰੇਮੀ ਦੇ ਮਨ ਨੂੰ ਵਿਛੋੜਾ ਸੱਲਦਾ ਹੈ, ਸਤਿਗੁਰੂ ਜੀ ਦੇ ਚਰਨਾਂ ਨੂੰ ਲਿਪਟ-ਲਿਪਟ ਕੇ ਰੋਂਦਾ ਤੇ ਹਾਵੇ ਕੱਢਦਾ ਹੈ ਜਿਨ੍ਹਾਂ ਦਾ ਭਾਵ ਐਉਂ ਕੁਝ ਸਮਝ ਪੈਂਦਾ ਹੈ -

ਸੁੱਤੇ ਨੂੰ ਆ ਜਗਾ ਕੇ, ਹਿਰਦੇ ਪ੍ਰੀਤ ਪਾ ਕੇ,
*ਮੋਏ ਨੂੰ ਜੀ ਜਿਵਾਕੇ, ਢੱਠੇ ਨੂੰ ਗਲ ਲਗਾ ਕੇ,*
*ਅਪਨਾ ਬਣਾ ਕੇ ਸਾਂਈਂ! ਸਾਨੂੰ ਨਾ ਛੱਡ ਜਾਈਂ।*
*ਮਿਲ ਕੇ ਅਸਾਂ ਗੁਸਾਂਈ ਬਿਰਹੋਂ ਨ ਹੁਣ ਦਿਖਾਈਂ।*
*ਚਰਨੀਂ ਜੇ ਆਪ ਲਾਯਾ, ਰਸ ਪ੍ਰੇਮ ਦਾ ਚਖਾਯਾ।*
*ਦਾਸ ਆਪਣਾ ਬਣਾਯਾ, ਵਿਛੁੜ ਨ ਹੁਣ ਗੁਸਾਈਂ।*

ਬੁੱਢਣ ਸ਼ਾਹ ਦਾ ਇਹ ਪ੍ਰੇਮ ਦੇਖ ਕੇ ਜਗਤ ਤਾਰਕ ਜੀ ਨੇ ਗਲ ਲਾਯਾ, ਬਹੁਤ ਪਿਆਰ ਦੇ ਕੇ ਇਹ ਵਰ ਦਾਨ ਬਖਸ਼ਿਆ -

*ਅਬ ਤੁਵ ਕਾਜ ਗਏ ਸਭਿ ਹੋਇ।*
*ਬੈਠਹੁ ਮਨ ਸਤਿਨਾਮ ਪੁਰੋਇ॥*

ਪਰ ਬੁੱਢਣਸ਼ਾਹ ਦੇ ਰਿਦੇ ਇਤਨਾ ਪ੍ਰੇਮ ਉਮੰਗ ਰਿਹਾ ਸੀ ਕਿ ਬਿਰਹੋਂ ਨੂੰ ਕੌਣ ਝੱਲੇ? ਤੇ ਉਧਰ ਧੰਨ ਸਤਿਗੁਰ ਨਾਨਕ ਜਿਸ ਨੇ ਜਗਤ ਤਾਰਨਾ ਹੈ, ਜਿਨ੍ਹਾਂ ਅਣਗਿਣਤ ਇਸ ਤਰ੍ਹਾਂ ਦੇ ਦੀਪਕ ਪ੍ਰਕਾਸ਼ ਕਰਨੇ ਹਨ, ਤੁਰਨ ਦੀ ਤਾਂਘ ਵਿਚ ਹਨ। ਬੁੱਢਣਸ਼ਾਹ ਨੇ ਹੁਣ ਜਾਤਾ ਕਿ ਸ਼ੁਕਰ ਕਰਨਾ ਤੇ ਰਜ਼ਾ ਨੂੰ ਸਿਰ ਧਰਨਾ ਬੀ ਪ੍ਰੇਮ ਹੈ। ਮਨ ਵਿਚ ਜ਼ੋਰ ਲਾਇਆ ਕਿ ਰਜ਼ਾ ਮੰਨਾਂ, ਪਰ ਹੁਣ ਮਨ ਮੁਰਦਾ ਨਹੀਂ ਜੋ ਰਜ਼ਾ ਮੰਨੀ, ਕਹਿ ਕੇ ਪੱਥਰ ਦਸ਼ਾ ਨੂੰ ਰਜ਼ਾ ਸਮਝ ਕੇ ਟਲ ਜਾਏ। ਬਥੇਰਾ ਜ਼ੋਰ ਲਾਇਆ, ਪਰ ਇਹ ਬਿਨੈ ਮੂੰਹੋਂ ਨਿਕਲ ਹੀ ਗਈ, ਹੇ ਦੀਨਾ ਬੰਧੂ! ਫੇਰ ਦਰਸ਼ਨਾਂ ਦੀ ਦਾਤ?

ਫੇਰ ਦਰਸ਼ਨਾਂ ਦੀ ਦਾਤ, ਖਬਰ ਨਹੀਂ ਕਿੱਡੇ ਤ੍ਰੱਖੇ ਪ੍ਰੇਮ ਦੇ ਵਾਕ ਸਨ ਕਿ ਜਗਤ ਤ੍ਰਾਣ ਕਰਤਾ ਦੇ ਨੈਣ ਪ੍ਰੇਮ ਨਾਲ ਭਰ ਆਏ ਤੇ ਆਪ ਬੋਲੇ - ਬੁੱਢਣਸ਼ਾਹ! ਟਿਕ ਕੇ ਇਸ ਬਲ ਸਿਮਰਨ ਕਰੋ, ਦਰਸ਼ਨ ਹੋਣਗੇ, ਪਰ ਆਪਣੇ ਛੇਵੇਂ ਜਾਮੇਂ ਆਵਾਂਗੇ। ਹੇ ਬੁੱਢਣਸ਼ਾਹ! ਨਾ ਸੋਚ ਕਿ ਤੂੰ ਬੁੱਢਾ ਹੈਂ ਤੇ ਐਤਨਾ ਚਿਰ ਤਕ ਕਦ ਜੀਵੇਂਗਾ ਤੂੰ ਜੀਵੇਂਗਾ, ਤੂੰ ਥੀਵੇਂਗਾ ਤੇ ਅਸੀਂ ਛੇਵੇਂ ਜਾਮੇਂ ਆਵਾਂਗੇ। ਤੇਰੀ ਆਰਬਲਾ ਬੜੀ ਹੀ ਲੰਮੀ ਹੋਵੇਗੀ।

ਗੁਰੂ ਜੀ ਦੇ ਨਾਲ ਦਾ ਸੇਵਕ, ਬੋਲਿਆ - ਹੇ ਕਰੁਣਾਮਯ ਚੋਜੀ ਤੇ ਕੌਤਕਹਾਰ ਜੀ! ਤਦੋਂ ਤੇਰੇ ਮੇਲ, ਤੇਰੇ ਰੰਗ ਹੋਰ ਹੋਣਗੇ, ਤੇਰੇ ਉਸ ਰੂਪ ਵਿਚ ਬੁੱਢਣਸ਼ਾਹ ਤੈਨੂੰ ਪਛਾਣ ਲਏਗਾ?

ਸਤਿਗੁਰ - ਹਾਂ ਸੱਜਣਾ! ਪਛਾਣ ਲਏਗਾ। ਪਹਿਲੋਂ ਸਾਡਾ ਇਕ ਪਿਆਰਾ ਸਾਹਿਬਜ਼ਾਦਾ - ਆ ਕੇ ਸ਼ਹਿਰ ਵਸਾਏਗਾ, ਫੇਰ ਅਸੀਂ ਆਵਾਂਗੇ ਤੇ ਬੁੱਢਣਸ਼ਾਹ ਤੋਂ ਦੁੱਧ ਮੰਗ ਕੇ ਪੀਆਂਗੇ। ਅੱਜ ਦੁੱਧ ਪੀਂਦੇ ਪਰ ਅੱਜ ਅਸਾਂ ਹੇਠਾਂ ਡੋਘਰੇ (ਦੋ ਘਰਾਂ, ਪਹਾੜਾਂ ਵਿਚ ਤੇ ਲਾਗੇ ਅਤਿ ਨਿੱਕੇ ਪਿੰਡ ਨੂੰ, ਜਿਥੇ ਦੋ ਚਾਰ ਘਰ ਹੋਣ, ਡੋਘਰਾ ਕਹਿੰਦੇ ਹਨ) ਵਿਚ ਪੀਂਜੂ ਦੇ ਘਰ ਰੋਟੀ ਖਾਣੀ ਹੈ। ਬੁੱਢਣਸ਼ਾਹ ਨਾਲ ਸਾਡਾ ਉਧਾਰ ਰਹੇਗਾ, ਫੇਰ ਆਵਾਂਗੇ ਤੇ ਮੰਗ ਕੇ ਦੁੱਧ ਪੀਆਂਗੇ।

ਇਉਂ ਕਹਿ, ਮਾਤਾ ਤੋਂ ਵਿਛੁੜ ਕੇ ਵਿਲਪਦੇ ਬਾਲ ਵਾਂਗੂੰ ਬੁੱਢਣ ਸ਼ਾਹ ਨੂੰ ਛੱਡ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਉਪਕਾਰੀ ਬੱਦਲ ਦੀ ਤਰ੍ਹਾਂ ਹੋਰ ਥਾਂ ਬਰਸਨੇ ਲਈ ਟੁਰ ਗਏ। ਬੁੱਢਣ ਸ਼ਾਹ ਨਵੇਂ ਜਨਮ ਵਿਚ ਆਯਾ ਬੁੱਢਣ ਸ਼ਾਹ, ਸਤਿਗੁਰੂ ਦੇ ਜਨਮਿਆਂ ਬੁੱਢਣ ਸ਼ਾਹ, ਪ੍ਰੇਮ ਦੇ ਰੰਗ ਵਿਚ ਨਵਬਾਲਾ ਬੁੱਢਣ ਸ਼ਾਹ, ਪ੍ਰੀਤਮ ਦੇ ਪਿਆਰ ਵਿਚ ਲੱਗਾ ਖਿੱਚਾਂ, ਤਾਂਘਾਂ, ਹੁਲਾਰਿਆਂ, ਆਸਾਂ, ਸੁਆਦਾਂ, ਰਸਾਂ ਦੇ ਜੀਵਨ ਬਤੀਤ ਕਰਨ।

ਅਗਲੇ ਦਿਨ ਬੁੱਢਣ ਸ਼ਾਹ ਜੀ ਦੁਪਹਿਰ ਵੇਲੇ ਬੱਕਰੀਆਂ ਦਾ ਦੁੱਧ ਪੀ ਕੇ ਉਸੇ ਪੱਥਰ ਦੇ ਪਾਸ ਜਾ ਕੇ ਬੈਠੇ ਪਿਆਰੇ ਦੇ ਧਿਆਨ ਮਗਨ ਹੋ ਰਹੇ ਸੇ ਕਿ ਉਹ ਕਾਕੀ ਆਪਣੀਆਂ ਬੱਕਰੀਆਂ ਚਾਰਦੀ ਆ ਨਿਕਲੀ, ਬੁੱਢਣਸ਼ਾਹ ਨੂੰ ਦੇਖ ਕੇ ਬੋਲੀ - ਸਾਂਈ ਜੀ! ਤੁਸੀਂ ਸਾਡੇ ਗੁਰ ਨਾਨਕ ਦੇ।

ਸਾਂਈ ਲੋਕ - ਹਾਂ ਬੱਚੀ! ਮੈਂ ਤੁਹਾਡੇ ਗੁਰੂ ਨਾਨਕ ਦੇ ਦਾਸਾਂ ਦਾ ਦਾਸ, ਮੈਂ ਆਪਣੇ-ਮੈਂ ਮੇਰੇ-ਸਤਿਗੁਰ ਨਾਨਕ ਦੇ ਕੂਕਰਾਂ ਦਾ ਕੂਕਰ।

ਕਾਕੀ-ਪਹਿਲੇ ਹੱਸੀ ਫੇਰ ਰੋ ਪਈ। ਜਿਸ ਕਦੇ ਰੋਣ ਨਹੀਂ ਜਾਤਾ ਸੀ, ਉਸ ਦੀ ਅੱਖੀਂ ਨੀਰ ਭਰ ਆਯਾ, ਹਾਹੁਕਾ ਲੈ ਕੇ ਬੋਲੀ - ਹਾਂ ਸਾਂਈਂ ਜੀ! ਅਸੀਂ ਸਤਿਗੁਰ ਦੇ ਕੂਕਰਾਂ ਦੇ ਕੂਕਰ, ਪਰ ਸਾਂਈਂ ਜੀ! ਸਤਿਗੁਰ ਕੇਡਾ ਸੁਹਣਾ ਹੈ?

ਸਾਂਈਂ ਲੋਕ - ਕੁਝ ਨਾ ਪੁੱਛ, ਕਾਕੀ! ਦਰਸ਼ਨ ਦੇ ਕੇ ਮੈਨੂੰ ਤਾਂ ਮੋਏ ਨੂੰ ਜਿਵਾ ਗਿਆ ਹੈ, ਮੈਂ ਮੁਸਲਮਾਨ ਸਾਂ, ਪਰ ਹੁਣ ਮੇਰਾ ਕਾਬਾ, ਮੇਰਾ ਰਸੂਲ, ਮੇਰਾ ਦੀਨ ਈਮਾਨ ਸਭੋ ਕੁਝ ਗੁਰੂ ਨਾਨਕ ਹੋ ਗਿਆ ਹੈ, ਕਲ ਦੀ ਨਮਾਜ਼ ਨਾ ਦਰੂਦ, ਨਾ ਸਜਦਾ, ਨਾ ਕੋਈ ਪਾਠ। ਮੇਰੀਆਂ ਅੱਖੇ ਜੀਉਂਦਾ, ਸਤਿਗੁਰ ਮੇਰੇ ਲੂੰਆਂ ਵਿਚ 'ਧੰਨ ਗੁਰ ਨਾਨਕ' ਵਸ ਪਿਆ ਹੈ। ਜਿੱਧਰ ਨੈਣ ਜਾਂਦੇ ਹਨ ਸਤਿਗੁਰ ਤੇ ਸਤਿਗੁਰ ਦੀ ਛਬੀ ਦਿਸਦੀ ਹੈ। ਰਸਨਾ ਉਸ ਦੇ ਰਸਾਏ ਨਾਮ ਵਿਚ ਰਸਮਈ ਹੋ ਰਹੀ ਹੈ।

ਇਉਂ ਕਹਿੰਦੇ ਦੇ ਨੈਣ ਭਰ-ਭਰ ਆਉਣ।

ਕਾਕੀ - ਧੰਨ ਸਤਿਗੁਰ ਨਾਨਕ ਕਹੁ ਧੰਨ ਸਤਿਗੁਰ ਨਾਨਕ, ਸੁਣਾ ਨਾ, ਆਪਣੇ ਅੱਛੇ ਪਿਆਰ ਵਾਲੇ ਮਨ ਤੋਂ, ਸੁਣਾ ਨਾ, ਧੰਨ ਗੁਰ ਨਾਨਕ! ਕਾਕੀ ਨੇ ਇੰਨੇ ਪ੍ਰੇਮ ਵਿਚ 'ਧੰਨ ਗੁਰ ਨਾਨਕ' ਦੀ ਲੌ ਲਗਾਈ ਕਿ ਸਾਰਾ ਬਨ ਖੁਸ਼ਬੋ ਨਾਲ ਭਰ ਗਿਆ ਅਰ ਇਸੇ ਪਿਆਰੀ ਧੁਨਿ ਵਿਚ ਲੌਢਾ

ਪਹਿਰ ਹੋ ਗਿਆ।

ਇਸ ਵੇਲੇ ਇਕ ਗਰੀਬ ਪਹਾੜੀਆ, ਉਸ ਦਾ ਭਰਾ ਤੇ ਵਹੁਟੀ ਆ ਨਿਕਲ। ਬੁੱਢਣ ਸ਼ਾਹ ਨੂੰ ਇਨ੍ਹਾਂ ਗਰੀਬਾਂ ਮੈਲੇ ਕਪੜੇ ਵਾਲਿਆਂ ਵਿਚੋਂ ਗੁਰ ਨਾਨਕ ਦੀ ਲਪਟ ਆਈ। ਇਹ ਰਾਹਕ ਸਨ ਪਰ ਪਹਿਲੀ ਉਮਰੇ ਹਿੰਦੀ ਅੱਖਰ ਤੇ ਕੁਛ ਥੋੜ੍ਹਾ ਪੜ੍ਹੇ ਹੋਏ ਸਨ। ਬੁੱਢਣ ਸ਼ਾਹ ਉਠ ਕੇ ਮੱਥਾ ਟੇਕਣ ਲੱਗਾ ਓਧਰੋਂ ਉਨ੍ਹਾਂ ਮੱਥਾ ਟੇਕਿਆ, ਪਰਸਪਰ ਇਉਂ ਮਿਲੇ ਕਿ ਜਿਵੇਂ ਜਨਮਾਂ ਦੇ ਮੇਲੀ ਹੁੰਦੇ ਹਨ। ਗੱਲ ਬਾਤ ਦੇ ਮਗਰੋਂ ਪਤਾ ਲੱਗਾ ਕਿ ਇਹ ਇਸੇ ਕੁੜੀ ਦੇ ਮਾਤਾ ਪਿਤਾ ਤੇ ਚਾਚਾ ਜੀ ਹਨ। ਇਹ ਗੁਰ ਕੇ ਚਰਨ ਪਰਸ ਕੇ 'ਨਾਮ ਧਰੀਕ' ਹੋਏ-ਹੋਏ ਸਨ ਤੇ ਸਿਮਰਨ ਦੇ ਰੰਗ ਵਿਚ ਨਿਮਗਨ ਸਨ। ਕੱਲ ਜਦ ਸ੍ਰੀ ਗੁਰੂ ਨਾਨਕ ਜਗਤ ਗੁਰ ਸੁਆਮੀ ਬੁੱਢਣ ਸ਼ਾਹ ਨੂੰ ਤਾਰ ਕੇ ਗਏ ਤਾਂ ਪ੍ਰਸ਼ਾਦ ਇਨ੍ਹਾਂ ਦੇ ਘਰ ਛਕਿਆ। ਇਹ ਬੁੱਢਣ ਸ਼ਾਹ ਦੇ ਟਿਕਾਣੇ ਤੋਂ ਕੁਛ ਦੂਰੀ ਪਰ ਹੇਠਲੇ ਰੁਖ ਨੂੰ ਦਰਿਆ ਪਾਸੇ ਇਕ ਡੋਘਰੇ ਵਿਚ ਰਹਿੰਦੇ ਸਨ, ਕੇਵਲ ਦੋ ਹੀ ਘਰ ਸਨ, ਤੇ ਦੋਵੇਂ ਭਰਾ ਵਸਦੇ ਸਨ। ਜਦ ਸਤਿਗੁਰ ਜੀ ਇਨ੍ਹਾਂ ਤੋਂ ਵਿਦਾ ਹੋਣ ਲੱਗੇ ਤਾਂ ਕਹਿ ਗਏ ਕਿ ਉਪਰ ਜੋ ਬੁੱਢਣ ਸ਼ਾਹ ਫਕੀਰ ਰਹਿੰਦਾ ਹੈ ਉਹ ਸਾਡਾ ਆਪਣਾ ਹੈ, ਅੱਜ ਉਸ ਦਾ ਨਵਾਂ ਜਨਮ ਹੋਇਆ ਹੈ, ਤੁਸਾਂ ਉਸ ਨਾਲ ਪਿਆਰ ਕਰਨਾ, ਸਤਿਸੰਗ ਕਰਨਾ ਤੇ ਸੰਕੋਚ ਨਾ ਕਰਨਾ। ਉਹ ਅੱਗੇ ਏਕਾਂਤੀ ਸੀ, ਉਸ ਦਾ ਮਨ ਰੋਗੀ ਸੀ, ਕਿਸੇ ਨੂੰ ਪਾਸ ਨਹੀਂ ਦੇਖ ਸਕਦਾ ਸੀ, ਹੁਣ ਅਰੋਗ ਹੋਇਆ ਹੈ, ਸੁੱਚੀ ਸਤਿਸੰਗ ਦਾ ਚਾਹਵਾਨ ਹੋਵੇਗਾ, ਸਤਿਸੰਗਤ ਕਰਨਾ, ਨਾਮ ਜਪਣਾ।

ਬੁੱਢਣ ਸ਼ਾਹ ਨੇ ਸਤਿਗੁਰ ਦਾ ਇਹ ਪ੍ਰੇਮ ਸੁਣ ਕੇ ਬਹੁਤ ਵੈਰਾਗ ਤੇ ਫੇਰ ਸ਼ੁਕਰ ਕੀਤਾ, ਫੇਰ ਪੀਂਜੂ ਨੂੰ ਕਹਿਣ ਲੱਗਾ, "ਬਈ ਸਤਿਸੰਗੀ ਮਿੱਤਰ! ਕੀਹ ਏਕਾਂਤ ਮਾੜੀ ਸ਼ੈ ਹੈ?

ਪੀਂਜੂ - ਸਾਂਈਂ ਜੀ! ਗ੍ਰਿਹਸਤੀਆਂ ਨੂੰ ਕੀ ਪਤਾ, ਪਰ ਐਉਂ ਲਗਦਾ ਹੈ ਜਿਵੇਂ ਨਿਰੀ ਏਕਾਂਤ ਤਾਂ ਕੋਈ ਡੰਨ ਹੈ।

ਬੁੱਢਣ ਸ਼ਾਹ - ਫੇਰ ਫਕੀਰ ਤਾਂ ਏਕਾਂਤ ਵਸਦੇ ਹਨ?

ਪੀਂਜੂ - ਜੀ ਰੋਗੀ, ਪਾਪਾਂ ਦੇ ਭੈ ਵਾਲੇ, ਤਪੀ ਹਾਂ, ਹਠ ਧਾਰਦੇ ਹਨ, ਹਠ ਨਾਲ ਰਹਿੰਦੇ ਹੋਣਗੇ। ਏਕਾਂਤ ਵਿਚ ਜੇ ਮਨ ਰਸ ਤੇ ਸਿਮਰਨ ਵਿਚ ਰਹੇ ਤਾਂ ਏਕਾਂਤ ਬੀ ਚੰਗੀ, ਪਰ ਰਸੀਏ ਮਨ ਦਾ ਸੁੱਚੇ ਸਤਿਸੰਗ ਵਿਚ ਕਿਉਂ ਵਿਗਾੜ ਹੋਸੀ। ਜੋ ਰਸੀਏ ਹਨ, ਨਾਮ ਦੇ ਪਰੇਮੀ ਹਨ, ਉੱਚੇ-ਉੱਚੇ ਸਤਿਸੰਗ ਵਿਚ ਵਸਦੇ ਹੋਸਣ ਨਾ।

ਬੁੱਢਣ ਸ਼ਾਹ - ਪਰ ਸੰਸਾਰ ਦਗੇਬਾਜ਼ ਹੈ, ਮਤਲਬੀ ਹੈ, ਧੀਆਂ ਪੁਤ ਸਾਕ ਸੈਣ ਸਾਰੇ ਆਪਣੇ ਸੁਆਰਥ ਨਾਲ ਇਸ ਨੂੰ ਫਸਾਉਂਦੇ ਹਨ ਅਤੇ ਆਪਣੇ ਪਿਆਰ ਵਿਚ ਲਪੇਟ ਕੇ ਉੱਠਣ ਨਹੀਂ ਦੇਂਦੇ। ਫੇਰ ਜਿਸ ਨਾਲ ਨੇਕੀ ਕਰੋ ਉਹ ਬਦੀ ਕਰਦਾ ਹੈ, ਜਿਸ ਦਾ ਕੁਝ ਸੁਆਰੋ ਉਹੋ ਵੈਰੀ ਹੋ ਢੁਕਦਾ ਹੈ। ਸੰਸਾਰ ਨਾਲ ਵਰਤ-ਵਰਤ ਕੇ ਸੰਸਾਰ ਦਾ ਇਹੋ ਪਤਾ ਲਗਦਾ ਹੈ ਕਿ ਸਭ ਮਤਲਬੀ ਹਨ, ਮਿਤ੍ਰ ਕੋਈ ਨਹੀਂ। ਇਸ ਕਰਕੇ ਜਿਸ ਆਦਮੀ ਦੇ ਅੰਦਰ ਕੋਈ ਅੰਸ਼ ਵੈਰਾਗ ਦੀ ਹੁੰਦੀ ਹੈ, ਉਹ ਦੁਨੀਆਂ ਤੋਂ ਠੁਹਕਰਾਂ ਖਾ-ਖਾ ਕੇ, ਲੋਕਾਂ ਦੇ ਛਲ ਵੇਖ-ਵੇਖ ਕੇ ਤੇ ਸੁਆਰਥ ਤੱਕ-ਤੱਕ ਕੇ ਅੰਤ ਲਾਂਭੇ ਹੋਣ ਨੂੰ ਕਰਦਾ ਹੈ ਅਰ ਇਕੱਲੇ ਵੱਸਣ ਨੂੰ ਪਸਿੰਦ ਕਰਦਾ ਹੈ, ਜਿੱਥੇ 'ਨਾ ਕਾਹੂ ਸਿਉ ਦੋਸਤੀ ਨਾ ਕਾਹੂ ਸਿਉ ਬੈਰ' ਤੇ ਏਕਾਂਤ ਬੈਠ ਕੇ ਕੋਈ ਜਪ ਤਪ ਬੀ ਸਾਂਈਂ ਪ੍ਰਾਪਤੀ ਲਈ ਕਰ ਸਕਦਾ ਹੈ।

ਪੀਂਜੂ - ਇਹ ਸਾਂਈਂ ਜੀ! ਠੀਕ ਹੈ, ਸੰਸਾਰ ਵਿਚ ਤਿਆਗ ਇਸੇ ਤਰ੍ਹਾਂ ਹੁੰਦਾ ਹੈ, ਸੰਸਾਰ ਦੇ ਖੋਟ ਵੇਖ-ਵੇਖ ਕੇ ਜੀ ਖੱਟਾ ਹੋ ਜਾਂਦਾ ਹੈ, ਵੈਰਾਗ ਵਧ ਜਾਂਦਾ ਹੈ ਤੇ ਆਦਮੀ ਏਕਾਂਤ ਢੂੰਡਦਾ ਹੈ, ਪਰ ਸਾਨੂੰ ਸਤਿਗੁਰ ਨਾਨਕ ਨੇ ਇਹ ਦੱਸਿਆ ਹੈ ਕਿ ਖੋਟਿਆਂ ਦੇ ਖੋਟ ਵੇਖ ਕੇ ਖੋਟਿਆਂ ਤੋਂ ਤਾਂ ਲਾਂਭੇ ਹੋ ਹੀ ਜਾਣਾ ਚਾਹੀਦਾ ਹੈ, ਪਰ ਸੰਸਾਰ ਦਾ ਤਿਆਗ ਕੀਤਿਆਂ ਤਾਂ ਖਰਿਆਂ ਨਾਲੋਂ ਬੀ ਟੁੱਟ ਜਾਵੋਂ ਜੋ ਬੜੇ ਘਾਟੇ ਦੀ ਗੱਲ ਹੈ। ਚਾਹੀਦਾ ਇਹ ਹੈ ਕਿ ਖੋਟਿਆਂ ਦਾ ਤਿਆਗ ਕਰੋ ਤੇ ਖਰਿਆਂ ਦਾ ਤਿਆਗ ਨਾ ਕਰੋ? ਖੋਟੇ ਤਿਆਗੋ ਤੇ ਖਰੇ ਰੱਖੋ, ਜਾਂ ਇਉਂ ਕਹੀਏ ਕਿ ਕੁਸੰਗ ਦਾ ਤਿਆਗ ਕਰਨਾ ਚਾਹੀਦਾ ਹੈ ਤੇ ਸਤਿਸੰਗ ਦਾ ਗ੍ਰਹਿਣ ਕਰਨਾ ਚਾਹੀਦਾ ਹੈ, ਕਚੜਿਆਂ ਨਾਲ ਤੋੜ ਕੇ ਪੱਕਿਆਂ ਨਾਲ ਰੱਖਣੀ ਚਾਹੀਏ।

ਬੁੱਢਣ ਸ਼ਾਹ - ਧੰਨ ਸਤਿਗੁਰ ਨਾਨਕ, ਧੰਨ ਸਤਿਗੁਰ ਨਾਨਕ! ਮੈਨੂੰ ਸਾਰੀ ਉਮਰ ਭੁੱਲ ਪਈ ਰਹੀ

ਕਿ ਸੰਸਾਰ ਖੋਟਾ ਹੈ ਤੇ ਤਿਆਗ ਹੀ ਰਸਤਾ ਹੈ, ਇਹ ਅੱਜ ਸਮਝ ਪਈ ਕਿ ਸਾਰਾ ਸੰਸਾਰ ਖੋਟਾ ਨਹੀਂ, ਭਾਵੇਂ ਵਿਰਲੇ ਹਨ, ਪਰ ਖਰੇ ਬੀ ਹਨ, ਸੋ ਉਨ੍ਹਾਂ ਪਿਆਰਿਆਂ ਨੂੰ ਲੱਭਣਾ ਤੇ ਉਹਨਾਂ ਦਾ ਸੰਗ ਕਰਨਾ ਚਾਹੀਏ। ਠੀਕ ਹੈ, ਹਠ ਵਾਲੀ ਏਕਾਂਤ ਵਿਚ ਰਹਿ ਮੇਰਾ ਮਨ ਬੀ ਕਰੜਾ ਜੇਹਾ ਹੋ ਗਿਆ ਸੀ, ਸੁਆਦ ਵਾਲੀ ਏਕਾਂਤੀ ਹੁਣ ਮਿਲੀ ਹੈ।

ਪੀਂਜੂ - ਜੇ ਦਿਲ ਏਕਾਂਤ ਹੋ ਜਾਏ, ਸਾਈਂ ਚਰਨਾਂ ਵਿਚ ਜੁੜੇ ਤਾਂ ਅਸਲ ਏਕਾਂਤ ਹੋ ਗਈ। ਸਾਂਈਂ ਨਾਲ ਰੱਤੇ ਸੱਜਣਾਂ ਨਾਲ ਮਿਲਦਾ ਰਹੇ ਤਾਂ ਏਕਾਂਤ ਬਣੀ ਰਹੀ। ਏਕਾਂਤੀਆਂ ਦੇ ਮੇਲ ਵਿਚ ਤਾਂ ਏਕਾਂਤ ਬਣੀ ਹੀ ਰਹੇਗੀ, ਕਿਉਂਕਿ ਸਭ ਨੇ ਮਿਲ ਕੇ ਪਿਆਰੇ ਦੇ ਹੀ ਜਸ ਕਰਨੇ ਹਨ।

ਬੁੱਢਣ ਸ਼ਾਹ - ਪਰ ਕੀਹ ਗੁਰੂ ਨਾਨਕ ਦੇ ਘਰ ਦੇ ਫਕੀਰ ਏਕਾਂਤ ਨਹੀਂ ਰਹਿੰਦੇ?

ਪੀਂਜੂ - ਜੇ ਦਿਲ ਏਕਾਂਤ ਹੋ ਜਾਏ ਸਾਂਈਂ ਚਰਨਾਂ ਵਿਚ ਜੁੜੇ ਤਾਂ ਅਸਲ ਏਕਾਂਤ ਹੋ ਗਈ। ਸਾਂਈਂ ਨਾਲ ਰੱਤੇ ਸੱਜਣਾਂ ਨਾਲ ਮਿਲਦਾ ਰਹੇ ਤਾਂ ਏਕਾਂਤ ਬਣੀ ਰਹੀ। ਏਕਾਂਤੀਆਂ ਦੇ ਮੇਲ ਵਿਚ ਤਾਂ ਏਕਾਂਤ ਬਣੀ ਹੀ ਰਹੇਗੀ, ਕਿਉਂਕਿ ਸਭ ਨੇ ਮਿਲ ਕੇ ਪਿਆਰੇ ਦੇ ਹੀ ਜਸ ਕਰਨੇ ਹਨ।

ਬੁੱਢਣ ਸ਼ਾਹ - ਪਰ ਕੀਹ ਗੁਰੂ ਨਾਨਕ ਦੇ ਘਰ ਦੇ ਫਕੀਰ ਏਕਾਂਤ ਨਹੀਂ ਰਹਿੰਦੇ?

ਪੀਂਜੂ - ਜੀ ਹਾਂ, ਇਕ ਹੋਰ ਉੱਚੀ ਏਕਾਂਤ ਹੈ, ਜਿਨ੍ਹਾਂ ਸਾਂਈਂ ਪਿਆਰਿਆਂ ਨੂੰ ਉੱਚਾ ਸਤਿਸੰਗ ਪ੍ਰਾਪਤ ਹੋ ਜਾਵੇ, ਅਰੂਪ ਸਤਿਸੰਗ ਤਕ ਜਿਨ੍ਹਾਂ ਦੀ ਪਹੁੰਚ ਹੋ ਜਾਵੇ, ਉਹ ਦਿਸਦੇ ਏਕਾਂਤ ਵਾਸੀ ਹਨ, ਪਰ ਹੁੰਦੇ ਸਤਿਸੰਗ ਵਿਚ ਹਨ। ਮੇਰੀ ਜਾਚੇ ਜੇ ਭਲੀ ਰੂਹ ਹੈ, ਸਾਂਈਂ ਦੇ ਪ੍ਰੇਮ ਤੇ ਸਿਮਰਨ ਵਾਲੀ ਹੈ, ਸ਼ੁਭ ਸਤਿਸੰਗ ਵਾਲੀ ਹੈ। ਸਾਈਂ ਦੇ ਪਿਆਰੇ ਹੰਸ ਹੁੰਦੇ ਹਨ, ਹੰਸ ਹੰਸਾਂ ਵਿਚ ਵਿਚਰਦੇ ਹਨ, ਚਾਹੇ ਰੂਪਧਾਰੀ ਹੋਣ ਚਾਹੇ ਅਰੂਪ॥

ਬੁੱਢਣ ਸ਼ਾਹ - ਸੱਚ ਹੈ, ਕੱਲ੍ਹ ਸਵੇਰੇ ਮੈਂ ਬੜਾ ਦੁਖੀ ਸਾਂ, ਆਪ ਦੀ ਕਾਕੀ - ਜਿਸ ਨੂੰ ਪਵਿੱਤਰਤਾ ਤੇ ਸਾਂਈਂ ਪ੍ਰੇਮ ਦੀ ਦੇਵੀ ਕਹਿਣਾ ਚਾਹੀਏ- ਆਈ, ਇਸ ਨੇ ਐਸੇ ਸਿਦਕ ਤੇ ਭਰੋਸੇ ਦੀਆਂ ਦੋ ਚਾਰ ਗੱਲਾਂ ਕੀਤੀਆਂ ਕਿ ਮੈਨੂੰ ਆਪਣੀ ਸਾਰੀ ਉਮਰ ਦੀਆਂ ਭੁੱਲਾਂ ਦੀ ਸਮਝ ਪੈ ਗਈ। ਸੱਚ ਹੈ, ਸਤਿਸੰਗ ਦਾ ਬੜਾ ਪ੍ਰਤਾਪ ਹੈ, ਧੰਨ ਸਤਿਗੁਰ ਨਾਨਕ ਹੈ ਜਿਸ ਨੇ ਮੇਰੇ ਜਿਹੇ ਇਕੱਲ ਦੇ ਵਾਸੀ ਲਈ ਸਤਿਸੰਗ ਦਾ ਦਰ ਖੋਹਲ ਦਿਤਾ, ਮੈਂ ਹੁਣ ਤੁਹਾਡੇ ਕਦੇ-ਕਦੇ ਡੋਘਰੇ ਆਇਆ ਕਰਾਂਗਾ।

ਪੀਂਜੂ - ਸਾਂਈਂ ਜੀ! ਤੁਹਾਡਾ ਘਰ ਹੈ ਸਿਰ ਮੱਥੇ ਤੇ ਆਓ, ਧੰਨ ਭਾਗ ਹਨ, ਪਰ ਹੁਣ ਤੁਸੀਂ ਗੁਰ ਨਾਨਕ ਦੇ ਨਿਵਾਜੇ ਹੋ ਤੇ ਉਸ ਦੇ ਪਿਆਰੇ ਹੋਏ ਹੋ, ਇਸ ਕਰਕੇ ਅਸੀਂ ਆਇਆ ਕਰਾਂਗੇ, ਤੁਸਾਂ ਸਾਰੀ ਉਮਰਾ ਤਪ ਕੀਤਾ ਹੈ, ਅਸੀਂ ਗ੍ਰਿਹਸਤੀ ਹਾਂ, ਨਾਨਕ ਨਿਰੰਕਾਰੀ ਦੀ ਨਦਰ ਨਿਹਾਲ ਹੋਏ ਹਾਂ, ਪਰ ਫੇਰ ਗ੍ਰਿਹਸਤੀ ਹਾਂ।

ਬੁੱਢਣਸ਼ਾਹ - ਇੰਵ ਨਾ ਆਖੋ, ਤੁਸੀਂ ਸਤਿਗੁਰੂ ਦੇ ਜੇਠੇ ਪੁੱਤਰ ਹੋ, ਮੈਂ ਅਜੇ ਨਿਆਣਾ ਹਾਂ। ਮੇਰੇ ਸਿਰ ਤੇ ਹੱਥ ਰਖਣਾ, ਮੈਂ ਤੁਹਾਡੇ ਆਸਰੇ ਤੁਰਨਾ ਹੈ। ਅਜੇ ਮੇਰਾ ਵੇਲਾ ਬਹੁਤ ਹੈ। ਸਾਂ ਤਾਂ ਮੈਂ ਬੈਠਾ ਨਦੀ ਕਿਨਾਰੇ ਪਰ ਸਤਿਗੁਰ ਨੇ ਮੇਰੀ ਉਮਰਾ ਦੀ ਤਾਰ ਲੰਮੀ ਕੀਤੀ ਹੈ। ਉਸ ਦੇ ਮਨ ਮਿਹਰ ਆਈ ਕਿ ਮੈਂ ਇਹ ਸਿਮਰਨ ਤੇ ਪ੍ਰੇਮ ਦੀ ਮੌਜ, ਇਹ ਨਾਮ ਦਾ ਰਸ ਤੇ ਸਤਿਸੰਗ ਦਾ ਹੁਲਾਸ ਕੁਛ ਸਮਾਂ ਮਾਣ ਕੇ ਪ੍ਰੇਮ ਦਾ ਸਬਕ ਪਕਾ ਕੇ ਏਥੋਂ ਟੁਰਾਂ। ਸੋ ਤੁਸਾਂ ਬੀ ਮੇਰੀ ਸਾਰ ਰੱਖਣੀ।

ਇਸ ਤਰ੍ਹਾਂ ਨਿੰਮ੍ਰਤਾ ਤੇ ਪ੍ਰੇਮ ਦੀ ਆਪੋ ਵਿਚ ਗੱਲ ਬਾਤ ਕਰਕੇ ਦੋਵੇਂ ਧਿਰਾਂ ਵਿਦਾ ਹੋਈਆਂ। ਹੁਣ ਅਕਸਰ ਵੇਰ ਇਕੱਠੇ ਹੁੰਦੇ, ਕਦੇ ਸ਼ਿਖਰੇ ਬੁੱਢਣ ਸ਼ਾਹ ਦੇ ਟਿਕਾਣੇ ਅਰ ਕਦੇ ਪੀਂਜੂ ਦੇ ਡੋਘਰੇ ਵਿਚ ਤੇ ਕਦੇ ਸਤਲੁਜ ਦੇ ਕਿਨਾਰੇ। ਜੰਗਲ ਵਿਚ ਮੰਗਲ ਹੋ ਗਿਆ। ਗੁਰੂ ਨਾਨਕ ਦਾ ਸਤਿਸੰਗ ਉਜਾੜਾਂ ਵਿਚ ਜਾਗ ਉਠਿਆ, ਗ੍ਰਿਹਸਤੀ ਤੇ ਉਮਰਾ ਦੇ ਸੰਨਿਆਸੀ ਫਕੀਰ ਇਕ ਥਾਵੇਂ ਮਿਲ ਬੈਠੇ। ਮੁਸਲਮਾਨ ਦੇ ਘਰ ਦਾ ਜਨਮਿਆਂ ਬੁੱਢਣ ਸ਼ਾਹ ਤੇ ਬ੍ਰਾਹਮਣ ਕੁਲ ਵਿਚ ਪਲਿਆ ਤੇ ਪੜ੍ਹਿਆ ਪੀਂਜੂ ਸਕੇ ਭਰਾਵਾਂ ਤੋਂ ਵਧੀਕ ਪਿਆਰ ਵਿਚ ਪਰੋਤੇ ਗਏ। ਗੁਰ ਨਾਨਕ ਗੋਦ ਵਿਚ ਸਾਰੇ ਗੁਰੂ-ਗ੍ਰਿਹ-ਬਾਲਕੇ ਖੇਡਣ ਲੱਗੇ। ਧੰਨ ਸਤਿਗੁਰ ਨਾਨਕ ਜਿਨ ਸਭ 'ਮਾਨਸ' ਤੇ 'ਦੇਵਤੇ' ਕਰ ਦਿਖਾਏ, ਧੰਨ ਸਤਿਗੁਰ ਨਾਨਕ, ਧੰਨ ਸਤਿਗੁਰ ਨਾਨਕ ਦਾ ਸਤਿਸੰਗ।

*'ਚਲਦਾ..........।'*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਿਰੀਰਾਗ ਕੇ ਛੰਤ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

ਹਠ ਮਝਾਹੂ ਮਾ ਪਿਰੀ
ਪਸੇ ਕਿਉ ਦੀਦਾਰ ॥

ਸਤਿਗੁਰੂ ਸਾਹਿਬ ਜੀ ਨੂੰ ਸਿੱਖਾਂ ਨੇ ਬੇਨਤੀ ਕਰਕੇ ਪੁੱਛਿਆ ਕਿ ਹੇ ਪਾਤਸ਼ਾਹ ਜੀ! ਵੇਦਾਂ, ਸ਼ਾਸਤਰਾਂ ਅਤੇ ਆਪ ਦੇ ਦੁਆਰਾ ਇਹ ਸੁਣਿਆ ਹੈ ਕਿ ਜੋ ਮਾ=ਮੇਰਾ ਪਿਰੀ=ਪਤੀ ਰੂਪ ਪਰਮੇਸ਼ਰ ਹੈ, ਉਹ ਹਨ=ਹਿਰਦਿਆਂ ਮਝਾਹੁ=ਵਿਚ ਹੈ। ਸਾਰਿਆਂ ਦੇ ਹਿਰਦਿਆਂ ਵਿਚ ਪਰਮੇਸ਼ਰ ਆਪ ਨਿਵਾਸ ਕਰਦਾ ਹੈ।

('ਪਸੇ' ਸੰਸਕ੍ਰਿਤ ਵਿਚ ਦੇਖਣ ਦਾ ਨਾਂ ਹੈ। 'ਦੀਦਾਰ' ਫਾਰਸੀ ਦਾ ਲਫ਼ਜ਼ ਵਰਤਿਆ ਹੈ। ਬੋਲੀ ਪੰਜਾਬੀ ਦੀ ਹੈ) ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਉਸ ਅਕਾਲ ਪੁਰਖ ਪਰਮੇਸ਼ਰ ਦਾ ਕਿਵੇਂ ਦੀਦਾਰ=ਦਰਸ਼ਨ ਪਸੇ=ਦੇਖਿਆ ਜਾਵੇ। ਕ੍ਰਿਪਾ ਕਰਕੇ ਆਪ ਜੀ ਦੱਸਣਾ ਕਰੋ, ਤਾਂ ਸਤਿਗੁਰੂ ਸਾਹਿਬ ਜੀ ਕ੍ਰਿਪਾਲੂ ਹੋ ਕੇ ਉੱਤਰ ਦਿੰਦੇ ਹਨ।

ਸੰਤ ਸਰਣਾਈ ਲਭਣੇ
ਨਾਨਕ ਪ੍ਰਾਣ ਅਧਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਪ੍ਰਾਣਾਂ ਦੇ ਅਧਾਰ=ਆਸਰਾ ਪਰਮੇਸ਼ਰ ਜੀ ਸੰਤ=ਸ਼ਾਂਤ ਚਿਤ ਮਹਾਂਪੁਰਖਾਂ ਦੀ ਸਰਣਾਈ=ਸ਼ਰਨ ਵਿਚ ਆਉਣ ਨਾਲ ਲਭਣੇ=ਲੱਭ ਪੈਂਦੇ ਹਨ।

ਅਰਥਾਤ ਅਸੀਂ ਭੁੱਲਣਹਾਰ ਉਸ ਦੇ ਪ੍ਰਕਾਸ਼ ਨੂੰ ਨਹੀਂ ਸਮਝਦੇ। ਅਨੇਕਾਂ ਪ੍ਰਕਾਰ ਦੇ ਪ੍ਰਕਾਸ਼ ਮੰਨੇ ਗਏ ਹਨ। ਜੋਗੀ ਜਨ ਦਸਵੇਂ ਦੁਆਰ ਵਿਚ ਪ੍ਰਕਾਸ਼ ਵੇਖ ਲੈਂਦੇ ਹਨ, ਅਭਿਆਸੀ ਜਨ ਹਿਰਦੇ ਦਾ ਚਾਨਣ ਬਿਰਤੀ ਦੁਆਰਾ ਵੇਖ ਲੈਂਦੇ ਹਨ। ਇਸੇ ਤਰ੍ਹਾਂ ਜਠਰ ਅਗਨੀ ਦੇ ਵੇਸ ਨੂੰ ਵੀ ਜਿਵੇਂ ਬਿਜਲੀ ਦੀਆਂ ਤਾਰਾਂ ਚਮਕਦੀਆਂ ਹਨ, ਇਉਂ ਉਸ ਚਾਨਣੇ ਨੂੰ ਵੇਖ ਲੈਂਦੇ ਹਨ। ਇਕ ਚਾਨਣਾ ਹਿਰਨ ਗਰਭ ਦਾ ਪ੍ਰਕਾਸ਼ ਸਾਰੇ ਹਨ੍ਹੇਰੇ ਵਿਚ ਚਾਨਣਾ ਹੀ ਚਾਨਣਾ ਪ੍ਰਤੀਤ ਹੁੰਦਾ ਹੈ। ਇਉਂ ਸਾਰੇ ਪਰਮੇਸ਼ਰ ਦਾ ਪ੍ਰਕਾਸ਼ ਹੋ ਜਾਂਦਾ ਹੈ।

ਛੰਤੁ ॥
ਚਰਨ ਕਮਲ ਸਿਉ ਪ੍ਰੀਤਿ
ਰੀਤਿ ਸੰਤਨ ਮਨਿ ਆਵਏ ਜੀਉ ॥

ਪਰਮੇਸ਼ਰ ਦੇ ਚਰਨਾਂ ਕਮਲਾਂ ਸਿਉ=ਨਾਲ ਪ੍ਰੀਤ=ਪ੍ਰੀਤੀ ਲਾਉਣ ਦੀ ਰੀਤਿ=ਮਰਿਯਾਦਾ ਕੇਵਲ ਸੰਤਨ=ਸੰਤਾਂ ਭਗਤਾਂ ਦੇ ਮਨ ਵਿਚ ਹੀ ਆਵਏ=ਆ ਸਕਦੀ ਹੈ ਜੀ ਅਥਵਾ ਜੋ ਨਿਰਗੁਣ ਸਰੂਪ ਦੇ ਅਧਿਸ਼ਠਾਨ ਰੂਪ ਚਰਨ ਹਨ, ਉਹ ਬਾਣੀ ਦੇ ਪਦ, ਸ਼ਬਦ ਰੂਪ ਚਰਨ ਹਨ।

ਇਹ ਸ਼ਬਦ ਰੂਪ ਚਰਨ ਸੰਤ ਜਨਾਂ ਦੇ ਹਿਰਦੇ ਵਿਚ ਵਸਦੇ ਹਨ। ਚਰਨਾਂ ਕਮਲਾਂ ਸਿਉ=ਨਾਲ ਜਿਹੜੀ ਪ੍ਰੀਤੀ ਕਰਨੀ ਹੈ, ਐਸੀ ਪ੍ਰੀਤ ਦੀ ਰੀਤਿ=ਮਰਯਾਦਾ ਹੋਰਨਾਂ ਨੂੰ ਨਹੀਂ ਪਤਾ, ਉਹ ਕੇਵਲ ਤੇ ਕੇਵਲ ਸੰਤਨ=ਸੰਤਾਂ ਦੇ ਮਨ ਵਿਚ ਹੀ ਆਵਏ=ਆਉਂਦੀ ਹੈ ਜੀ। ਮਹਾਰਾਜ ਸਾਹਿਬ ਜੀ ਦੇ ਚਰਨਾਂ ਕਮਲਾਂ ਨੂੰ ਅੰਦਰ ਵਸਦੇ ਜਾਣ ਕੇ ਪ੍ਰੀਤੀ ਪ੍ਰਗਟ ਕਰ ਲੈਣੀ, ਸਾਖਿਆਤ ਕਰ ਲੈਣਾ ਆਦਿ ਇਹ ਰੀਤਿ=ਮਰਯਾਦਾ ਸੰਤਾਂ ਭਗਤਾਂ, ਮਹਾਂਪੁਰਖ ਦੇ ਮਨ ਵਿਚ ਆਈ ਹੈ। ਦੂਸਰੇ ਦੁਨੀਆਂਦਾਰੀ ਸੰਸਾਰੀ ਲੋਕ ਬੁੱਤ ਮੂਰਤੀਆਂ ਆਦਿ ਨੂੰ ਵੇਖ-ਵੇਖ ਕੇ ਹੀ ਖੁਸ਼ ਹੁੰਦੇ ਫਿਰਦੇ ਹਨ।

ਦੁਤੀਆ ਭਾਉ ਬਿਪਰੀਤਿ ਅਨੀਤਿ
ਦਾਸਾ ਨਹ ਭਾਵਏ ਜੀਉ ॥

ਉਹ ਸੰਤ ਜਨ ਦੁਤੀਆ ਭਾਉ=ਦਵੈਤ ਭਾਵ ਤੋਂ ਬਿਪਰੀਤਿ=ਉਲਟ ਹੋ ਗਏ ਹਨ। ਜਿਹੜੀ ਦਵੈਤ ਭਾਵ ਹੈ, ਉਹ ਕਰੁਣਾ, ਮੈਤਰੀ, ਮੁਦਤਾ, ਅਪੇਖਿਆ ਆਦਿ ਅਨੀਤਿ=ਨੀਤੀ ਤੋਂ ਵਿਰੁੱਧ ਹੈ। ਦਾਸਾਂ=ਸੇਵਕਾਂ ਨੂੰ ਇਸ ਤੋਂ ਉਲਟ ਚੱਲਣਾ ਭਾਵਏ=ਚੰਗਾ ਨਹੀਂ ਲੱਗਦਾ ਜੀ।

ਦਾਸਾ ਨਹ ਭਾਵਏ ਬਿਨੁ ਦਰਸਾਵਏ
ਇਕ ਖਿਨੁ ਧੀਰਜੁ ਕਿਉ ਕਰੈ ॥

ਮਹਾਰਾਜ ਸਾਹਿਬ ਦੇ ਦਾਸਾ=ਸੇਵਕਾਂ ਨੂੰ ਉਨ੍ਹਾਂ ਦੇ ਦਰਸਾਵਏ=ਦਰਸ਼ਨਾਂ ਤੋਂ ਬਿਨਾਂ ਹੋਰ ਕੁਝ ਵੀ ਭਾਵਏ=ਚੰਗਾ ਨਹ=ਨਹੀਂ ਲੱਗਦਾ। ਐਸੇ ਸੰਤ ਜਨ

ਇਕ ਖਿਨੁ=ਛਿਨ ਮਾਤਰ ਵੀ ਕਿਉ=ਕਿਵੇਂ ਧੀਰਜੁ ਕਰਨ ਕਿਉਂਕਿ ਉਹ ਮਹਾਰਾਜ ਸਾਹਿਬ ਦੇ ਦਰਸ਼ਨਾਂ ਦੇ ਇਤਨੇ ਪਿਆਸੇ ਹਨ ਕਿ ਉਨ੍ਹਾਂ ਤੋਂ ਇਕ ਖਿਨ ਮਾਤਰ ਦੀ ਰਿਹਾ ਨਹੀਂ ਜਾਂਦਾ।

ਨਾਮ ਬਿਹੂਨਾ ਤਨੁ ਮਨੁ ਹੀਨਾ
ਜਲ ਬਿਨੁ ਮਛੁਲੀ ਜਿਉ ਮਰੈ ॥

ਪਰਮੇਸ਼ਰ ਦੇ ਨਾਮ ਤੋਂ ਬਿਹੂਨਾ=ਬਿਨਾਂ ਰਹਿਣ ਨਾਲ ਤਨੁ=ਸਰੀਰ ਵੀ ਹੀਨਾ=ਨਿਰਬਲ ਹੋ ਜਾਂਦਾ ਹੈ ਅਤੇ ਵਿਸ਼ਿਆਂ ਦੀ ਸੰਗਤ ਕਰਕੇ ਮਨ ਵੀ ਗੁਣਾਂ ਤੋਂ ਹੀਨਾ=ਖਾਲੀ ਹੋ ਜਾਂਦਾ ਹੈ। ਪ੍ਰੇਮੀ ਸੰਤ ਜਨਾਂ ਦੀ ਐਸੀ ਹਾਲਤ ਹੁੰਦੀ ਹੈ ਜਿਉ=ਜਿਵੇਂ ਜਲ=ਪਾਣੀ ਤੋਂ ਬਿਨਾਂ ਮੱਛੀ ਤੜਫ-ਤੜਫ ਕੇ ਮਰ ਜਾਂਦਾ ਹੈ। ਇਉਂ ਮਹਾਰਾਜ ਸਾਹਿਬ ਜੀ ਦੇ ਨਾਮ ਤੋਂ ਬਿਨਾਂ ਵਿਛੁੜ ਕੇ ਤੜਫ ਕੇ ਤੜਫ ਕੇ ਮਰ ਰਹੇ ਹਨ। ਉਸ ਪਰਮੇਸ਼ਰ ਦੇ ਨਾਮ ਤੋਂ ਭੁੱਲ ਜਾਣਾ ਹੀ ਮਰਨਾ ਹੈ।

ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ
ਗੁਣ ਸਾਧਸੰਗਿ ਮਿਲਿ ਗਾਵਏ ॥

ਮੇਰੇ ਪ੍ਰਾਣਾਂ ਦੇ ਅਧਾਰੇ=ਆਸਰੇ ਪਿਆਰੇ ਅਕਾਲ ਪੁਰਖ ਪਰਮੇਸ਼ਰ ਜੀ ਆਪ ਕ੍ਰਿਪਾ ਕਰਕੇ ਸਾਨੂੰ ਮਿਲ-ਮਿਲਣਾ ਕਰੋ। 'ਤੇ ਐਸੀ ਕ੍ਰਿਪਾ ਕਰੋ ਕਿ ਤੁਹਾਡੀ ਸਾਧ ਸੰਗਤ ਵਿਚ ਮਿਲ ਕੇ ਸ਼ੁਭ ਗੁਣਾਂ ਨੂੰ ਗਾਵਏ=ਗਾਉਣਾ ਕਰੀਏ।

ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ
ਮਨਿ ਤਨਿ ਅੰਕਿ ਸਮਾਵਏ ॥੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਦੇ ਆਸਰਾ ਰੂਪ ਹੇ ਸੁਆਮੀ ਅਕਾਲ ਪੁਰਖ ਪਰਮੇਸ਼ਰ! ਸਾਡੇ ਉਤੇ ਅਨੁਗ੍ਰਹੁ=ਕ੍ਰਿਪਾ ਦ੍ਰਿਸ਼ਟੀ ਧਾਰਨ ਕਰੋ। ਮਨ ਅਤੇ ਤਨ ਕਰਕੇ ਅੰਤਹਕਰਣ ਦਾ ਬਣਿਆ ਹੋਇਆ ਅਭਿਮਾਨ ਮਿਟ ਜਾਵੇ ਅਤੇ ਤਨ, ਮਨ ਕਰਕੇ ਅਸੀਂ ਤੇਰੇ ਅੰਕਿ=ਸਰੂਪ ਵਿਚ ਸਮਾਵਏ=ਸਮਾਅ ਜਾਈਏ। ਭਾਵ ਅਭੇਦ ਹੋ ਜਾਈਏ।

ਡਖਣਾ ॥
ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥

ਐਸੇ ਸੰਤ ਜਨਾਂ ਨੂੰ ਉਹ ਪਰਮੇਸ਼ਰ ਹਭ=ਸਾਰਿਆਂ ਠਾਇ=ਥਾਵਾਂ ਭਾਵ ਹਿਰਦਿਆਂ, ਖਾਣੀਆਂ, ਖੰਡਾਂ ਬ੍ਰਹਿਮੰਡਾਂ ਵਿਚ ਵਾਹਿਗੁਰੂ ਜੋਤਿ ਭਾਵ ਪ੍ਰਕਾਸ਼ ਕਰਕੇ ਸੋਹੰਦੜੋ=ਸ਼ੋਭਨੀਕ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਉਸ ਪਰਮੇਸ਼ਰ ਵਾਹਿਗੁਰੂ ਤੋਂ ਬਿਨਾਂ ਹੋਰ ਕੋਇ=ਕੋਈ ਡੂਜੜੋ=ਦੂਜਾ ਨਹੀਂ ਦਿਸੈ=ਦਿਸਦਾ, ਕਿਉਂਕਿ -

ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥

ਸਤਿਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਭੇਟਤੇ=ਮਿਲਣ ਕਰਕੇ ਉਨ੍ਹਾਂ ਦੇ ਪੰਜਾਂ ਕੋਸ਼ਾਂ ਦੇ ਕਪਾਟ=ਤਖਤੇ ਆਸਾ ਅੰਦੇਸਾ ਦੇ ਦਰਵਾਜ਼ੇ ਖੁਲੜੇ=ਖੁਲ੍ਹ ਗਏ ਹਨ।

ਛੰਤੁ ॥
ਤੇਰੇ ਬਚਨ ਅਨੂਪ ਅਪਾਰ
ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥

ਹੇ ਕਰਤਾ ਪੁਰਖ ਜੀ!ਤੇਰੇ ਵੇਦ, ਸ਼ਾਸਤ੍ਰ, ਸੁਰਤੀ ਸਿਮਰਤੀ ਰੂਪ ਵਾ: ਗੁਰਾਂ ਦੀ ਬਾਣੀ ਰੂਪ ਬਚਨ=ਵਾਕ ਅਨੂਪ=ਉਪਮਾ ਤੋਂ ਰਹਿਤ ਤੇ ਅਪਾਰ=ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਕਰਨ ਵਾਲੇ ਹਨ, ਉਹ ਬਚਨ ਸੰਤਨ=ਸੰਤ ਜਨਾਂ ਦਾ ਆਧਾਰ=ਆਸਰਾ ਰੂਪ ਹਨ ਇਸੇ ਕਰਕੇ ਸੰਤ ਜਨ ਉਸੇ ਬਾਣੀ ਦਾ ਬੀਚਾਰੀਐ=ਵੀਚਾਰ ਕਰਦੇ ਰਹਿੰਦੇ ਹਨ।

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ
ਕਿਉ ਮਨਹੁ ਬਿਸਾਰੀਐ ਜੀਉ ॥

ਹੇ ਪਰਮੇਸ਼ਰ! ਉਹ ਪੂਰਨ ਬਿਸੁਆਸ=ਭਰੋਸਾ ਧਾਰ ਕੇ ਸਾਸ=ਸੁਆਸ ਲੈਂਦਿਆਂ ਗਿਰਾਸ=ਭੋਜਨ ਖਾਂਦਿਆਂ ਵਾ: ਹਰੇਕ ਸੁਆਸ ਨਾਲ ਤੇਰਾ ਨਾਮ ਸਿਮਰਤ=ਸਿਮਰਦੇ ਰਹਿੰਦੇ ਹਨ, ਇਸ ਕਰਕੇ ਉਹ ਸੰਤ ਜਨ ਤੇਤੇ ਨਾਮ ਨੂੰ ਕਿਉਂ=ਕਿਵੇਂ ਮਨ ਵਿਚੋਂ ਬਿਸਾਰੀਐ=ਭੁਲਾ ਸਕਦੇ ਹਨ ਵਾ: ਅਸੀਂ ਉਨ੍ਹਾਂ ਸੰਤ ਜਨਾਂ ਨੂੰ ਮਨ ਵਿਚੋਂ ਕਿਵੇਂ ਭੁਲਾ ਸਕਦੇ ਹਾਂ ਭਾਵ ਨਹੀਂ ਭੁਲਾ ਸਕਦੇ।

ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ
ਗੁਣਵੰਤ ਪ੍ਰਾਨ ਹਮਾਰੇ ॥

ਉਹ ਸੰਤ ਜਨ ਮਨ ਵਿਚੋਂ ਪਰਮੇਸ਼ਰ ਨੂੰ ਕਿਉ=ਕਿਵੇਂ ਭੁਲਾ ਸਕਦੇ ਹਨ, ਉਹ ਤਾਂ ਇਕ ਨਿਮਖ=ਛਿਨ ਮਾਤਰ ਵੀ ਨਾਮ ਸਿਮਰਨ ਵੱਲੋਂ ਚਿੱਤ ਨੂੰ ਟਾਰੀਐ=ਟਾਲਦੇ ਨਹੀਂ, ਸਗੋਂ ਉਹ ਤਾਂ ਇਉਂ ਕਹਿੰਦੇ ਹਨ ਕਿ ਗੁਣਵੰਤ=ਗੁਣਾਂ ਵਾਲਾ ਪਰਮੇਸ਼ਰ ਹਮਾਰੇ=ਸਾਡੇ ਪ੍ਰਾਣਾਂ ਦਾ ਆਸਰਾ ਰੂਪ ਹੈ ਅਤੇ ਉਨ੍ਹਾਂ ਨੂੰ ਇਹ ਨਿਸਚਾ ਹੋ ਜਾਂਦਾ ਹੈ -

ਮਨ ਬਾਂਛਤ ਫਲ ਦੇਤ ਹੈ ਸੁਆਮੀ
ਜੀਅ ਕੀ ਬਿਰਥਾ ਸਾਰੇ ॥

ਸੁਆਮੀ=ਅਕਾਲ ਪੁਰਖ ਮਾਲਕ ਮਨ ਬਾਂਚਤ=ਮਨ ਭਾਉਂਦੇ ਧਰਮ, ਅਰਥ, ਕਾਮ, ਮੋਖ ਆਦਿ ਸਾਰੇ ਫਲ ਦੇਤ=ਦੇਣ ਵਾਲਾ ਹੈ ਅਤੇ ਜੀਅ=ਜੀਵਾਂ ਦੀ ਬਿਰਥਾ=ਪੀੜਾ ਨੂੰ ਆਪ ਹੀ ਸਾਰੇ=ਸੰਭਾਲਦਾ ਭਾਵ ਸਾਰ ਲੈਂਦਾ ਹੈ ਵਾ: ਜਿਹੋ ਜਿਹੀ ਕਿਸੇ ਦੀ ਬਿਰਥਾ=ਪੀੜਾ ਹੈ, ਉਹ ਉਸ ਨੂੰ ਅਤੇ ਉਸ ਦੇ ਸਾਰੇ ਕੰਮਾਂ ਨੂੰ ਆਪਣੀ ਕ੍ਰਿਪਾ ਕਰਕੇ ਆਪ ਹੀ ਸੰਭਾਲਦਾ ਹੈ।

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ
ਜਪਿ ਜੂਐ ਜਨਮੁ ਨ ਹਾਰੀਐ ॥

ਉਹ ਅਨਾਥ=ਯਤੀਮਾਂ ਦੇ ਜਿਨ੍ਹਾਂ ਦਾ ਕੋਈ ਵੀ ਨਹੀਂ ਹੁੰਦਾ, ਉਨ੍ਹਾਂ ਦਾ ਨਾਥ=ਮਾਲਕ ਹੈ ਅਤੇ ਉਨ੍ਹਾਂ ਸ੍ਰਬ=ਸਾਰਿਆਂ ਕੈ=ਦੇ ਸਦਾ ਹੀ ਸਾਥੇ=ਸਾਥ ਰਹਿਣ ਵਾਲਾ ਹੈ। ਇਸ ਅਮੋਲਕ ਮਨੁੱਖਾ ਜਨਮ ਨੂੰ ਸ਼ਬਦ ਸਪਰਸ਼ ਰੂਪ, ਰਸ, ਗੰਧ ਆਦਿ ਵਿਸ਼ਿਆਂ ਰੂਪੀ ਸੰਸਾਰ ਰੂਪੀ ਜੂਏ ਵਿਚ ਨਾ ਹਾਰੀਐ=ਹਾਰੀਏ ਭਾਵ ਵਿਸ਼ਿਆਂ ਵਿਚ ਲਗ ਕੇ ਵਿਅਰਥ ਨਾ ਗਵਾਈਏ।

ਨਾਨਕ ਕੀ ਬੇਨੰਤੀ ਪ੍ਰਭ ਪਹਿ
ਕ੍ਰਿਪਾ ਕਰਿ ਭਵਜਲੁ ਤਾਰੀਐ
॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ=ਅਕਾਲ ਪੁਰਖ ਜੀ! ਸਾਡੀ ਦਾਸਰਿਆਂ ਕੀ=ਦੀ ਤਾਂ ਤੁਹਾਡੇ ਪਹਿ=ਪਾਸ ਹੀ ਬੇਨੰਤੀ=ਅਰਦਾਸ ਹੈ। ਆਪ ਹੀ ਆਪਣੇ ਪਿਆਰਿਆਂ ਨੂੰ ਕ੍ਰਿਪਾ ਕਰਕੇ ਭਵਜਲੁ=ਸੰਸਾਰ ਸਮੁੰਦਰ ਤੋਂ ਤਾਰੀਐ=ਤਾਰ ਲੈਣਾ ਕਰੋ।

ਡਖਣਾ ॥
ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥

ਜਦੋਂ ਸਾਈ=ਮਾਲਕ ਪਰਮੇਸ਼ਰ ਕ੍ਰਿਪਾਲ=ਦਇਆਲੂ ਥੀਏ=ਹੁੰਦਾ ਹੈ ਤਾਂ ਸਾਧ=ਸ੍ਰੇਸ਼ਟ ਜਨਾਂ ਦੇ ਚਰਨਾਂ ਖੇ=ਦੀ ਧੂੜੀ ਵਿਚ ਮਜਨੁ=ਇਸ਼ਨਾਨ ਹੁੰਦਾ ਹੈ ਵਾ: ਜੇ ਸਾਧੂਆਂ ਦੀ ਚਰਨ ਧੂੜੀ ਵਿਚ ਇਸ਼ਨਾਨ ਕੀਤਾ ਜਾਵੇ ਤਾਂ ਮਾਲਕ ਪਰਮੇਸ਼ਰ ਕ੍ਰਿਪਾਲੂ ਹੁੰਦਾ ਹੈ ਅਥਵਾ ਸੰਤਾਂ ਦੀ ਅਤੇ ਸਾਧਸੰਗਤ ਦੀ ਜੋ ਧੂੜ ਹੈ, ਉਹ ਮਜਨੁ=ਇਸ਼ਨਾਨ ਦਾ ਪੁਰਬ ਲੱਗਾ ਹੋਇਆ ਹੈ। ਜਿਸ ਪ੍ਰਕਾਰ 12 ਸਾਲ ਬਾਅਦ ਹਰਿਦੁਆਰ, ਪਰਾਗ ਰਾਜ, ਉਜੈਨ ਆਦਿ ਦਾ ਕੁੰਭ ਲਗਦਾ ਹੈ। ਸਾਧ-ਸੰਗਤ ਦੀ ਧੂੜ ਖੇ=ਵਿਖੇ=ਵਿਖੇ ਮਜਨੁ=ਪੁਰਬ ਦਾ ਇਸ਼ਨਾਨ ਹੈ। ਸਾਧਸੰਗਤ ਦੇ ਬੈਠਣ ਵਾਲੇ ਤੱਪੜ ਝਾੜਨੇ ਧੂੜੀ ਵਿਚ ਇਸ਼ਨਾਨ ਕਰਨਾ ਹੈ। ਸੰਗਤਾਂ ਵਾਲੀ ਥਾਂ 'ਤੇ ਝਾੜੂ ਲਾਉਣਾ, ਪ੍ਰਕਾਸ਼ ਵਾਲੀ ਥਾਂ 'ਤੇ ਝਾੜੂ ਲਾਉਣਾ, ਇਸ ਨੂੰ ਭਾਈ ਸਾਹਿਬ ਜੀ ਨੇ ਸੁਤੇ-ਸਿਧ ਇਸ਼ਨਾਨ ਦਸਿਆ ਹੈ। ਇਸ ਪ੍ਰਕਾਰ ਜਿਨ੍ਹਾਂ ਨੂੰ ਸਾਧਸੰਗਤ ਦੀ ਧੂੜੀ ਖੇ=ਵਿਖੇ ਮਜਨੁ=ਪੁਰਬ ਦਾ ਇਸ਼ਨਾਨ ਪ੍ਰਾਪਤ ਹੋਇਆ ਹੈ, ਉਨ੍ਹਾਂ ਉਤੇ ਸਾਈ=ਪ੍ਰਭੂ ਮਾਲਕ ਕ੍ਰਿਪਾਲ=ਕਿਰਪਾਲੁ ਭਾਵ ਦਇਆਲ ਹੋਇਆ ਹੈ।

ਲਧੇ ਹਭੇ ਥੋਕੜੇ
ਨਾਨਕ ਹਰਿ ਧਨੁ ਮਾਲ ॥ ੧ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਹਰਿ=ਪ੍ਰਮੇਸ਼ਰ ਦਾ ਨਾਮ ਰੂਪੀ ਧਨ, ਸ੍ਰਵਣ ਰੂਪੀ ਘੋੜੇ, ਮੰਨਣ ਰੂਪੀ ਰਥ ਤੇ ਨਿਧਿਆਸਣ ਰੂਪੀ ਹਾਥੀ ਆਦਿ ਮਾਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਹਭੇ=ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਥੋਕੜੇ=ਪਦਾਰਥ ਵੀ ਲਧੇ=ਲੱਭ ਜਾਂਦੇ ਹਨ।

ਛੰਤੁ ॥
ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ
ਆਸਾ ਲਗਿ ਜੀਵਤੇ ਜੀਉ ॥

ਸੁਆਮੀ=ਮਾਲਕ ਪਰਮੇਸ਼ਰ ਦਾ ਸੁੰਦਰ=ਸੋਹਣਾ ਸੰਗਤ ਰੂਪੀ, ਸਚਖੰਡ ਰੂਪ ਧਾਮ=ਘਰ ਹੈ। ਉਸ ਘਰ ਵਿਚ ਭਗਤ ਜਨ ਬਿਸ੍ਰਾਮ=ਇਸਥਿਤੀ ਪਾਉਂਦੇ ਹਨ ਅਤੇ ਉਸੇ ਪਰਮੇਸ਼ਰ ਦੀ ਹੀ ਆਸਾ ਵਿਚ ਲੱਗ ਕਰਕੇ ਜੀਵਤੇ=ਜਿਉਂਦੇ ਹਨ ਕਿ ਸਾਨੂੰ ਉਸ ਪ੍ਰਭੂ ਦੀ ਪ੍ਰਾਪਤੀ ਹੋਵੇਗੀ।

ਮਨਿ ਤਨੇ ਗਲਤਾਨ
ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥

ਭਗਤ ਜਨ ਹਰ ਪਰਮੇਸ਼ਰ ਦੇ ਨਾਲ ਸਿਮਰਤ=ਸਿਮਰਨ ਵਿਚ ਬਿਰਤੀ ਜੋੜ ਕੇ ਮਨ ਅਤੇ ਤਨ ਕਰਕੇ ਗਲਤਾਨ=ਮਸਤ ਭਾਵ ਮਸਤਾਨੇ ਰਹਿੰਦੇ ਹਨ ਵਾ: ਮਨ ਤਨ ਕਰਕੇ ਗਲਤਾਨ=ਮਸਤ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਸਿਮਰਦੇ ਹਨ ਅਤੇ ਹਰੀ ਦੇ ਨਾਮ ਰੂਪੀ ਅੰਮ੍ਰਿਤ ਨੂੰ ਪੀਵਤੇ=ਪੀਂਦੇ ਹਨ ਜੀ।

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ
ਬਿਖੈ ਬਨੁ ਫੀਕਾ ਜਾਨਿਆ ॥

ਉਹ ਹਰਿ=ਹਰੀ ਪਰਮੇਸ਼ਰ ਦੇ ਅੰਮ੍ਰਿਤ ਰੂਪੀ ਨਾਮ ਨੂੰ ਪੀਵਤੇ=ਪੀਂਦੇ ਹਨ ਅਤੇ ਬ੍ਰਹਮ ਰੂਪ ਵਿਚ ਸਦਾ=ਹਮੇਸ਼ਾ ਥਿਰੁ=ਇਸਥਿਤ ਥੀਵਤੇ=ਹੁੰਦੇ ਹਨ। ਉਨ੍ਹਾਂ ਨੇ ਬਿਖੈ=ਵਿਸ਼ਿਆਂ ਦੇ ਬਨੁ=ਪਾਣੀ ਨੂੰ ਫੀਕਾ=ਨਿਰਸ ਭਾਵ ਫਿੱਕਾ ਜਾਨਿਆ=ਸਮਝਿਆ ਹੈ।

**ਭਏ ਕਿਰਪਾਲ ਗੋਪਾਲ ਪ੍ਰਭ ਮੇਰੇ**
**ਸਾਧਸੰਗਤਿ ਨਿਧਿ ਮਾਨਿਆ ॥**

ਜਿਨ੍ਹਾਂ ਉਤੇ ਮੇਰੇ ਪ੍ਰਭ=ਸੁਆਮੀ ਮਾਲਕ ਗੋਪਾਲ=ਪਰਮੇਸ਼ਰ ਜੀ ਕਿਰਪਾਲ=ਕ੍ਰਿਪਾਲੁ ਭਏ=ਹੋਏ ਹਨ, ਉਨ੍ਹਾਂ ਨੇ ਸਾਧਸੰਗਤ ਵਿਚੋਂ ਪਰਮੇਸ਼ਰ ਦੇ ਨਾਮ ਰੂਪੀ ਨਿਧਿ=ਖਜ਼ਾਨੇ ਦੇ ਸੁਖ ਨੂੰ ਮਾਨਿਆ=ਮਾਣ ਲਿਆ ਹੈ ਵਾ: ਉਨ੍ਹਾਂ ਨੇ ਸਾਧਸੰਗਤ ਨੂੰ ਸੁਖਾਂ ਦੀ ਨਿਧੀ ਕਰਕੇ ਮੰਨਿਆ ਹੈ।

**ਸਰਬਸੋ ਸੂਖ ਆਨੰਦ ਘਨ ਪਿਆਰੇ**
**ਹਰਿ ਰਤਨੁ ਮਨ ਅੰਤਰਿ ਸੀਵਤੇ ॥**

ਹੇ ਪਿਆਰੇ! ਉਨ੍ਹਾਂ ਭਗਤਾਂ ਨੂੰ ਬੈਕੁੰਠ ਦੀਆਂ ਮੁਕਤੀਆਂ, ਜੀਵਨ ਮੁਕਤੀ ਦੇ ਆਦਿ ਸਰਬਸੋ=ਸਾਰੇ ਸੂਖ=ਸੁਖ ਤੇ ਘਨਾ=ਬਹੁਤਾ ਅਨੰਦ ਭਾਵ ਬ੍ਰਹਮਾਨੰਦ ਪ੍ਰਾਪਤ ਹੋਇਆ ਹੈ ਕਿਉਂਕਿ ਉਨ੍ਹਾਂ ਨੇ ਹਰੀ ਪਰਮੇਸ਼ਰ ਦੇ ਨਾਮ ਰੂਪੀ ਰਤਨ ਨੂੰ ਹਿਰਦੇ ਅੰਤਰਿ=ਵਿਚ ਧਾਰਨ ਕਰਕੇ ਬ੍ਰਹਮਾਕਾਰ ਬਿਰਤੀ ਰੂਪੀ ਸੂਈ ਨਾਲ ਮਹਾਂਵਾਕ ਰੂਪੀ ਧਾਗੇ ਦੁਆਰਾ ਮਨ ਰੂਪੀ ਬਸਤਰ ਨੂੰ ਸੀਵਤੇ=ਸਿਉਂ ਲਿਆ ਹੈ ਵਾ: ਹਰੀ ਨਾਮ ਰੂਪੀ ਰਤਨ ਨੂੰ ਹਿਰਦੇ ਵਿਚ ਧਾਰਨ ਕਰਕੇ ਵੀਚਾਰ ਰੂਪੀ ਸੂਈ ਦੁਆਰਾ ਮਨ ਰੂਪੀ ਬਸਤਰ ਨੂੰ ਸਿਉਂ ਕੇ ਸਾਧਸੰਗਤ ਰੂਪੀ ਚੋਲੇ ਦਾ ਰੂਪ ਦੇ ਦਿਤਾ ਹੈ।

**ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ**
**ਜਪਿ ਜਪਿ ਨਾਨਕ ਜੀਵਤੇ ॥ ੩ ॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਭਗਤ ਜਨਾਂ ਨੂੰ ਪ੍ਰਾਣਾਂ ਦਾ ਆਧਾਰਾ=ਆਸਰਾ ਰੂਪ ਪਰਮੇਸ਼ਰ ਇਕ ਤਿਲੁ=ਥੋੜ੍ਹੇ ਮਾਤਰ ਵੀ ਵਿਸਰੈ=ਭੁੱਲਦਾ ਨਹੀਂ। ਉਹ ਭਗਤ ਜਨ ਤਾਂ ਪਰਮੇਸ਼ਰ ਵਾਹਿਗੁਰੂ ਦੇ ਨਾਮ ਨੂੰ ਜਪ-ਜਪ ਕੇ ਜੀਵਤੇ=ਜਿਉਂਦੇ ਹਨ।

**ਡਖਣਾ ॥ ਜੋ ਤਉ ਕੀਨੇ ਆਪਣੇ**
**ਤਿਨਾ ਕੂੰ ਮਿਲਿਓਹਿ ॥**

ਹੇ ਪ੍ਰਭੂ! ਜੋ=ਜਿਹੜੇ ਤਉ=ਤੁਸੀਂ ਆਪਣੇ ਸੇਵਕ ਬਣਾਉਣਾ ਕੀਨੇ=ਕੀਤੇ ਹਨ। ਤਿਨਾ=ਉਨ੍ਹਾਂ ਕੂੰ=ਨੂੰ ਸਰੂਪ ਧਾਰ ਕੇ, ਅਵਤਾਰ ਧਾਰ ਕੇ ਆਪ ਹੀ ਮਿਲਿਓਹਿ=ਮਿਲ ਪਿਆ ਹੈਂ ਭਾਵ ਦਰਸ਼ਨ ਦੇਣਾ ਕਰਦਾ ਹੈ।

**ਆਪੇ ਹੀ ਆਪਿ ਮੋਹਿਓਹੁ**
**ਜਸੁ ਨਾਨਕ ਆਪਿ ਸੁਣਿਓਹਿ ॥ ੧ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਕੋਲੋਂ ਆਪਿ=ਆਪਣਾ ਜਸ ਸੁਣਿਓਹਿ=ਸੁਣ ਕੇ ਤੂੰ ਆਪੇ ਆਪ ਹੀ ਮੋਹਿਓਹੁ=ਮੋਹਿਆ ਗਿਆ ਹੈਂ।

**ਛੰਤੁ ॥**
**ਪ੍ਰੇਮ ਠਗਉਰੀ ਪਾਇ ਰੀਝਾਇ**
**ਗੋਬਿੰਦ ਮਨੁ ਮੋਹਿਆ ਜੀਉ ॥**

ਜਿਨ੍ਹਾਂ ਨੇ ਪ੍ਰੇਮ ਠਗਉਰੀ=ਠੱਗ ਬੂਟੀ ਪਾਇ=ਪਾ ਕੇ ਪਰਮੇਸ਼ਰ ਨੂੰ ਰੀਝਾਇ=ਪ੍ਰਸੰਨ ਕਰ ਲਿਆ ਹੈ, ਉਨ੍ਹਾਂ ਦੀ ਪ੍ਰੇਮਾ-ਭਗਤੀ ਵੇਖ ਕੇ ਪਰਮੇਸ਼ਰ ਦਾ ਮਨ ਵੀ ਮੋਹਿਤ ਹੋ ਗਿਆ ਹੈ ਵਾ: ਉਨ੍ਹਾਂ ਨੇ ਗੋਬਿੰਦ=ਗਿਆਨ ਕਰਕੇ ਪ੍ਰਾਪਤ ਹੋਣੇ ਯੋਗ ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ ਆਪਣਾ ਮਨ ਮੋਹਿਤ ਕਰ ਲਿਆ ਹੈ।

**ਸੰਤਨ ਕੈ ਪਰਸਾਦਿ ਅਗਾਧਿ**
**ਕੰਠੇ ਲਗਿ ਸੋਹਿਆ ਜੀਉ ॥**

ਉਹੋ ਹੀ ਸੰਤਨ=ਸੰਤਾਂ ਦੀ ਕੈ ਪਰਸਾਦਿ=ਕਿਰਪਾ ਕਰਕੇ ਅਗਾਧਿ=ਬੇਅੰਤ ਪ੍ਰਭੂ ਦੇ ਅਭੇਦ ਨਿਸਚੇ ਰੂਪੀ ਕੰਠੇ=ਗਲ ਨਾਲ ਲਗ ਕੇ ਸੋਹਿਆ=ਸ਼ੋਭਨੀਕ ਹੋਏ ਹਨ ਜੀ।

**ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ**
**ਭਗਤਿ ਲਖੵਣ ਕਰਿ ਵਸਿ ਭਏ ॥**

ਜੋ ਹਰਿ=ਹਰੀ ਪਰਮੇਸ਼ਰ ਦੇ ਅਭੇਦ ਨਿਸਚੇ ਰੂਪ ਕੰਠਿ=ਗਲ ਨਾਲ ਲਗਿ=ਲੱਗ ਕੇ ਸੋਹਿਆ=ਸ਼ੋਭਨੀਕ ਹੋਏ ਹਨ ਉਹਨਾਂ ਨੇ ਆਪਣੇ ਅੰਦਰੋਂ ਸਭਿ=ਸਾਰੇ ਦੋਖ=ਦੋਸ਼ਾਂ ਨੂੰ ਜੋਹਿਆ=ਤਾੜਨਾ ਕੀਤਾ ਹੈ ਅਤੇ ਉਨ੍ਹਾਂ ਦੇ ਭਗਤਿ ਰੂਪੀ ਲਖਣ=ਲੱਛਣਾਂ ਕਰਿ=ਕਰਕੇ ਹੀ ਪਰਮੇਸ਼ਰ ਜੀ ਵਸਿ=ਅਧੀਨ ਭਏ=ਹੋਏ ਹਨ।

**ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ**
**ਜਨਮ ਮਰਣਾ ਸਭਿ ਮਿਟਿ ਗਏ ॥**

ਗੋਵਿਦ=ਪਰਮੇਸ਼ਰ ਵਾਹਿਗੁਰੂ ਦੀ ਤੁਠੇ=ਪ੍ਰਸੰਨਤਾ ਕਰਕੇ ਮਨ ਵਿਚ ਬ੍ਰਹਮਾ ਦੇ ਦਰਜੇ ਤੱਕ ਅਤੇ ਹੋਰ

ਦਰਜੇ ਦੇ ਜਿੰਨੇ ਵੀ ਸਰਬ=ਸਾਰੇ ਸੁੱਖ ਹਨ, ਉਹ ਉਨ੍ਹਾਂ ਦੇ ਹਿਰਦੇ ਅੰਦਰ ਵੁਠੇ=ਵਸ ਗਏ ਹਨ ਅਤੇ ਉਨ੍ਹਾਂ ਦੇ ਜੰਮਣ ਮਰਣ ਆਦਿ ਸਭਿ=ਸਾਰੇ ਦੁੱਖ ਮਿਟਿ=ਖਤਮ ਭਾਵ ਨਸ਼ਟ ਹੋ ਗਏ ਹਨ।

ਸਖੀ ਮੰਗਲੋ ਗਾਇਆ ਇਛ ਪੁਜਾਇਆ
ਬਹੁੜਿ ਨ ਮਾਇਆ ਹੋਹਿਆ ॥

ਜਿਨ੍ਹਾਂ ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਪਰਮੇਸ਼ਰ ਵਾਹਿਗੁਰੂ ਦੇ ਮੰਗਲੋ=ਜਸ ਭਾਵ ਵਡਿਆਈ ਨੂੰ ਗਾਇਆ=ਗਾਉਣਾ ਕੀਤਾ ਹੈ, ਉਨ੍ਹਾਂ ਦੀਆਂ ਸਾਰੀਆਂ ਇਛ=ਇੱਛਾਵਾਂ ਪੁਜਾਇਆ=ਪੂਰੀਆਂ ਹੋ ਗਈਆਂ ਹਨ, ਜਿਸ ਕਰਕੇ ਉਨ੍ਹਾਂ ਨੂੰ ਬਹੁੜਿ=ਦੁਬਾਰਾ ਮਾਇਆ ਦੇ ਹੋਹਿਆ=ਧੱਕੇ ਨਹੀਂ ਪੈਣਗੇ। ਜਿਸ ਪ੍ਰਕਾਰ ਸਮੁੰਦਰ ਵਿਚ ਤੁਫਾਨ ਆ ਜਾਣ ਕਾਰਨ ਲਹਿਰਾਂ ਉਠਦੀਆਂ ਹਨ, ਪਾਣੀ ਧੱਕੇ ਮਾਰਦਾ ਹੈ। ਉਨ੍ਹਾਂ ਧੱਕਿਆਂ ਦੇ ਕਾਰਨ ਜਹਾਜ਼ ਡੁੱਬ ਜਾਂਦੇ ਹਨ ਪਰ ਸ਼ੁਭ ਗੁਣਾਂ ਦੀ ਪੂੰਜੀ ਵਾਲਾ ਨਾਮ ਰੂਪੀ ਜਹਾਜ਼ ਜਿਸ ਨੂੰ ਚਲਾਉਣ ਲਈ ਸਤਿਗੁਰੂ ਆਪ ਬੈਠੇ ਹਨ, ਉਹ ਆਪਣੀ ਬਖਸ਼ਿਸ਼ ਦੁਆਰਾ ਮਾਇਆ ਦੇ ਧੱਕੇ ਨਹੀਂ ਪੈਣ ਦੇਣਗੇ।

ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ
ਸੰਸਾਰੁ ਸਾਗਰੁ ਨਹੀ ਪੋਹਿਆ ॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭੂ ਪਿਆਰੇ ਨੇ ਜਿਨ੍ਹਾਂ ਦੇ ਮਨ ਰੂਪੀ ਹੱਥ ਨੂੰ ਗਹਿ=ਪਕੜ ਕੇ ਆਪਣੇ ਵਿਚ ਲੀਨੇ=ਲੀਨ ਕਰ ਲਿਆ ਹੈ। ਫਿਰ ਉਨ੍ਹਾਂ ਨੂੰ ਸੰਸਾਰ ਸਾਗਰੁ=ਸਮੁੰਦਰ ਦਾ ਕੋਈ ਵੀ ਦੁਖ ਪੋਹਿਆ=ਪੋਂਹਦਾ ਨਹੀਂ ਭਾਵ ਕਿ ਉਨ੍ਹਾਂ ਨੂੰ ਸੰਸਾਰ ਸਮੁੰਦਰ ਵਿਚ ਗੋਤੇ ਨਹੀਂ ਖਾਣੇ ਪੈਣਗੇ।

ਡਖਣਾ ॥ ਸਾਈ ਨਾਮੁ ਅਮੋਲੁ ਕੀਮ ਨ ਕੋਈ
ਜਾਣਦੋ ॥

ਸਤਿਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਹੇ ਪ੍ਰੇਮੀਉ! ਸੁਣਨਾ ਕਰੋ ਕਿ ਸਾਈ=ਸੁਆਮੀ, ਮਾਲਕ, ਵਾਹਿਗੁਰੂ ਦਾ ਨਾਮ ਹੀ ਅਮੋਲੁ=ਅਮੋਲਕ ਹੈ ਭਾਵ ਜਿਸ ਦਾ ਕੋਈ ਮੁੱਲ ਨਹੀਂ ਹੈ। ਐਸੇ ਨਾਮ ਦੀ ਪ੍ਰਾਪਤੀ ਰੂਪੀ ਕੀਮ=ਕੀਮਤ ਕੋਈ ਵੀ ਨ=ਨਹੀਂ ਜਾਣਦੋ=ਜਾਣਦਾ।

ਜਿਨਾ ਭਾਗ ਮਥਾਹਿ
ਸੇ ਨਾਨਕ ਹਰਿ ਰੰਗੁ ਮਾਣਦੋ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਮਥਾਹਿ=ਮੱਥੇ 'ਤੇ ਸ਼ਿਰੋਮਣੀ ਭਾਗ ਹਨ, ਸੋ=ਉਹ ਉਸ ਹਰਿ=ਹਰੀ ਪਰਮੇਸ਼ਰ ਦੇ ਨਾਮ ਦੇ ਰੰਗੁ=ਅਨੰਦ ਨੂੰ ਮਾਣਦੋ=ਮਾਨਣਾ ਕਰਦੇ ਹਨ।

ਛੰਤੁ ॥ ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ
ਲਿਖਤੰੀ ਕੁਲੁ ਤਾਰਿਆ ਜੀਉ ॥

ਪਰਮੇਸ਼ਰ ਦੇ ਜੱਸ, ਨਾਮ ਨੂੰ ਕਹਤੇ=ਕਹਿਣ ਵਾਲੇ ਪਵਿਤ੍ਰ=ਨਿਰਮਲ, ਉੱਜਲ ਜੀਵਨ ਵਾਲੇ ਬਣ ਜਾਂਦੇ ਹਨ, ਸੁਣਤੇ=ਸ੍ਰਵਨ ਕਰਨ ਵਾਲੇ ਵੀ ਸਭਿ=ਸਾਰੇ ਧੰਨੁ=ਧੰਨਤਾ ਦੇ ਯੋਗ ਹਨ ਅਤੇ ਪਰਮੇਸ਼ਰ ਦੇ ਨਾਮ ਦੀ ਮਹਿਮਾ, ਲਿਖਤੀਂ=ਲਿਖਣ ਵਾਲਿਆਂ ਨੇ ਆਪਣੀ ਕੁਲ ਨੂੰ ਤਾਰਿਆ=ਤਾਰ ਲਿਆ ਹੈ। ਅਥਵਾ ਜੋ ਪ੍ਰੀਤ ਰੂਪੀ ਰਸਨਾ ਨਾਲ ਪਰਮੇਸ਼ਰ ਦੇ ਨਾਮ ਨੂੰ ਕਹਤੇ=ਉਚਾਰਨ ਕਰਦੇ ਹਨ ਉਹ ਪਵਿੱਤਰ ਹਨ, ਜੋ ਸ਼ਰਧਾ ਨਾਲ ਸੁਣਤੇ=ਸ੍ਰਵਨ ਕਰਦੇ ਹਨ, ਉਹ ਧੰਨ ਹੋ ਗਏ ਹਨ ਅਤੇ ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਕਾਗਜ਼ 'ਤੇ ਪ੍ਰੇਮ ਰੂਪੀ ਕਲਮ ਨਾਲ ਪਰਮੇਸ਼ਰ ਦੇ ਨਾਮ ਨੂੰ ਲਿਖਤੀ=ਲਿਖਣਾ ਕੀਤਾ, ਉਨ੍ਹਾਂ ਨੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਿਆ=ਤਾਰਨਾ ਕੀਤਾ ਹੈ।

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ
ਤਿਨੀ ਬ੍ਰਹਮੁ ਬੀਚਾਰਿਆ ਜੀਉ ॥

ਜਿਨ=ਜਿਨ੍ਹਾਂ ਕਉ=ਨੂੰ ਸਾਧੂ=ਮਹਾਤਮਾ ਦੀ ਸੰਗੁ=ਸੰਗਤ ਪ੍ਰਾਪਤ ਹੋਈ ਹੈ, ਉਨ੍ਹਾਂ ਨੂੰ ਹਰਿ=ਹਰੀ ਪਰਮੇਸ਼ਰ ਦੇ ਨਾਮ ਦਾ ਰੰਗ ਚੜ੍ਹ ਗਿਆ ਹੈ। ਤਿਨੀ=ਉਨ੍ਹਾਂ ਨੇ ਬ੍ਰਹਮੁ=ਅਕਾਲ ਪੁਰਖ ਨੂੰ ਬੀਚਾਰਿਆ=ਵਿਚਾਰਨਾ ਕੀਤਾ ਹੈ ਜੀ।

ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ
ਪੂਰਨ ਕਿਰਪਾ ਪ੍ਰਭਿ ਕਰੀ ॥

ਉਨ੍ਹਾਂ ਦਾ ਜੀਵਨ ਧੰਨਤਾ ਦੇ ਯੋਗ ਹੈ ਜਿਨ੍ਹਾਂ ਨੇ ਬ੍ਰਹਮੁ=ਅਕਾਲ ਪੁਰਖ ਦੀ ਵੀਚਾਰ ਕਰਕੇ ਆਪਣੇ ਜਨਮ ਨੂੰ ਸਵਾਰਿਆ=ਸੰਵਾਰਨਾ ਕੀਤਾ ਹੈ ਅਤੇ ਉਨ੍ਹਾਂ ਤੇ ਹੀ ਪ੍ਰਭਿ=ਸੁਆਮੀ ਮਾਲਕ ਨੇ ਪੂਰਨ ਕਿਰਪਾ=ਮਿਹਰ ਕਰੀ=ਕੀਤੀ ਹੈ।

ਕਰੁ ਗਹਿ ਲੀਨੇ ਹਰਿ ਜਸੋ ਦੀਨੇ
ਜੋਨਿ ਨਾ ਧਾਵੈ ਨਹ ਮਰੀ ॥

ਜਿਨ੍ਹਾਂ ਦਾ ਮਨ ਰੂਪੀ ਕਰੁ=ਹੱਥ ਗੁਰਾਂ ਦੁਆਰਾ

*(ਬਾਕੀ ਪੰਨਾ 49 'ਤੇ)*

# ਜਨ ਪਰਉਪਕਾਰੀ ਆਏ

## (ਸਚਖੰਡਵਾਸੀ ਸੰਤ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ,

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-53)*

ਇਸੇ ਤਰ੍ਹਾਂ ਪਿੰਡ ਵਿਚ ਰਹਿੰਦਿਆਂ ਉਨ੍ਹਾਂ ਦੇ ਚਾਚੀ ਜੀ ਨੇ ਬੜੇ ਪਿਆਰ ਸਤਿਕਾਰ ਨਾਲ ਬੇਨਤੀ ਕੀਤੀ, ਕਹਿੰਦੀ ਵੇ, ਹੀਰਾ ਸਿੰਘਾ! ਤੂੰ ਸਭ ਦਾ ਨਾਮ ਚਲਾ ਦਿੰਦਾ ਹੈਂ ਜੋ ਵੀ ਬੇਨਤੀ ਕਰੇ, ਕਦੇ ਮੇਰੇ ਸਿਰ ਤੇ ਹੱਥ ਰੱਖ ਦੇ, ਮੇਰਾ ਵੀ ਨਾਮ ਚੱਲ ਜਾਵੇ। ਦਿਆਲੂ ਸੁਭਾਅ ਹੋਣ ਕਰਕੇ ਸਿਰ 'ਤੇ ਹੱਥ ਰੱਖ ਦਿਤਾ ਤੇ ਉਨ੍ਹਾਂ ਦੇ ਚਾਚੀ ਜੀ ਦੀ 48 ਘੰਟੇ ਦੀ ਸਮਾਧੀ ਲੱਗ ਗਈ ਅਤੇ ਉਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਹੋਈ।

ਐਸੀਆਂ ਹੀ ਜੀਵਨ ਵਿਚ ਬਹੁਤ ਪ੍ਰੇਰਨਾਦਾਇਕ ਘਟਨਾਵਾਂ ਹਨ। ਇਕ ਵਾਰੀ ਉਨ੍ਹਾਂ ਦਾ ਖਾਸ ਪ੍ਰੇਮੀ ਭਾਈਚਾਰੇ ਵਿਚੋਂ ਲਾਹੌਰ ਮਿਲਣ ਆਇਆ। ਉਸ ਨੇ ਦੁਕਾਨ ਉਪਰੋਂ ਇਕ ਖੂੰਡਾ ਮੁੱਲ ਲੈਂਦੇ ਸਮੇਂ, ਮੁੱਲ ਦੇ ਕੇ ਖਰੀਦ ਲਿਆ ਤੇ ਇਕ ਹੋਰ ਖੂੰਡਾ ਅੱਖ ਬਚਾ ਕੇ ਚੋਰੀ ਚੁੱਕ ਲਿਆ। ਜਦੋਂ ਬਾਪੂ ਜੀ ਦੇ ਸਾਮ੍ਹਣੇ ਲਾਹੌਰ ਆ ਕੇ ਮਿਲਿਆ ਤਾਂ ਬਾਪੂ ਜੀ ਦਾ ਪਹਿਲਾ ਬਚਨ ਸੀ ਕਿ ਭਾਈ ਸਾਹਿਬ! ਆਪ ਨੂੰ ਕੁਝ ਛਕਾਉਣ ਤੋਂ ਪਹਿਲਾਂ ਅਸੀਂ ਬੇਨਤੀ ਕਰਦੇ ਹਾਂ ਕਿ ਇਹ ਖੂੰਡਾ ਉਸ ਦੁਕਾਨ ਉਤੇ ਵਾਪਸ ਕਰਕੇ ਆਓ। ਉਹ ਬਹੁਤ ਸ਼ਰਮਿੰਦਾ ਹੋਇਆ ਅਤੇ ਆਪਣੀ ਭੁੱਲ ਨੂੰ ਉਲਟੇ-ਸਿੱਧੇ ਉਤਰ ਦੇ ਕੇ, ਸਹੀ ਦੱਸਣ ਲਈ ਹੁਜਤਾਂ ਕਰਦਾ ਰਿਹਾ। ਅੰਤ ਵਿਚ ਖੂੰਡਾ ਉਸ ਦੁਕਾਨਦਾਰ ਨੂੰ ਮੋੜ ਕੇ ਖੁਸ਼ੀਆਂ ਲਈਆਂ।

ਅਵਿਅਗਤ ਰੂਹਾਂ ਵੀ ਆਪ ਜੀ ਤੋਂ ਭੈ ਖਾਂਦੀਆਂ ਸਨ। ਇਕ ਵਾਰੀ ਆਪ ਜੀ ਆਪਣੇ ਪਿੰਡ ਦਾਊਦਪੁਰ, ਨਾਮ ਰੰਗਣ ਦੇ ਪੂਰੇ ਰੰਗ ਵਿਚ ਰੰਗੇ ਹੋਏ ਆਪ ਜੀ ਵੀਹੀ (ਗਲੀ) ਵਿਚ ਤੁਰੇ ਜਾ ਰਹੇ ਸਨ ਤਾਂ ਉਨ੍ਹਾਂ ਦੀ ਚਾਚੀ ਦੇ ਘਰੋਂ ਅਵਾਜ਼ ਸੁਣਾਈ ਦਿਤੀ ਕਿ "ਹੀਰਾ ਸਿੰਘ! ਮੈਂ ਜਾ ਰਹੀ ਹਾਂ, ਮੈਂ ਜਾ ਰਹੀ। ਹਾਂ, ਮੈਂ ਜਾ ਰਹੀ ਹਾਂ। ਮੈਂ ਫੇਰ ਨਹੀਂ ਆਉਂਦੀ ਮੈਥੋਂ ਭੁੱਲ ਹੋ ਗਈ।" ਉਸ ਸਮੇਂ ਉਨ੍ਹਾਂ ਦੀ ਚਾਚੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਬਾਪੂ ਜੀ ਨੂੰ ਗਲੀ ਵਿਚ ਤੁਰੇ ਜਾਂਦੇ ਵੇਖ ਕੇ ਕਿਹਾ ਕਿ ਪੁੱਤਰ! ਕ੍ਰਿਪਾ ਕਰਕੇ ਅੰਦਰ ਆ, ਆਹ ਤੇਰੀ ਭਰਜਾਈ ਨੂੰ ਬਹੁਤ ਹੀ ਭਿਅੰਕਰ ਰੂਹ ਨੇ ਫੜਿਆ ਹੋਇਆ ਸੀ, ਤੇਰੇ ਗਲੀ ਵਿਚ ਪੁਜਦਿਆਂ ਹੀ ਉਸ ਨੇ ਵਾ-ਵੇਲਾ ਕੀਤਾ ਅਤੇ ਉਹ ਤੇਰੀ ਭਰਜਾਈ ਨੂੰ ਛੱਡ ਕੇ ਚਲੀ ਗਈ। ਪੁੱਤਰ! ਕਿਰਪਾ ਕਰ ਇਸ ਨੂੰ ਫੇਰ ਤੰਗ ਨਾ ਕਰੇ। ਬਾਪੂ ਜੀ ਨੇ ਉਸ ਸਮੇਂ ਇਕ ਕਾਗਜ਼ ਲੈ ਕੇ, ਉਹਦੇ ਉਪਰ ਚਾਰ ਅੱਖਰ 'ਵਾਹਿਗੁਰੂ' ਲਿਖ ਦਿਤਾ। ਕਹਿੰਦੇ, ਲੈ ਚਾਚੀ! ਜਦੋਂ ਉਹ ਫੇਰ ਆਈ ਤਾਂ ਇਹ ਕਾਗਜ਼ ਉਸ ਨੂੰ ਵਿਖਾ ਦੇਣਾ।" ਜਦੋਂ ਫੇਰ ਇਸੇ ਤਰ੍ਹਾਂ ਕੀਤਾ ਗਿਆ ਤਾਂ ਮੁੜ ਕੇ ਉਸ ਰੂਹ ਦਾ ਕਦੇ ਫੇਰਾ ਨਾ ਪਿਆ। ਐਉਂ ਲਗਦਾ ਹੈ ਕਿ ਅਵਿਅਗਤ ਰੂਹ ਦੀ 'ਭੂਤ' ਰੂਪ ਵਿਚੋਂ ਗਤੀ ਹੋਈ ਤੇ ਕਿਸੇ ਹੋਰ ਜੂਨ ਵਿਚ ਪ੍ਰਵੇਸ਼ ਕਰ ਗਈ।

ਅੱਗੇ ਜਾ ਕੇ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਬੀਜੀ ਦੇ ਨਾਲ ਆਪਣੇ ਸੰਜੋਗ ਬਾਰੇ ਇਸ ਪ੍ਰਕਾਰ ਲਿਖਦੇ ਹਨ - ਇਕ ਵਾਰੀ ਆਪ (ਸੰਤ ਹੀਰਾ ਸਿੰਘ ਜੀ) ਫੌਜ (ਰਸਾਲੇ) ਵਿਚੋਂ ਛੁੱਟੀ ਲੈ ਕੇ ਆਪਣੀ ਧਰਮ ਭੈਣ ਬੀਬੀ ਸਾਹਿਬ ਕੌਰ ਦੇ ਘਰ ਧਮੋਟ ਆਏ ਹੋਏ ਸਨ। ਅਸਾਡੇ ਮਾਤਾ ਪਿਤਾ ਜੀ ਨੇ ਬੇਨਤੀ ਕੀਤੀ ਕਿ (ਸੰਤ) ਹੀਰਾ ਸਿੰਘ ਦੇ ਨਾਲ ਇਕ ਬਹੁਤ ਮਿੱਠਾ ਪਾਠ ਕਰਨ ਵਾਲਾ ਸਿੰਘ ਹੈ, ਇਹ ਸਾਡੇ ਘਰ ਸਹਿਜ ਪਾਠ ਕਰ ਦੇਣ। ਬੇਨਤੀ ਮੰਨ ਕੇ ਆਪ ਰੁਕ ਗਏ ਤੇ ਸਹਿਜ ਪਾਠ ਕੀਤਾ। ਮਾਤਾ ਜੀ ਨੇ ਦੁੱਧ, ਮੱਖਣ ਤੇ ਘੀ ਦੇ ਨਾਲ, ਯਥਾਸ਼ਕਤ ਬਹੁਤ ਹੀ ਪਿਆਰ ਨਾਲ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਤੋਂ ਉਪਰੰਤ ਆਪ ਨੇ ਫੁਰਮਾਇਆ, ਬੀਬੀ! ਤੁਸੀਂ ਅਸਾਡੀ ਬਹੁਤ ਸੇਵਾ ਕੀਤੀ ਹੈ, ਇਸ ਦੇ ਬਦਲੇ ਵਿਚ ਮੈਂ ਆਪ ਦੀ ਸੇਵਾ ਕਰਨ ਲਈ ਆਪਣੀ ਲੜਕੀ ਸੇਵਾਦਾਰਨੀ ਦੇ ਰੂਪ ਵਿਚ ਇਸ ਗ੍ਰਹਿ ਵਿਚ ਦੇਵਾਂਗਾ ਪਰ ਅਜੇ ਉਸ ਨੂੰ ਇਸ ਸੰਸਾਰ ਵਿਚ ਆਉਣ ਲਈ ਪੂਰੇ ਅੱਠ ਸਾਲ ਲੱਗਣਗੇ। ਤੁਹਾਡੇ ਵੀ ਇਕ ਲੜਕਾ ਅੱਠ ਸਾਲ ਬਾਅਦ ਆਵੇਗਾ। ਮੇਰੀ ਲੜਕੀ ਦਾ ਸੰਜੋਗ

ਇਸ ਘਰ ਵਿਚ ਹੋਣ ਕਰਕੇ, ਉਹ ਤੁਹਾਡੀ ਤਨੋ, ਮਨੋ, ਸੇਵਾ ਕਰਦੀ ਰਹੇਗੀ। ਉਸ ਬੱਚੀ ਦਾ ਗੁਰਸਿੱਖੀ ਵਾਲਾ ਸੁੱਚਾ ਜੀਵਨ ਹੋਵੇਗਾ ਅਤੇ ਮਰਦ ਵਾਂਗੂੰ ਹੌਂਸਲੇ ਨਾਲ ਕੰਮ ਕਰਿਆ ਕਰੇਗੀ। ਇਸ ਦੇ ਫਲਸਰੂਪ ਲੇਖਕ (ਸੰਤ ਵਰਿਆਮ ਸਿੰਘ) ਪਰਿਵਾਰਕ ਬੰਧਨ ਵਿਚ ਬੰਨ੍ਹਿਆ ਗਿਆ।

ਜੀਵਨ ਦੇ ਅੰਤਿਮ ਪੜਾਅ ਬਾਰੇ ਇੰਜ ਲਿਖਦੇ ਹਨ ਕਿ ਜਦੋਂ ਸੰਤ ਬਾਬਾ ਹੀਰਾ ਸਿੰਘ ਜੀ ਦਾ ਅੰਤਿਮ ਸਮਾਂ ਆਇਆ, ਉਸ ਵੇਲੇ ਆਪ ਲਾਹੌਰ ਵਿਚ ਸਨ, ਸਾਰਾ ਪਰਿਵਾਰ ਉਥੇ ਹੀ ਸੀ। ਆਪ ਜੀ ਦੇ ਸਰੀਰ ਨੂੰ ਨਮੂਨੀਏ ਨੇ ਗ੍ਰਸਤ ਕਰ ਲਿਆ। ਆਪ ਜੀ ਦੇ ਇਲਾਜ ਲਈ ਆਪ ਨੂੰ ਲਾਹੌਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਆਪ ਨੇ ਫੁਰਮਾਇਆ ਕਿ ਹੁਣ ਅਸਾਡਾ ਅੰਤ ਸਮਾਂ ਆ ਗਿਆ ਹੈ ਅਤੇ ਅਸੀਂ ਸੰਸਾਰ ਤੋਂ ਆਪਣਾ ਫਰਜ਼ ਨਿਭਾ ਕੇ ਇਸ ਮਹੀਨੇ ਦੇ ਆਖਰੀ ਦਿਨ ਚਲੇ ਜਾਣਾ ਹੈ। ਉਹ ਦਿਨ ਵੀ ਆ ਪੁੱਜਾ, ਸਾਰੇ ਪਰਿਵਾਰ ਨੂੰ ਕਿਹਾ ਕਿ ਤੁਸੀਂ ਸਾਡੇ ਜਾਣ ਤੇ ਰੋਣਾ ਨਹੀਂ ਹੈ। ਅਸੀਂ ਬਾਬੇ ਲੋਹਗੜ੍ਹੀਏ (ਬਾਬਾ ਕਿਸ਼ਨ ਸਿੰਘ ਧੂਪੀਆ) ਜੋ ਲੋਹਗੜ੍ਹ ਜ਼ਿਲਾ ਲੁਧਿਆਣੇ ਦੇ ਹਨ, ਇੰਤਜ਼ਾਰ ਕਰ ਰਹੇ ਹਾਂ। ਇਹ ਬਾਬਾ ਜੀ ਨਾਮਧਾਰੀ ਸੰਪਰਦਾ ਨਾਲ ਸਬੰਧ ਰਖਦੇ, ਪੂਰਨ ਨਾਮ ਰਸੀਏ ਸ਼ਕਤੀਆਂ ਸੰਪੰਨ ਸਨ। ਆਪ ਜੀ ਇਕ ਚੌਂਕੜੀ ਪੂਰੇ 48 ਘੰਟੇ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦੇ ਸੰਪੂਰਨ ਅਖੰਡ ਪਾਠ ਦਾ ਭੋਗ ਪਾਇਆ ਕਰਦੇ ਸਨ ਅਤੇ ਭੇਟਾ ਵਜੋਂ 25 ਰੁਪਏ ਲਿਆ ਕਰਦੇ ਸਨ। ਆਪ ਜੀ ਨੇ 1000 ਅਖੰਡ ਪਾਠ ਇਕੋ ਚੌਂਕੜੀ ਵਿਚ ਬੈਠ-ਬੈਠ ਕੇ ਜੀਵਨ ਭਰ ਵਿਚ ਕੀਤੇ ਅਤੇ ਭੇਟਾ ਵਜੋਂ 25000 ਰੁਪਏ ਸ੍ਰੀ ਭੈਣੀ ਸਾਹਿਬ ਦੇ ਲੰਗਰਾਂ ਵਿਚ ਜਮਾਂ ਕਰਵਾਏ ਜੋ ਉਨ੍ਹਾਂ ਦੇ ਨਾਮ ਤੇ ਅਜੇ ਵੀ ਦੇਖੇ ਜਾ ਸਕਦੇ ਹਨ। ਪਿਤਾ ਜੀ ਅੰਤ ਸਮੇਂ ਇਨ੍ਹਾਂ ਨੂੰ ਯਾਦ ਕਰ ਰਹੇ ਸਨ, ਅਚਾਨਕ ਪੁੱਜ ਗਏ। ਪਿਤਾ ਜੀ ਨੇ ਬਾਬਾ ਜੀ ਨੂੰ ਪੁੱਛਿਆ ਕਿ ਤੁਸੀਂ ਇਤਨੀ ਦੇਰ ਲਾ ਕੇ ਕਿਉਂ ਆਏ ਹੋ? ਤਾਂ ਬਾਬਾ ਜੀ ਨੇ ਫੁਰਮਾਇਆ ਕਿ ਮੈਂ ਇਸ ਸਮੇਂ ਲਾਲਾ ਮੂਸੇ ਤੋਂ ਤੁਹਾਡੀ ਬੇ-ਤਾਰ ਬਰਕੀ ਰਾਹੀਂ ਪੁਜਿਆ ਹਾਂ।

ਹੈਰਾਨੀ ਦੀ ਗੱਲ ਹੈ ਕਿ ਪੁਰਾਣੇ ਗੁਰਸਿੱਖਾਂ ਸਹਿਜ ਸੁਭਾਅ ਹੀ ਉਨ੍ਹਾਂ ਸ਼ਕਤੀਆਂ ਦੇ ਪ੍ਰਵਾਹ ਚਲਿਆ ਕਰਦੇ ਸਨ ਜਿਨ੍ਹਾਂ ਨੂੰ ਹਾਸਿਲ ਕਰਨ ਵਾਸਤੇ ਜੋਗੀ ਜਨ ਅਨੇਕ ਕਿਸਮ ਦੇ ਹਠ ਕਰਮ ਕਰਕੇ ਬਹੁਤ ਮੁਸ਼ਕਲ ਨਾਲ ਸਹੰਸਰਾਰ ਦਲ ਕਮਲ ਮੰਡਲ ਵਿਚ ਪਹੁੰਚਿਆ ਕਰਦੇ ਸਨ। ਇਹ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਗਿਣੀ ਜਾਂਦੀ ਸੀ ਪਰ ਗੁਰਸਿੱਖ ਇਸ ਵੱਲ ਨਿਗਾਹ ਕਰਕੇ ਵੀ ਨਹੀਂ ਦੇਖਿਆ ਕਰਦੇ ਸਨ। ਪਰਉਪਕਾਰ ਵਸ ਕਦੇ-ਕਦੇ ਇਨ੍ਹਾਂ ਸੇਵਾਦਾਰਨੀਆਂ ਤੋਂ, ਜਿਨ੍ਹਾਂ ਨੂੰ ਰਿਧੀਆਂ-ਸਿੱਧੀਆਂ ਆਖਿਆ ਜਾਂਦਾ ਹੈ, ਸੇਵਾ ਲੈ ਲਿਆ ਕਰਦੇ ਸਨ ਕਿਉਂਕਿ ਨਾਮ ਰਸੀਏ ਗੁਰਮੁਖਾਂ ਦੀਆਂ ਇਹ ਦਾਸੀਆਂ ਬਣ ਜਾਂਦੀਆਂ ਹਨ।

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ - ੬੪੯*

ਇਹ ਸਨ ਉਨ੍ਹਾਂ ਗੁਰਸਿੱਖਾਂ ਦੇ ਜੀਵਨ, ਜਿਨ੍ਹਾਂ ਨੂੰ ਅਸੀਂ ਲੋਚਦੇ ਹਾਂ ਪਰ ਅਸਾਡੇ ਕਿਰਦਾਰ ਕਿਥੇ ਪਹੁੰਚ ਗਏ ਹਨ? ਵਾਹਿਗੁਰੂ ਜੀ ਸਾਡੇ ਉਤੇ ਕ੍ਰਿਪਾ ਕਰਨ।

ਇਧਰ ਲਾਹੌਰ ਦੇ ਹਸਪਤਾਲ ਵਿਚੋਂ ਬਾਪੂ ਜੀ ਨੇ ਸਾਡੇ ਪਰਿਵਾਰ ਨੂੰ ਭੇਜ ਦਿਤਾ ਕੇਵਲ ਬਾਬਾ ਲੋਹਗੜ੍ਹੀਆ ਜੀ ਹੀ ਉਨ੍ਹਾਂ ਪਾਸ ਰਹਿ ਗਏ। ਅੰਮ੍ਰਿਤ ਵੇਲੇ ਆਪ ਨੇ ਆਪਣਾ ਪੰਜ ਭੂਤਕ ਚੋਲਾ ਛੱਡ ਦਿਤਾ ਅਤੇ ਆਤਮਿਕ ਸਰੂਪ ਵਿਚ ਬ੍ਰਹਮਲੀਨ ਹੋ ਗਏ। ਇਹ ਗੁਰਮੁਖ ਪਿਆਰੇ ਦੀ ਯਾਦ ਜਿਨ੍ਹਾਂ ਦਾ ਜੀਵਨ ਸਾਨੂੰ ਮਹਾਨ ਪ੍ਰੇਰਨਾ ਦਿੰਦਾ ਹੈ। ਬਾਪੂ ਜੀ ਨੇ ਕਦੇ ਵੀ ਕੋਈ ਭੇਖ ਧਾਰਨ ਨਹੀਂ ਕੀਤਾ। ਉਹ ਪੰਜ ਕਕਾਰੀ ਰਹਿਤ ਧਾਰਨ ਕਰਨ ਵਾਲੇ, ਕਿਰਤੀ ਗੁਰਸਿੱਖ ਸਨ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕਰਦੇ ਸਨ। ਆਪ ਨੇ ਕਦੀ ਵੀ ਸੰਤ ਹੋਣ ਦਾ ਦਾਵ੍ਹਾ ਨਹੀਂ ਕੀਤਾ ਪਰ ਇਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਹਾਨ ਆਤਮਾ ਦਾ ਅਨੁਭਵ ਹੈ ਜਿਨ੍ਹਾਂ ਨੇ ਆਪਣੀ ਲੇਖਣੀ ਵਿਚ ਉਨ੍ਹਾਂ ਨੂੰ 'ਸੰਤ' ਕਹਿ ਕੇ ਨਿਵਾਜਿਆ ਹੈ।'' ਸੋ ਇਹ ਕੁਦਰਤੀ ਤੇ ਸੁਭਾਵਿਕ ਹੈ ਕਿ ਬ੍ਰਹਮ ਗਿਆਨੀ ਪਿਤਾ ਸੰਤ ਹੀਰਾ ਸਿੰਘ ਜੀ ਦੇ ਅਤੇ ਮਾਤਾ ਹਰਨਾਮ ਕੌਰ ਜੀ ਦੇ ਦੈਵੀ ਗੁਣ ਬੀਜੀ ਦੇ ਅੰਦਰ ਪ੍ਰਵੇਸ਼ ਕਰ ਗਏ। ਇਨ੍ਹਾਂ ਸੰਸਕਾਰਾਂ ਕਰਕੇ ਉਚੇ-ਸੁਚੇ ਗੁਣਾਂ ਦੀ ਸਮੁੱਚੀ ਝਲਕ ਉਨ੍ਹਾਂ (ਬੀਬੀ ਰਣਜੀਤ ਕੌਰ ਜੀ) ਦੇ ਚਿਹਰੇ ਤੇ ਦੇਖੀ ਜਾ ਸਕਦੀ ਸੀ। ਕਦੀ-ਕਦੀ ਪਿਆਰ ਦੇ ਰੰਗ ਵਿਚ

*(ਪੰਨਾ 46 ਦੀ ਬਾਕੀ)*

ਆ ਕੇ ਬੀਜੀ ਇਹ ਬਚਨ ਵੀ ਕਰਿਆ ਕਰਦੇ ਸਨ ਕਿ ਜਦੋਂ ਉਹ ਕਿਸ਼ੋਰ ਅਵਸਥਾ ਦੇ ਹੋਏ ਤਾਂ ਉਨ੍ਹਾਂ ਨੂੰ ਭਵਿੱਖਤ ਸੰਜੋਗ ਬਚਨ ਬਾਰੇ ਦਸਿਆ ਗਿਆ ਤਾਂ ਬੀਜੀ ਨੇ ਮਾਤਾ-ਪਿਤਾ ਜੀ ਨੂੰ ਇਤਨਾ ਹੀ ਕਿਹਾ ਸੀ ਕਿ ਜੇਕਰ 'ਉਹ' (ਪਤੀ-ਪ੍ਰਮੇਸ਼ਰ) ਗੁਰੂ ਕੇ ਕੀਰਤਨੀਏ ਹੋਣ ਤਾਂ ਚੰਗਾ ਹੈ। ਉਹ ਐਸੇ ਪਰਉਪਕਾਰੀ ਸੁਭਾਅ ਵਾਲੇ ਸਨ ਕਿ ਦੂਜੇ ਦਾ ਦੁਖ ਦੇਖ ਕੇ ਪਸੀਜ ਜਾਂਦੇ ਸਨ। ਵਾਹ ਲਗਦੀ, ਉਦੋਂ ਤੱਕ ਚੈਨ ਨਾਲ ਨਹੀਂ ਸਨ ਬੈਠਦੇ ਜਦ ਤੀਕਰ ਉਸ ਦੁਖੀ ਮਾਈ-ਭਾਈ-ਬੱਚੇ ਦੇ ਦੁਖਾਂ ਦੀ ਗੁਥੀ ਨੂੰ ਸੁਲਝਾ ਨਹੀਂ ਸਨ ਦੇਂਦੇ। ਉਸੇ ਵੇਲੇ ਮਹਾਂਪੁਰਸ਼ਾਂ ਨੂੰ ਬੇਨਤੀ ਵੀ ਕਰਦੇ ਅਤੇ ਸਿਫਾਰਿਸ਼ ਵੀ ਕਰਦੇ ਜਿਵੇਂ 'ਮਾਂ' ਬੱਚੇ ਦਾ ਦੁਖ ਨਹੀਂ ਦੇਖ ਸਕਦੀ। ਜੇ ਵੇਲੇ-ਕੁਵੇਲੇ ਵੀ ਕੋਈ ਆ ਜਾਵੇ ਤਾਂ ਅੰਦਰ ਜਾ ਕੇ, ਮਹਾਂਪੁਰਸ਼ਾਂ ਨੂੰ ਬੇਨਤੀ ਕਰਕੇ ਬਾਹਰ ਗੈਰਜ ਵਿਚ ਲੈ ਆਉਂਦੇ ਤੇ ਕਹਿੰਦੇ, ਜੀ, ਮਹਾਰਾਜ! ਇਸ ਵਿਚਾਰੇ ਦੀ ਗੱਲ ਸੁਣੋ, ਕਿੱਡੀ ਦੂਰੋਂ ਆਇਆ ਹੈ। ਮਹਾਂਪੁਰਸ਼ ਵੀ ਮੁਸਕਰਾਏ ਚਿਹਰੇ ਨਾਲ ਬਾਹਰ ਆ ਕੇ ਉਸ ਪ੍ਰੇਮੀ ਦਾ ਦੁਖ ਸੁਣ ਕੇ ਨਵਿਰਤੀ ਦਾ ਰਾਹ ਦਸਦੇ ਸਨ।

ਐਸੇ ਰੂਹਾਨੀ ਪ੍ਰੇਮ ਦੇ ਰੰਗ ਵਿਚ ਰੱਤੀਆਂ ਹੋਈਆਂ, ਸਭ ਨੂੰ ਖਿੜੇ ਮੱਥੇ ਮਿਲਣ ਵਾਲੀਆਂ, ਕਰੁਣਾਮਈ ਦੰਪਤੀ ਰੂਹਾਂ ਬਹੁਤ ਵਿਰਲੀਆਂ ਹੀ ਵੇਖਣ ਨੂੰ ਮਿਲਦੀਆਂ ਹਨ। ਪਤਾ ਨਹੀਂ ਐਸੇ ਪਰਉਪਕਾਰੀ, ਪਿਆਰ ਦੇ ਸਾਗਰ, ਸਾਨੂੰ ਫੇਰ ਕਦੋਂ ਮਿਲਣਗੇ, ਉਨ੍ਹਾਂ ਵਰਗਾ ਅਪਣੱਤ ਭਰਿਆ ਨਿੱਘਾ ਪਿਆਰ ਕਦੋਂ ਸਾਨੂੰ ਸੰਗਤਾਂ ਨੂੰ ਮਿਲੇਗਾ, ਸਾਡੀਆਂ ਵਿਛੜੀਆਂ ਰੂਹਾਂ ਦੇ ਸੰਯੋਗ ਕਦੋਂ ਪ੍ਰਗਟ ਹੋਣਗੇ? ਉਨ੍ਹਾਂ ਨੂੰ ਪਿਆਰ ਕਰਨ ਵਾਲੀਆਂ ਸਾਰੀਆਂ ਸੰਗਤਾਂ ਤੇ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਸਹਿਯੋਗੀ, ਉਨ੍ਹਾਂ ਦਾ ਸੰਗ ਮਾਨਣ ਵਾਲੇ ਸੇਵਾਦਾਰ ਪ੍ਰੇਮੀ ਵੀ ਅਤੀ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਨੇੜਤਾ ਅਤੇ ਪਿਆਰ ਦਾ ਰੰਗ ਮਾਣਿਆ ਹੈ। ਸਾਡਾ ਸਭ ਦਾ ਜੀਅ ਕਰਦਾ ਹੈ ਕਿ ਅਸੀਂ ਸਦਾ ਵਾਸਤੇ ਉਨ੍ਹਾਂ ਪਿਆਰਿਆਂ ਦੀ ਸੰਗਤ ਦਾ ਅਨੰਦ ਮਾਣਦੇ ਰਹੀਏ ਪਰ ਇਹ ਸਭ ਕੁਝ ਸਮਰੱਥ ਵਾਹਿਗੁਰੂ ਜੀ ਦੇ ਹੱਥ ਵਿਚ ਹੈ, ਸਾਡਾ ਕੋਈ ਜ਼ੋਰ ਨਹੀਂ ਕੇਵਲ ਅਰਦਾਸ ਹੈ।

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*

*ਅੰਗ - ੪੩੯*

*ਚਲਦਾ......।''*

ਪ੍ਰਮੇਸ਼ਰ ਨੇ ਆਪਣੀ ਲਿਵ ਰੂਪੀ ਭੁਜਾ ਦੇ ਨਾਲ ਗਹਿ=ਪਕੜ ਲੀਨੇ=ਲਿਆ ਹੈ, ਉਨ੍ਹਾਂ ਨੂੰ ਹਰਿ=ਪਰਮੇਸ਼ਰ ਨੇ ਆਪਣਾ ਜਸੋ=ਜੱਸ (ਸਿਫ਼ਤਿ-ਸਾਲਾਹ) ਦੀਨੇ=ਦੇਣਾ ਕੀਤਾ ਹੈ, ਫਿਰ ਉਹ ਜੋਨਿ=ਜੂਨਾਂ ਵਿਚ ਨਾ=ਨਹੀਂ ਧਾਵੈ=ਦੌੜਨਗੇ ਅਤੇ ਨਾ ਹੀ ਮਰੀ।ਮਰਦੇ ਹਨ ਵਾ: ਉਨ੍ਹਾਂ ਨੂੰ ਹਉਮੈ ਦੀ ਮਰੀ=ਬੀਮਾਰੀ ਨਹੀਂ ਪਵੇਗੀ। ਜਿਸ ਪ੍ਰਕਾਰ ਭੇਡਾਂ ਆਦਿਕ ਨੂੰ ਮਰੀ ਪੈ ਜਾਂਦੀ ਹੈ। ਮਨੁੱਖਾਂ ਨੂੰ ਵੀ ਅਨੇਕਾਂ ਤਰ੍ਹਾਂ ਕਰਕੇ ਬਿਮਾਰੀਆਂ ਪੈ ਜਾਂਦੀਆਂ ਹਨ। ਜਿਵੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਸਾਰੀ ਦਿੱਲੀ ਵਿਚ ਪਈ ਹੋਈ ਮਰੀ ਦੀ ਬਿਮਾਰੀ ਆਪਣੇ ਚਰਨਾਂ ਦੇ ਜਲ ਨਾਲ ਮੇਟ ਦਿਤੀ ਸੀ। ਇਸ ਪ੍ਰਕਾਰ ਜਿਨ੍ਹਾਂ 'ਤੇ ਕ੍ਰਿਪਾ ਹੋ ਗਈ, ਉਨ੍ਹਾਂ ਨੂੰ ਮਰੀ ਨਹੀਂ ਪੈਂਦੀ ਅਤੇ ਉਹ ਜੂਨਾਂ ਵਿਚ ਨਹੀਂ ਦੌੜਦੇ।

ਸਤਿਗੁਰ ਦਇਆਲ ਕਿਰਪਾਲ ਭੇਟਤ
ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥

ਜਦੋਂ ਸਤਿਗੁਰਾਂ ਦੀ ਦਇਆਲਤਾ ਕਰਕੇ ਕਿਰਪਾਲ=ਕ੍ਰਿਪਾਲੂ ਪਰਮੇਸ਼ਰ ਨੂੰ ਭੇਟਤ=ਮਿਲੇ ਤਾਂ ਪਰਮੇਸ਼ਰ ਨੂੰ ਕਾਮ ਕ੍ਰੋਧ ਨੂੰ ਹਰੇ=ਨਾਸ਼ ਕਰ ਦਿਤਾ ਤੇ ਲੋਭ ਆਦਿਕ ਵਿਕਾਰਾਂ ਨੂੰ ਵੀ ਮਾਰਿਆ=ਖਤਮ ਕਰ ਦਿਤਾ ਅਥਵਾ ਕਿਰਪਾਲ=ਕ੍ਰਿਪਾ ਦੇ ਘਰ ਦਿਆਲੂ ਸਤਿਗੁਰਾਂ ਦੇ ਭੇਟਤ=ਮਿਲਣ ਨਾਲ ਕਾਮ, ਕ੍ਰੋਧ ਹਰੇ=ਦੂਰ ਹੋ ਗਏ ਤੇ ਲੋਭ ਆਦਿਕਾਂ ਨੂੰ ਮਾਰ ਦਿਤਾ ਅਥਵਾ ਦਿਆਲੂ ਕ੍ਰਿਪਾਲੂ ਸਤਿਗੁਰਾਂ ਦੇ ਨਾਲ ਮਿਲਣ ਕਰਕੇ ਦੈਵੀ ਗੁਣਾਂ ਦੇ ਸਹਿਤ ਹਰੇ ਭਰੇ ਹੋ ਗਏ ਅਤੇ ਕਾਮ ਕ੍ਰੋਧ ਲੋਭ ਆਦਿ ਆਸੁਰੀ ਸੰਪਦਾ ਨੂੰ ਮਾਰ ਦਿਤਾ।

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ ॥ ੫ ॥ ੧ ॥ ੩ ॥

ਸੁਆਮੀ=ਮਾਲਕ ਪਰਮੇਸ਼ਰ ਦਾ ਸਰੂਪ ਅਕਥੁ=ਕਹਿਣ ਤੋਂ ਰਹਿਤ ਹੈ, ਜੋ ਕਥਨੁ=ਵਖਿਆਣ ਨਹੀਂ ਕੀਤਾ ਜਾਇ=ਜਾ ਸਕਦਾ। ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਸੈਂਕੜੇ ਵਾਰ ਮਨ, ਬਾਣੀ ਅਤੇ ਸਰੀਰ ਕਰਕੇ ਸਦਕੈ ਵਾਰਿਆ=ਕੁਰਬਾਨ ਬਲਿਹਾਰ ਜਾਂਦੇ ਹਾਂ।

*'ਚਲਦਾ......।''*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

ਵਾਰ ੪

*ਭਾਈ ਵੀਰ ਸਿੰਘ ਜੀ*

### 11. (ਅਨਾਰਦਾਣਾ)

੧. ਦਾਣਾ ਹੋਇ ਅਨਾਰ ਦਾ ਹੋਇ ਧੂੜਿ ਧੂੜੀ ਵਿਚਿ ਧਸੈ।
੨. ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ ਫੁਲ ਵਿਗਸੈ।
੩. ਇਕਤੁ ਬਿਰਖ ਸਰਸ ਫੁਲ, ਫੁਲ ਫਲ ਕਿਦੂ ਇਕ ਸਰਸੈ।
੪. ਇਕਦੂ ਦਾਣੇ ਲਖ ਹੋਇ ਫਲ ਫਲ ਦੇ ਮਨ ਅੰਦਰ ਵਸੈ।
੫. ਤਿਸ ਫਲ ਤੋਟਿ ਨ ਆਵਈ ਗੁਰਮੁਖਿ ਸੁਖੁ ਫਲੁ ਅੰਮ੍ਰਿਤ ਰਸੈ।
੬. ਜਿਉ ਜਿਉ ਲਯਨਿ ਤੋੜਿ ਫਲਿ ਤਿਉ ਤਿਉ ਫਿਰਿ ਫਿਰਿ ਫਲੀਐ ਹਸੈ।
੭. ਨਿਵ ਚਲਣੁ ਗੁਰ ਮਾਰਗੁ ਦਸੈ।

ਪਦਾਰਥ - ਧਸੈ=ਖੁਭਦਾ ਹੈ; ਗੁਲਾਲ=ਪੋਸਤ ਦਾ ਲਾਲ, ਫੁਲ, ਲਾਲ,; ਵਿਗਸੈ=ਖਿੜਦਾ; ਫਲ=ਫਲਣਾ; ਸਰਸੇ=ਵਧੀਕ। ਹਸੈ=ਖਿੜਦਾ ਹੈ।

ਅਰਥ - 1. ਅਨਾਰ ਦਾ ਦਾਣਾ ਹੋ ਕੇ ਮਿੱਟੀ (ਦਾ ਰੂਪ) ਹੋ ਕੇ ਮਿੱਟੀ ਵਿਚ ਖੁਭਦਾ ਹੈ। 2. (ਪਹਿਲੇ) ਹਰੀਆਵਲਾ ਬ੍ਰਿਛ ਹੁੰਦਾ ਹੈ, ਫੁੱਲ ਪੋਸਤ ਦੇ ਫੁੱਲ ਵਾਂਙੂੰ (ਲਾਲ) ਹੋ ਕੇ ਖਿੜਦਾ ਹੈ। 3. ਇਕ ਬ੍ਰਿਛ ਤੋਂ ਹਜ਼ਾਰਾਂ ਫੁੱਲ ਤੇ ਫਲ ਇਕ ਥੋਂ ਇਕ ਵਧੀਕ ਹੋ ਕੇ ਫਲਦੇ ਹਨ। 4. ਇਕ ਦਾਣੇ ਥੋਂ ਲੱਖ (ਬਾਹਲੇ ਦਾਣੇ) ਹੋ ਕੇ ਇਕ-ਇਕ ਫਲ ਦੇ ਢਿੱਡ ਵਿਚ ਵਸਦੇ ਹਨ। 5. ਉਸ (ਬ੍ਰਿਛ ਦੇ) ਫਲਾਂ ਦੀ ਟੋਟ ਨਹੀਂ ਆਂਵਦੀ (ਜਿਕੁਰ) ਗੁਰਮੁਖਾਂ ਦੇ ਅੰਮ੍ਰਿਤ ਰੂਪ ਸੁਖ ਫਲ ਦੇ ਰਸ (ਆਨੰਦ ਦੀ ਟੋਟ ਨਹੀਂ ਹੁੰਦੀ) 6. ਜਿਉਂ-ਜਿਉਂ ਫਲ ਤੋੜੀਦੇ ਹਨ ਤਿਉਂ-ਤਿਉਂ ਫੇਰ ਫਲਦੇ ਤੇ (ਖਿੜ-ਖਿੜ) ਹਸਦੇ ਹਨ। 7. ਨਿਵ ਕੇ ਚਲਣ ਦਾ ਰਸਤਾ ਗੁਰੂ ਜੀ ਦਸਦੇ ਹਨ।

ਭਾਵ - ਉੱਚੀ ਜਾਤ ਦਾ ਅਨਾਰ ਦਾ ਦਾਣਾ ਹੋ ਕੇ ਜਦ ਉਸ ਨੇ ਗਰੀਬੀ ਤੇ ਨਿੰਮ੍ਰਤਾ ਪਕੜੀ ਤਾ ਦੇਖੋ ਇਕ ਦਾਣਿਓਂ ਲੱਖਾਂ ਦਾਣੇ ਹੋਏ, ਵੱਡਾ ਭਾਗ ਲੱਗਾ। ਬਾਹਰਲੀ ਬਿਪਤਾ ਝੱਲ ਕੇ ਬੀ ਫੇਰ ਹਸਦਾ ਹੈ, ਇਸ ਲਈ ਪਰਉਪਕਾਰ ਲਈ ਦੁਖ ਨਹੀਂ ਮੀਨਆ। ਤਾਂਤੇ ਨਿੰਮ੍ਰਤਾ ਧਾਰ ਕੇ ਪਰਉਪਕਾਰੀ ਬਣਨਾ ਚਾਹੀਦੇ।

### 12 (ਸ਼ੁੱਧ ਮੋਹਰ)

੧. ਰੇਣਿ ਰਸਾਇਣ ਸਿਝੀਐ ਰੇਤੁ ਹੰਤੁ ਕਰਿ ਕੰਚਨੁ ਵਸੈ।
੨. ਧੋਇ ਧੋਇ ਕਣੁ ਕਢੀਐ ਰਤੀ, ਮਾਸਾ, ਤੋਲਾ ਹਸੈ।
੩. ਪਾਇ ਕੁਠਾਲੀ ਗਾਲੀਐ ਰੈਣੀ ਕਰਿ ਸੁਨਿਆਰਿ ਵਿਗਸੈ।
੪. ਘੜਿ ਘੜਿ ਪਤ੍ਰ ਪਖਾਲੀਅਨਿ ਲੂਣੀ ਲਾਇ ਜਲਾਇ ਰਹਸੈ।
੫. ਬਾਰਹ ਵੰਨੀ ਹੋਇਕੈ ਲਗੈ ਲਵੈ ਕਸਉਟੀ ਕਸੈ।
੬. ਟਕਸਾਲੈ ਸਿਕਾ ਪਵੈ ਘਣ ਅਹਰਣਿ ਵਿਚਿ ਅਚਲੁ ਸਰਸੈ।
੭. ਸਾਲੁ ਸੁਨਈਆ ਪੋਤੈ ਪਸੈ।

ਪਦਾਰਥ - ਰੈਣਿ=ਕਿਣਕਾ। ਸਿਝੀਐ=ਪ੍ਰਾਪਤ ਹੁੰਦੀ ਹੈ।

ਹੱਸੈ=ਚਮਕਣਾ। ਰੈਣੀ=ਭੇਲੀ, ਡਲੀ। ਪਖਾਲੀਅਨਿ=ਧੋਂਦੇ ਹਨ। ਲੂਣੀ=ਮਸਾਲੇ। ਰਹੱਸੇ=ਖੁਸ਼ ਹੋਣਾ। ਕੱਸੈ=ਚਸ ਲਾਉਣੀ। ਲਗੈ ਲਵੈ=ਲਾਗਾਂ ਲਾ ਕੇ, ਜਾ ਨਰਮ ਲਗਣੀ। ਸਾਲੁ ਸੁਨਈਆ=ਸ਼ੁਧ ਮੋਹਰ। ਪੋਤੈ=ਖਜ਼ਾਨਾ। ਪਸੈ=ਪੈਂਦੀ ਹੈ।

ਅਰਥ - 1. ਰੇਣਿ (ਕਿਣਕੇ) ਥੋਂ ਰਸਾਇਣ ਪ੍ਰਾਪਤ ਹੁੰਦੀ ਹੈ। ਕਿਕੂੰ? ਐਦਾਂ ਕਿ ਸੋਨਾ ਰੇਤ ਵਿਚ ਪ੍ਰੇਮ ਨਾਲ (ਪਹਿਲੇ) ਵਸਦਾ ਹੈ। 2. ਧੋ-ਧੋ ਕੇ ਕਿਣਕੇ ਕੱਢੀਦੇ ਹਨ ਰਤੀ, ਮਾਸਾ ਜਾਂ ਤੋਲੇ, ਦਾ (ਵਜ਼ਨ) ਹੋ ਕੇ ਚਮਕਦਾ ਹੈ। 3. ਕੁਠਾਲੀ ਵਿਚ ਪਾ ਕੇ ਗਾਲੀਦਾ ਹੈ, ਉਸ ਦੀ (ਰੇਣੀ) ਭੇਲੀ ਕਰਕੇ ਸੁਨਿਆਰਾ ਰਾਜ਼ੀ ਹੁੰਦਾ ਹੈ। 4. ਪਤਰੇ ਘੜ-ਘੜ ਕੇ ਧੋਂਦਾ ਹੈ। (ਫੇਰ) ਮਸਾਲੇ ਲਾ ਕੇ ਅੱਗ ਦੇ ਕੇ ਖੁਸ਼ ਹੁੰਦਾ ਹੈ। 5. ਬਾਰਾਂ ਵੰਨੀਆਂ ਦਾ ਹੋ ਕੇ (ਲਗੈ ਲਵੈ) ਨਰਮ ਮਾਲੂਮ ਹੁੰਦਾ ਹੈ (ਫੇਰ) ਕਸੌਟੀ ਵਿਚ ੍ਰਸਿੱਕਾ (ਪਾਤਸ਼ਾਹੀ ਸਿੱਕਾ) ਪੈਂਦਾ ਹੈ, 'ਘਣ' ਵਦਾਣ 'ਤੇ ਅਹਿਰਣ ਵਿਚ ਅਟਲ ਤੇ ਖੁਸ਼ (ਚਮਕਦਾਰ) ਰਹਿੰਦਾ ਹੈ। 7. ਸ਼ੁੱਧ ਮੁਹਰ (ਪਾਤਿਸ਼ਾਹੀ) ਖਜ਼ਾਨੇ ਵਿਚ ਪੈਂਦੀ ਹੈ।

## 13. (ਖ਼ਸ਼ਖ਼ਾਸ਼ ਦਾਣਾ)

੧. ਖਸਖਸ ਦਾਣਾ ਹੋਇਕੈ ਖਾਕ ਅੰਦਰਿ ਹੋਇ ਖਾਕ ਸਮਾਵੈ।
੨. ਦੋਸਤੁ ਪੋਸਤ ਬੂਟ ਹੋਇ ਰੰਗ ਬਿਰੰਗੀ ਫੂਲ ਖਿੜਾਵੈ।
੩. ਹੋਡਾ ਹੋਡੀ ਡੋਡੀਆ ਇਕਦੂੰ ਇਕ ਚੜ੍ਹਾਉ ਚੜ੍ਹਾਵੈ।
੪. ਸੂਲੀ ਉਪਰਿ ਖੇਲਣਾ ਪਿਛੋਂ ਦੇ ਸਿਰਿ ਛਤ੍ਰ ਧਰਾਵੈ।
੫. ਚੁਖੁ ਚੁਖੁ ਹੋਇ ਮਲਾਇਕੈ ਲੋਹੂ ਪਾਣੀ ਰੰਗਿ ਰੰਗਾਵੈ।
੬. ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ।
੭. ਅਮਲੀ ਹੋਇ ਸੁ ਮਜਲਸਿ ਆਵੈ।

ਪਦਾਰਥ - ਦਾਣਾ=ਬੀਜ। ਦੋਸਤ=ਪਿਆਰਾ, ਅਥਵਾ ਦੋ ਸੌ। ਹੋਡਾ=ਹੋਡੀ=ਜਿਦੋ ਜਿਦੀ।

ਅਰਥ - 1. ਖਸ਼ਖਸ਼ ਦਾ ਦਾਣਾ ਬੀਜ ਹੋਇਕੇ ਮਿੱਟੀ ਵਿਖੇ ਮਿੱਟੀ ਹੋ ਕੇ ਸਮਾਂਵਦਾ ਹੈ। 2. ਪਿਆਰੇ ਪੋਸਤ ਦਾ ਬੂਟਾ ਬਣ ਕੇ ਨਾਨਾਂ ਰੰਗਾਂ ਦੇ ਫੁੱਲ ਖਿੜਾਉਂਦਾ ਹੈ। 3. ਜਿਦੋ ਜਿਦੀ ਡੋਡੀਆਂ ਇਕ ਥੋਂ ਇਕ ਵਧੀਕ ਹੋ ਕੇ ਚੜ੍ਹਾਵਾ ਦਸਦੀਆਂ ਹਨ। 4. ਸੂਲੀ, ਡੰਡੀ ਉਪਰ ਪੋਸਤ ਖੇਲਦਾ ਹੈ, ਪਿਛੋਂ ਸਿਰ ਪੁਰ ਛਤਰ ਧਾਰਦਾ ਹੈ (ਭਾਵ ਛਤ੍ਰਾਕਾਰ ਹੋ ਜਾਂਦਾ ਹੈ) 5. ਮਲਨ ਨਾਲ ਟੁਕੜੇ-ਟੁਕੜੇ ਹੁੰਦਾ ਹੈ ਫੇਰ ਪਾਣੀ ਨੂੰ ਲਹੂ ਦੇ ਰੰਗ ਦਾ ਕਰਦਾ ਹੈ। 6. ਮਜਲਸਾਂ ਦਾ ਪ੍ਰੇਮ ਦਾ ਪਿਆਲਾ ਹੋ ਕੇ ਜੋਗ ਅਤੇ ਭੋਗ ਦਾ ਸੰਜੋਗ ਬਣਾਉਂਦਾ ਹੈ (ਭਾਵ ਜੋਗੀ ਲੋਕ ਛੱਕ ਕੇ ਸਮਾਧਿ ਵਿਚ ਤੇ ਵਿਖਈ ਭੋਗ ਵਿਚ ਮਸਤ ਹੁੰਦੇ ਹਨ। 7. (ਜਿਸ ਅਮਲ ਦਾ) ਅਮਲੀ ਹੋਵੇ ਉਸੇ ਹੀ ਮਜਲਸ ਵਿਚ ਜਾ ਰਲਦਾ ਹੈ।

ਭਾਵ - ਇਥੇ ਖਸ਼ਖਾਸ਼ ਦੀ ਨਿੰਮ੍ਰਤਾ ਤੋਂ ਸੁੰਦਰ ਫੂਲ ਫਲ ਤੇ ਫਲ ਦੀ ਪੱਠਿਆਂ ਨੂੰ ਸੁਸਤ ਕਰਨ ਦੀ ਤਾਕਤ ਦਾ ਵਰਣਨ ਹੈ, ਜੋ ਅਨੇਕਾਂ ਰੋਗਾਂ ਲਈ ਬੀ ਵਰਤਦੇ ਹਨ, ਇਥੇ ਪੋਸਤ ਪੀਣ ਯਾ ਨਾ ਪੀਣ ਦਾ ਉਪਦੇਸ਼ ਨਹੀਂ ਹੈ।

# ਭਾਈ ਨੰਦ ਲਾਲ ਜੀ
## (ਗੰਜਨਾਮਾ)

ਮੁਰਸ਼ਦੁਲ-ਆਲਮੀਂ ਸੁਦਸ਼ ਚੂ ਖ਼ਿਤਾਬ॥
ਅਜ਼ ਅਨਾਯਾਤਿ ਹਜ਼ਰਤਿ ਵਹਾਬ।

ਜਦ ਦੋਹਾਂ ਜਹਾਨਾਂ ਦੇ ਮੁਰਸ਼ਦ ਨੇ ਆਪਣੀਆਂ ਅਨੇਕਾਂ ਬਖਸ਼ਿਸ਼ਾਂ ਦੁਆਰਾ ਉਸ ਨੂੰ ਸੰਬੋਧਨ ਕੀਤਾ।

ਗੁਫ਼ਤ ਮਨ ਬੰਦਾ ਓ ਗੁਲਾਮਿ ਤੂ ਅਮ
ਖ਼ਾਕਿ ਅਕਦਾਮਿ ਖ਼ਾਸੋ ਆਮਿ ਤੂ ਅਮ।

ਤਾਂ ਉਸ ਨੇ ਕਿਹਾ ਕਿ ਮੈਂ ਤੇਰਾ ਬੰਦਾ ਹਾਂ, ਤੇਰਾ ਗੁਲਾਮ ਹਾਂ ਅਤੇ ਤੇਰੇ ਆਮ ਅਤੇ ਖ਼ਾਸ ਸਭ ਬੰਦਿਆਂ ਦੇ ਚਰਨਾਂ ਦੀ ਧੂੜ ਹਾਂ।

ਬਾਜ਼ ਚੂੰ ਹਮਚੁਨੀ ਖ਼ਿਤਾਬ ਆਮਦ
ਮਤਵਾਤਰ ਚੁਨੀਂ ਜਵਾਬ ਆਮਦ।

ਫਿਰ ਜਦ ਉਸ ਨੂੰ ਇਸੇ ਤਰ੍ਹਾਂ ਸੰਬੋਧਨ ਕੀਤਾ ਗਿਆ, ਤਾਂ ਬਾਰ-ਬਾਰ ਇਹੀ ਉੱਤਰ ਆਇਆ।

ਕਿ ਮਨ ਦਰ ਤੂ ਗ਼ੈਰ ਤੂ ਕਸ ਨੀਸਤ
ਹਰ ਚਿਹ ਖ਼ਾਹਮ ਕੁਨਮ ਹਮਾ ਅਦਲੀਸਤ।

ਕਿ ਮੈਂ ਤੇਰੇ ਵਿਚ (ਵਸਦਾ ਹਾਂ) ਅਤੇ ਮੇਰੇ ਬਿਨਾਂ ਹੋਰ ਕੋਈ ਦੂਜਾ ਨਹੀਂ (ਦਿਸਦਾ), ਜੋ ਕੁਝ ਮੈਂ ਚਾਹੁੰਦਾ ਹਾਂ, ਉਹ ਕਰਦਾ ਹਾਂ ਅਤੇ ਉਹੀ ਇਨਸਾਫ ਦੀ ਗੱਲ ਹੈ।

ਰਾਹਿ ਜ਼ਿਕਰਮ ਬ ਆਲਮੇ ਬਿਨੁਮਾ
ਬ-ਹਮਾ ਸ਼ੋ ਜਿ ਵਸਫ਼ਿ ਮਨ ਗੋਯਾ।

ਮੇਰੇ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ, ਅਤੇ ਮੇਰੀ ਕੀਤੀ ਸਿਫ਼ਤ ਨਾਲ ਸਭ ਨੂੰ ਪਵਿੱਤਰ ਕਰ ਦੇ।

ਦਰ ਹਮਾ ਜਾ ਪਨਾਹੋ ਯਾਰਿ ਤੂ ਅਮ
ਯਾਵਰੀ ਬਖ਼ਸ਼ੋ ਖ਼ਾਸਤਗਾਰਿ ਤੂ ਅਮ।

ਸਭ ਥਾਂ ਮੈਂ ਤੇਰਾ ਦੋਸਤ ਅਤੇ ਤੇਰੀ ਪਨਾਹ ਹਾਂ, ਮੈਂ ਤੇਰੀ ਸਹਾਇਤਾ ਕਰਨ ਵਾਲਾ ਹਾਂ, ਮੈਂ ਤੈਨੂੰ ਚਾਹੁੰਣ ਵਾਲਾ ਹਾਂ।

ਹਰ ਕਿ ਨਾਮਿ ਤੂ ਬਰਤਰੀਂ ਦਾਨਦ
ਅਜ਼ ਦਿਲੋ ਜਾਂ ਬ-ਵਸਫ਼ਿ ਮਨ ਖ਼ਾਨਦ।

ਜਿਹੜਾ ਵੀ ਤੇਰੇ ਨਾਮ ਨੂੰ ਉੱਚਾ ਸਮਝੇਗਾ ਉਹ ਦਿਲ ਜਾਨ ਨਾਲ ਮੇਰੀ ਸਿਫ਼ਤ ਸ਼ਲਾਘਾ ਕਰੇਗਾ।

ਮਨ ਤੂ ਰਾ ਜ਼ਾਤਿ ਖ਼ੁਦ ਨੁਮਾਇਮ ਬਾਜ਼
ਐਹਦਿ ਮਨ ਸਖ਼ਤਗੀਰ ਬਰ ਕੁਨ ਸਾਜ਼।

ਮੈਨੂੰ ਫਿਰ ਆਪਣੀ ਅਪਰਮ ਆਪਾਰ ਜ਼ਾਤ ਵਿਖਾ, ਮੇਰੇ ਔਖੇ ਸਮੇਂ ਨੂੰ ਸੌਖਾ ਬਣਾ ਦੇ।

ਗਿਰਦਿ ਆਲਮ ਬਰਆ ਹਾਦੀ ਸ਼ੌ
ਕਿ ਜਹਾਂ ਗ਼ੈਰਿ ਮਨ ਨਿਯਰਜ਼ਦ ਜੌ।

ਤੂੰ ਸੰਸਾਰ ਵਿਚ ਆ ਅਤੇ ਰਾਹ ਵਿਖਾਉਣ ਵਾਲਾ ਬਣ, ਕਿਉਂ ਜੋ ਮੇਰੇ ਬਿਨਾਂ ਇਸ ਜਹਾਨ ਦੀ ਜੌਂ ਭਰ ਵੀ ਕੀਮਤ ਨਹੀਂ।

ਦਰ ਹਕੀਕਤ ਮਨਮ ਚੂ ਰਾਹ-ਨੁਮਾ
ਤੂ ਜ਼ਹਾਂ ਰਾ ਬਪਾਇ ਖ਼ੁਦ ਪੈਮਾ।

ਅਸਲ ਵਿਚ ਜਦ ਮੈਂ ਰਾਹ ਵਿਖਾਉਣ ਵਾਲਾ ਹਾਂ, ਤਾਂ ਤੂੰ ਇਸ ਜਹਾਨ ਦਾ ਪੰਥ ਆਪਣੇ ਪੈਰਾਂ ਨਾਲ ਮੁਕਾ।

ਹਰ ਕਿ ਰਾ ਖ਼ਾਹਮ ਵ ਸ਼ਵਮ ਹਾਦੀ
ਅਜ਼ ਤੂ ਦਰ ਦਿਲ ਦਰ-ਆਰਮਸ਼ ਸਾਦੀ।

ਜਿਸ ਕਿਸੇ ਨੂੰ ਮੈਂ ਚਾਹੁੰਦਾ ਹਾਂ ਅਤੇ ਉਸ ਨੂੰ ਰਾਹ ਵਿਖਾਉਂਦਾ ਹਾਂ, ਤੇਰੇ ਕਾਰਣ ਉਸ ਦੇ ਦਿਲ ਵਿਚ ਖੁਸ਼ੀ ਲਿਆਉਂਦਾ ਹਾਂ।

ਵਾਂ ਕਿ ਗੁਮਰਾਹ ਸਾਜ਼ਮਸ਼ ਜ਼ਿ ਗ਼ਜ਼ਬ
ਨ-ਰਸਦ ਅਜ਼ ਹਦਾਇਤਿ ਤੂ ਬ-ਰੱਬ।

ਤੇ ਜਿਸ ਨੂੰ ਮੈਂ ਕਰੋਪ ਨਾਲ ਕੁਰਾਹੇ ਪਾ ਦਿਆਂ, ਉਹ ਤੇਰੀ ਸਿੱਖਿਆ ਨਾਲ ਭੀ ਰੱਬ ਤਕ ਨਹੀਂ ਪੁੱਜ ਸਕਦਾ।

ਸ਼ੁਦਾ ਗੁਮਰਾਹ ਆਲਮੇ ਬੇਮਨ
ਸਾਹਿਰਾਂ ਗਸ਼ਤਾ ਅੰਦ ਜਾਦੂਇ ਮਨ।

ਇਕ ਸੰਸਾਰ ਮੇਰੇ ਬਿਨਾਂ ਕੁਰਾਹੇ ਪਿਆ ਹੋਇਆ ਹੈ, ਮੇਰੇ ਜਾਦੂ, ਜਾਦੂਗਰ ਬਣ ਗਏ ਹਨ।

ਮੁਰਦਗਾਂ ਰਾ ਕੁਨੰਦ ਜ਼ਿੰਦਾ ਹਮੀ
ਜ਼ਿੰਦਗਾਂ ਰਾ ਬਜਾਂ ਕੁਸ਼ੰਦਾ ਹਮੀ।

ਉਹ ਮੁਰਦਿਆਂ ਨੂੰ ਸੁਰਜੀਤ ਕਰ ਦਿੰਦੇ ਹਨ,

ਅਤੇ ਜੀਵੰਦਿਆਂ ਨੂੰ ਜਾਨੋਂ ਮਾਰ ਦਿੰਦੇ ਹਨ।

ਆਤਿਸ਼ੇ ਰਾ ਕੁਨੰਦ ਆਬ ਵਸ਼
ਬਰ ਸਾਰੇ ਆਬ ਬਰ ਜ਼ਨੰਦ ਆਤਿਸ਼॥

ਉਹ ਅੱਗ ਨੂੰ ਪਾਣੀ ਵਾਂਗ ਬਣਾ ਦਿੰਦੇ ਹਨ ਅਤੇ ਪਾਣੀ ਨੂੰ ਅੱਗ ਨਾਲ ਬੁਝਾਉਂਦੇ ਹਨ।

ਹਰ ਚਿਹ ਖ਼ਾਹਿਦ ਮੀ-ਕੁਨੰਦ ਹਮਾਂ
ਜੁਮਲਾ ਜਾਦੂ ਫ਼ਨ ਅੰਦ ਬਰ ਸਾਮਾਂ।

ਜੋ ਕੁਝ ਉਹ ਚਾਹੁੰਦੇ ਹਨ, ਉਹੀ ਕਰਦੇ ਹਨ, ਉਹ ਸਭ ਕੁਝ ਸਾਮਾਨ ਉਤੇ ਜਾਦੂ ਕਰਨ ਵਾਲੇ ਹਨ।

ਰਾਹਿ ਸ਼ਾਂ ਰਾ ਨੁਮਾ ਬ-ਸੂਇ ਮਨ
ਕਿ ਪਜ਼ੀਰੰਦ ਗੁਫ਼ਤਗੂਇ ਮਨ॥

ਉਨ੍ਹਾਂ ਦੇ ਰਾਹ ਨੂੰ ਮੇਰੀ ਵੱਲ ਮੋੜ, ਤਾਂ ਜੋ ਉਹ ਮੇਰੇ ਬਚਨ ਗ੍ਰਹਿਣ ਕਰ ਸਕਣ।

ਗ਼ੈਰ ਜ਼ਿਕਰਮ ਬ-ਜਾਦੂਏ ਨ=ਰਵੰਦ
ਜੁਜ਼ ਦਰਿ ਮਨ ਬਜਾਨਬੇ ਨ ਰਵੰਦ।

ਬਿਨਾਂ ਮੇਰੇ ਸਿਮਰਨ ਦੇ ਉਹ ਕਿਸੇ ਜਾਦੂ ਵੱਲ ਨਹੀਂ ਜਾਂਦੇ, ਬਿਨਾਂ ਮੇਰੇ ਦਰਵਾਜ਼ੇ ਦੇ ਉਹ ਕਿਸੇ ਹੋਰ ਪਾਸੇ ਨਹੀਂ ਜਾਂਦੇ।

ਕਿ ਜ਼ਿ ਦੋਜ਼ਖ ਸ਼ਵੰਦ ਰੁਸਤਾ ਹਮੇ
ਵਰਨਾ ਉਫ਼ਤੰਦ ਦਸਤ-ਬਸਤਾ ਹਮੇ।

ਕਿਉਂ ਜੋ ਉਹ ਨਰਕਾਂ ਤੋਂ ਛੁੱਟ ਗਏ ਹਨ, ਨਹੀਂ ਤਾਂ ਉਹ ਹੱਥੀ ਬੱਧੀ ਡਿੱਗ ਪੈਂਦੇ ਹਨ।

ਕਾਫ਼ ਤਾ ਕਾਫ਼ ਆਲਮੇ ਜੁਮਲਾ
ਦਾਅਵਤ ਆਮੋਜ਼ੋ ਜ਼ਾਲਮੇ ਜੁਮਲਾ।

ਇਹ ਸਾਰਾ ਜਹਾਨ, ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ, ਸੱਦਾ ਦੇ ਰਿਹਾ ਹੈ ਸਾਰਾ ਸੰਸਾਰ ਜ਼ੁਲਮ ਕਰ ਰਿਹਾ ਹੈ।

ਰੰਜੋ ਫ਼ਰਹਤ ਜ਼ਿ ਮਨ ਨ ਮੀ-ਦਾਨੰਦ
ਹਮਾ ਅਜ਼ ਗ਼ੈਰਿ ਮਨ ਪਰੇਸ਼ਾਨੰਦ।

ਮੇਰੇ ਕਾਰਣ ਉਹ ਗ਼ਮੀ ਅਤੇ ਖੁਸ਼ੀ ਨਹੀਂ ਜਾਣਦੇ, ਮੇਰੇ ਬਿਨਾਂ ਉਹ ਸਾਰੇ ਹੈਰਾਨ ਪਰੇਸ਼ਾਨ ਹਨ।

ਔਜੁਮਨ ਮੀ-ਕੁਨੰਦ ਵ ਅਜ਼ ਅੰਜਮ
ਬਰ ਸ਼ੁਮਾਰੰਦ ਰੂਜਿ ਸ਼ਾਦੀ ਓ ਗ਼ਮ।

ਉਹ ਇਕੱਤ੍ਰ ਹੁੰਦੇ ਹਨ ਅਤੇ ਤਾਰਿਆਂ ਤੋਂ, ਹਰਖ ਸੋਗ ਦੇ ਦਿਨ ਗਿਣਦੇ ਹਨ।

ਬਰ ਨਿਗਾਰੰਦ ਨਹਿਰਸੋ ਸਾਅਦ ਹਮੇ
ਬਾਜ਼ ਗੋਇੰਦ ਕਬਲੋ ਬਾਅਦ ਹਮੇ॥

ਉਹ ਫਿਰ ਮੰਦੇ ਚੰਗੇ ਭਾਗਾਂ ਨੂੰ ਪੱਤਰੀ ਵਿਚ ਲਿਖਦੇ ਹਨ, ਉਹ ਫਿਰ ਕਦੀ ਪਹਿਲਾਂ ਤੇ ਕਦੀ ਪਿਛੋਂ ਅਜਿਹਾ ਕਹਿੰਦੇ ਹਨ।

ਨੀਸਤ ਸ਼ਾਂ ਰਾ ਬ-ਜ਼ਿਕਰ ਇਸਤਿਕਲਾਲ
ਕਾਲ ਦਾਨੰਦ ਜੁਮਲਗਾਂ ਬੇ-ਹਾਲ।

ਉਹ ਰੱਬ ਦੇ ਸਿਮਰਨ ਵਿਚ ਸਥਿਰ ਅਤੇ ਪਰਪੱਕ ਨਹੀਂ, ਉਨ੍ਹਾਂ ਸਭ ਦੀ ਗੱਲ ਬਾਤ ਬੇਹਾਲਾਂ ਵਾਲੀ ਹੁੰਦੀ ਹੈ।

ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ
ਕਿ ਨਦਾਰੰਦ ਦੋਸਤ ਜੁਜ਼ ਜ਼ਿਕਰਮ॥

ਉਨ੍ਹਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾ ਦੇ, ਤਾ ਜੋ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿਤ੍ਰ ਨਾ ਸਮਝਣ।

ਤਾ ਹਮਾ ਕਾਰਿ ਸ਼ਾਂ ਨਿਕੋ ਸਾਜ਼ਮ
ਖ਼ਾਤਰਿ ਸ਼ਾਂ ਜ਼ਿ ਨੂਰ ਬਿਤਰਾਜ਼ਮ।

ਤਾਂ ਕਿ ਮੈਂ ਉਨ੍ਹਾਂ ਦੇ ਕੰਮ (ਜੀਵਨ ਵਿਹਾਰ) ਠੀਕ ਕਰ ਦਿਆਂ, ਅਤੇ ਉਨ੍ਹਾਂ ਦੀ ਮਨੋ ਬਿਰਤੀ (ਧਰਮ ਦੀ) ਲੋ ਨਾਲ ਸੰਵਾਰ ਦਿਆਂ।

ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ
ਕਿ ਸ਼ਵੀ ਰਹਿਨੁਮਾ ਬ-ਜੁਮਲਾ ਜਹਾਂ।

ਮੈਂ ਤੈਨੂੰ ਇਸ ਲਈ ਪੈਦਾ ਕੀਤਾ ਹੈ, ਤਾਂ ਜੋ ਤੂੰ ਸਾਰੇ ਜਹਾਨ ਨੂੰ ਰਾਹ ਵਿਖਾਉਣ ਵਾਲਾ ਬਣ ਜਾਵੇਂ।

ਹੁੱਬਿ ਗ਼ੈਰ ਅਜ਼ ਜ਼ਮੀਰਿ ਸ਼ਾਂ ਬਜ਼ਦਾਇ
ਹਮਗਨਾਂ ਰਾ ਤੂ ਰਾਹਿ ਰਾਸਤ ਨੁਮਾਇ।

ਉਨ੍ਹਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢਦੇ, ਉਨ੍ਹਾਂ ਸਾਰਿਆਂ ਨੂੰ ਸੱਚਾ ਮਾਰਗ ਵਿਖਾ ਦੇ।

ਸ਼ਾਹ ਗੁਫ਼ਤਾ ਚਿ ਲਾਇਕ ਆਨਮ
ਕਿ ਦਿਲਿ ਜੁਮਲਾ ਬਾਜ਼ ਗਰਦਾਨਮ।

ਪਾਤਸ਼ਾਹ (ਨਾਨਕ) ਨੇ ਕਿਹਾ, ਮੈਂ ਇਸ ਦੇ ਕੀ ਲਾਇਕ ਹਾਂ, ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੋੜ ਦਿਆਂ।

*ਚਲਦਾ.....।'*

# ਈਸ਼੍ਵਰ ਅਮੋਲਕ ਲਾਲ
# (ਭਾਗ ਦੂਜਾ)
# ਈਸ਼ਵਰ ਹਰੀ ਅਤੇ ਹਰੀ ਈਸ਼ਵਰ

## 4. ਮੰਜ਼ਲ-ਏ-ਮਾਰਫ਼ਤ

ਸਤਿਨਾਮੁ ਸ੍ਰੀ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ

*ਜਿਧਰ ਦੇਖਤਾ ਹੂੰ ਖ਼ੁਦਾ ਹੀ ਖ਼ੁਦਾ ਹੈ। ਖ਼ੁਦਾ ਸੋ ਬਿਨਾਂ ਕੋਈ ਸ਼ੈਅ ਨਾ ਜੁਦਾ ਹੈ।*
*ਜੋ ਅੱਵਲ ਔਰ ਆਖਿਰ ਖ਼ੁਦਾ ਹੀ ਖ਼ੁਦਾ ਹੈ। ਤੋ ਅਬ ਭੀ ਕਿਆ ਉਸ ਸੇ ਕੋਈ ਮਾਅਸਿਵਾ ਹੈ।*
*ਹੈ ਆਗ਼ਾਜ਼ ਅੰਜਾਮ ਜ਼ੇਵਰ ਮੇਂ ਜ਼ਰ ਕਾ, ਮਿਆਂ ਮੇਂ ਨਾ ਹਰਗਿਜ਼ ਵੋਹ ਗ਼ੈਰੇ ਤਿਲਾ ਹੈ।*
*ਵੋਹੀ ਆਪ ਹਰ ਏਕ ਸੂਰਤ ਮੇਂ ਆਇਆ, ਕਹੀਂ ਆਬੋ ਆਤਿਸ਼ ਜ਼ਮੀਨੋ ਹਵਾ ਹੈ।*
*ਕਹਾਂ ਉਸ ਕੋ ਦੂਰ ਔਰ ਜੁਦਾ ਢੂੰਡਤੇ ਹੋ, ਵੋਹ ਹਰਦਮ ਹੈ ਹਾਜ਼ਿਰ ਨਾ ਹਰਗਿਜ਼ ਛੁਪਾ ਹੈ।*
*ਮੇਰੇ ਦੋਸਤ ਸਮਝੇਗਾ ਵੋਹ ਬਾਤ ਮੇਰੀ, ਕੀਆ ਜਿਸ ਕੇ ਦਿਲ ਕੋ ਦੂਈ ਸੇ ਜੁਦਾ ਹੈ।*

## ਆਰਿਫ਼ ਲੋਗੋਂ ਕੀ ਨੇਸ਼ਠਾ, ਦ੍ਰਿਸ਼ਟੀ ਔਰ ਇਸਥਿਤੀ

*ਬੁਲ੍ਹਿਆ! ਸ਼ੌਹ ਸਾਥੀ ਵੱਖ ਨਹੀਂ। ਉਸ ਬਿਨ ਬਾਕੀ ਕੱਖ ਨਹੀਂ।*
*ਪਰ ਵੇਖਣ ਵਾਲੀ ਅੱਖ ਨਹੀਂ। ਤਾਹੀਂ ਜਿੰਦੜੀ ਦੁਖੜੇ ਸਹਿੰਦੀ ਏ।*
*ਮੂੰਹ ਆਈ ਬਾਤ ਨਾ ਰਹਿੰਦੀ ਏ।*

ਸਤਿਨਾਮੁ ਸ੍ਰੀ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ।

ਮੁਝ ਹੀ ਵਿਕਲਪਹੀਨ ਕੇ ਬ੍ਰਹਮ ਜਗਤ ਦੋਏ ਨਾਮ।

ਮੈਂ ਨਿਰਾਕਾਰ, ਨਿਰਵਿਕਲਪ, ਪਰਮਾਨੰਦ, ਚਿਦਾਕਾਸ਼ ਹੂੰ। ਮੇਰੇ ਹੀ ਦੋ ਨਾਮ ਹੈਂ ਗਿਆਨ ਅਵਸਥਾ ਮੇਂ ਮੇਰਾ ਨਾਮ ਬ੍ਰਹਮ ਯਾ ਵਾਹਿਗੁਰੂ ਹੈ। ਅਗਿਆਨ ਅਵਸਥਾ ਮੇਂ ਮੇਰਾ ਹੀ ਨਾਮ ਸੰਸਾਰ ਯਾ ਜਗਤ ਹੈ ਲੇਕਿਨ ਅਗਿਆਨ ਔਰ ਗਿਆਨ ਦੋਨੋਂ ਅਵਸਥਾਓਂ ਸੇ ਉਪਰ ਉਠ ਕਰ ਮੇਰਾ ਨਾਮ ਕੋਈ ਭੀ ਨਹੀਂ ਹੈ।

*ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥ (ਅਕਾਲ ਉਸਤਤਿ ਪਾਤਿਸ਼ਾਹੀ ੧੦)*

ਸੰਸਾਰ ਦ੍ਰਿਸ਼ਟੀ ਗਿਰਾਵਟ ਹੈ। ਬ੍ਰਹਮ ਦ੍ਰਿਸ਼ਟੀ ਤਰੱਕੀ। ਨਿਰਵਿਕਲਪਤਾ ਦੋਨੋਂ ਸੇ ਊਪਰ ਯਥਾਰਥ ਅਵਸਥਾ ਹੈ। ਅਸਲ ਹੈ।

*ਸਲੋਕ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ ਅੰਗ - ੨੮੩*

*ੴ ਸਤਿਗੁਰ ਪ੍ਰਸਾਦਿ*
*ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦। ਛਪੈ ਚੰਦ॥ ਤ੍ਵਪ੍ਰਸਾਦਿ॥*
*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥ (ਅਕਾਲ ਉਸਤਤਿ ਪਾਤਸ਼ਾਹੀ ੧੦)*

'ਚਲਦਾ......।'

# ਭਾਈ ਮਨੀ ਸਿੰਘ ਜੀ
## (ਸ਼ਹੀਦੀ ਦਿਵਸ ਨੂੰ ਸਮਰਪਿਤ)

*ਗਿਆਨੀ ਭਜਨ ਸਿੰਘ*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਨੀ ਸਿੰਘ, ਸੁਨਾਮ ਨੇੜੇ ਕੈਬੋਵਾਲ ਪਿੰਡ ਦੇ ਦੁਲਟ ਜੱਟ ਚੌਧਰੀ ਕਾਲੇ ਦੇ ਪੁੱਤਰ ਸਨ। ਪੰਜ ਸਾਲ ਦੀ ਉਮਰ ਦੇ ਸਨ ਜਦ ਪਿਤਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੜ੍ਹਾ ਦਿਤਾ ਤੇ ਇਹ ਗੁਰੂ ਸਾਹਿਬ ਦੇ ਹਜ਼ੂਰ ਹੀ ਸਾਰੀ ਉਮਰ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਜੰਗਾਂ ਵਿਚ ਹਿੱਸਾ ਲੈਂਦੇ ਰਹੇ। 1699 ਵਿਚ ਅੰਮ੍ਰਿਤ ਪਾਨ ਕਰਕੇ ਸਿੰਘ ਸਜ ਗਏ। 1704 ਈ: ਨੂੰ ਕਲਗੀਧਰ ਪਾਤਸ਼ਾਹ ਜੀ ਦੀ ਆਗਿਆ ਨਾਲ ਮਾਤਾ ਸੁੰਦਰੀ ਜੀ (ਸੁੰਦਰ ਕੌਰ) ਤੇ ਮਾਤਾ ਸਾਹਿਬ ਕੌਰ ਜੀ ਨਾਲ ਦਿੱਲੀ ਚਲੇ ਗਏ। ਮੁੜ ਦਮਦਮੇ ਸਾਹਿਬ ਸਾਬ੍ਹੋ ਕੀ ਤਲਵੰਡੀ ਆ ਗਏ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਨਵੇਂ ਸਿਰਿਉਂ ਲਿਖਾਈ ਕੀਤੀ ਜਿਸ ਨੂੰ ਦਮਦਮੀ ਬੀੜ ਕਹਿੰਦੇ ਹਨ। ਮਾਤਾ ਸੁੰਦਰੀ ਜੀ (ਸੁੰਦਰ ਕੌਰ) ਦੀ ਆਗਿਆ ਤੇ ਸਰਪ੍ਰਸਤੀ ਹੇਠ ਦਸ਼ਮੇਸ਼ ਪਿਤਾ ਦੀ ਰਚਨਾ ਇਕੱਤਰ ਕਰ ਕੇ ਦਸਮ ਗ੍ਰੰਥ ਤਿਆਰ ਕੀਤਾ।

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਸਿੰਘਾਂ ਵਿਚ ਵਿਚਾਰਕ ਮਤਭੇਦ ਪੈਦਾ ਹੋ ਗਏ। ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਮਤਭੇਦ ਵਧ ਗਏ ਤਾਂ ਝਗੜਾ ਨਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਿੱਲੀ ਤੋਂ ਅੰਮ੍ਰਿਤਸਰ ਭੇਜਿਆ। ਭਾਈ ਮਨੀ ਸਿੰਘ ਜੀ ਦਾ ਸਾਰਾ ਖ਼ਾਲਸਾ ਪੰਥ ਬੇ-ਹੱਦ ਸਤਿਕਾਰ ਕਰਦਾ ਸੀ। ਜਦ ਉਹ ਅੰਮ੍ਰਿਤਸਰ ਆ ਗਏ ਤਾਂ ਦੋਹਾਂ ਧੜਿਆਂ ਨੇ ਹੀ ਇੱਛਾ ਪ੍ਰਗਟ ਕੀਤੀ ਕਿ ਤੁਸੀਂ ਦਰਬਾਰ ਸਾਹਿਬ ਦਾ ਪ੍ਰਬੰਧ ਤੇ ਜ਼ਿੰਮੇਵਾਰੀ ਆਪ ਸੰਭਾਲ ਲਉ। ਭਾਈ ਮਨੀ ਸਿੰਘ ਜੀ ਦੇ ਯਤਨਾਂ ਨਾਲ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਝਗੜਾ ਖ਼ਤਮ ਹੋ ਗਿਆ। ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਲਗ ਗਏ। ਨਾਲ ਹੀ ਆਪ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੀ ਥਾਪ ਦਿਤੇ ਗਏ। ਇਥੇ ਰਹਿ ਕੇ ਆਪ ਨੇ ਖ਼ਾਲਸਾ ਪੰਥ ਵਿਚ ਆ ਗਈਆਂ ਕੁਰੀਤੀਆਂ ਦੂਰ ਕਰਨ ਲਈ ਉਪਰਾਲੇ ਕੀਤੇ ਤੇ ਕੌਮ ਨੂੰ ਗੁਰੂ ਸਾਹਿਬ ਦੇ ਦਿਤੇ ਉਪਦੇਸ਼ ਠੀਕ ਅਰਥਾਂ ਵਿਚ ਸਮਝਾਏ।

ਭਾਈ ਮਨੀ ਸਿੰਘ ਬੜੇ ਵੱਡੇ ਵਿਦਵਾਨ ਸਨ। ਜੇ ਇਹ ਕਿਹਾ ਜਾਏ ਕਿ ਭਾਈ ਗੁਰਦਾਸ ਜੀ ਤੋਂ ਪਿਛੋਂ ਆਪ ਹੀ ਵੱਡੇ ਸਿੱਖ ਵਿਦਵਾਨ ਹੋਏ ਹਨ ਤਾਂ ਇਹਦੇ ਵਿਚ ਕੋਈ ਅਤਿਕਥਨੀ ਨਹੀਂ। ਆਪ ਮਹਾਨ ਧਾਰਮਿਕ ਆਗੂ ਤੇ ਸਾਹਿਤਕਾਰ ਵੀ ਸਨ। 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਆਪ ਦੀਆਂ ਦੋ ਬਹੁ-ਮੁਲੀਆਂ ਰਚਨਾਵਾਂ ਹਨ ਜਿਨ੍ਹਾਂ ਵਿਚ ਆਪ ਨੇ ਗੁਰਮਤਿ ਫਿਲਾਸਫੀ ਨੂੰ ਬੜੇ ਸੋਹਣੇ ਢੰਗ ਨਾਲ ਵਾਰਤਕ ਰੂਪ ਵਿਚ ਪੇਸ਼ ਕੀਤਾ। ਪੁਰਾਣੇ ਪੰਜਾਬੀ ਵਾਰਤਕ ਸਾਹਿਤ ਵਿਚ ਇਹ ਦੋਵੇਂ ਰਚਨਾਵਾਂ ਬਹੁਤ ਵਿਸ਼ੇਸ਼ਤਾ ਰੱਖਦੀਆਂ ਹਨ।

ਜ਼ਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ ਤਾਂ ਉਹਨੇ ਸਿੱਖਾਂ ਤੇ ਸਖ਼ਤੀ ਵਧਾ ਦਿਤੀ। ਘਰਾਂ ਵਿਚ ਸਿੱਖਾਂ ਦਾ ਰਹਿਣਾ ਅਸੰਭਵ ਬਣਾ ਦਿਤਾ। ਸਿੰਘ ਜਥੇ ਬਣਾ ਕੇ ਜੰਗਲਾਂ ਤੇ ਝੱਲਾਂ ਵਿਚ ਰਹਿੰਦੇ ਤੇ ਸਰਕਾਰ ਨਾਲ ਟੱਕਰ ਲੈਂਦੇ। ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ ਨੇ ਜ਼ਕਰੀਆ ਖ਼ਾਨ ਦਾ ਕਾਫੀਆ ਤੰਗ ਕਰ ਦਿਤਾ। ਜ਼ਕਰੀਆ ਖਾਨ ਨੇ ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿਤੇ। ਕਈ ਗੁਰਦੁਆਰਿਆਂ ਨੂੰ ਮਸੀਤਾਂ ਵਿਚ ਬਦਲ ਦਿਤਾ ਗਿਆ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦੁਆਲੇ ਪਹਿਰਾ ਲਾ ਦਿਤਾ ਗਿਆ ਤਾਂ ਕਿ ਕੋਈ ਅੰਦਰ ਨਾ ਆ ਸਕੇ। ਇਸ ਸਮੇਂ ਭਾਈ ਮਨੀ ਸਿੰਘ ਦੀ ਮਹਾਨ ਸ਼ਖਸ਼ੀਅਤ ਨੇ ਆਪਣੇ ਕੁਝ ਮੁਸਲਮਾਨ ਮਿੱਤਰਾਂ ਦੇ ਮਿਲਵਰਤਣ ਨਾਲ ਦਰਬਾਰ ਸਾਹਿਬ ਤੋਂ ਪਹਿਰਾ ਹਟਵਾ ਲਿਆ।

ਫਿਰ ਭਾਈ ਮਨੀ ਸਿੰਘ ਨੇ ਦੇਖਿਆ ਕਿ ਸਰਕਾਰ ਦੀਆਂ ਸਖ਼ਤੀਆਂ ਕਰਕੇ ਬਹੁਤ ਘੱਟ ਸਿੱਖ ਦਰਬਾਰ ਸਾਹਿਬ ਆਉਂਦੇ ਹਨ। ਉਹਨਾਂ ਨੇ ਅੰਮ੍ਰਿਤਸਰ ਦੇ ਹਾਕਮ ਅਬਦੁੱਲਾ ਖ਼ਾਨ ਨਾਲ ਗੱਲ ਕੀਤੀ ਤੇ ਉਹਨੂੰ ਪੁੱਛਿਆ ਕਿ ਅਸੀਂ ਦੀਵਾਲੀ ਤੇ ਇਥੇ ਸਿੰਘਾਂ ਦਾ ਭਾਰੀ ਇਕੱਠ ਕਰਨਾ ਚਾਹੁੰਦੇ ਹਾਂ, ਤੁਸੀਂ ਆਗਿਆ ਦੇ ਦਿਓ। ਉਹਨੇ ਜ਼ਕਰੀਆ ਖ਼ਾਨ ਨਾਲ ਗੱਲਬਾਤ ਕਰਕੇ ਇਸ ਸ਼ਰਤ ਤੇ ਆਗਿਆ ਦੇ ਦਿਤੀ ਕਿ ਮੇਲੇ ਸਮੇਂ ਸਰਕਾਰ ਨੂੰ ਦਸ ਹਜ਼ਾਰ ਰੁਪਏ ਦਿਤੇ ਜਾਣਗੇ।

ਭਾਈ ਮਨੀ ਸਿੰਘ ਜੀ ਕੌਮ ਵਿਚ ਇਕ ਨਵੀਂ ਲਹਿਰ ਪੈਦਾ ਕਰਨ ਲਈ ਵੱਡਾ ਇਕੱਠ ਕਰਨਾ ਚਾਹੁੰਦੇ ਸਨ। ਉਹਨਾਂ ਨੇ ਹਰ ਪਾਸੇ ਚਿੱਠੀਆਂ ਭੇਜ ਦਿਤੀਆਂ ਕਿ ਸਭ ਸਿੰਘ ਅੰਮ੍ਰਿਤਸਰ ਪਹੁੰਚਣ। ਇਸ ਸੱਦੇ ਦਾ ਚੰਗਾ ਅਸਰ ਹੋਇਆ। ਸੰਗਤਾਂ ਤਿਆਰੀਆਂ ਕਰਨ ਲੱਗ ਪਈਆਂ ਤੇ ਭਾਈ ਮਨੀ ਸਿੰਘ ਜੀ ਨੂੰ ਆਸ ਤੋਂ ਵੱਧ ਉਤਸ਼ਾਹ ਦੀਆਂ ਇਤਲਾਹਾਂ ਮਿਲੀਆਂ।

ਉਧਰ ਜ਼ਕਰੀਆ ਖ਼ਾਨ ਨੂੰ ਜਦੋਂ ਸੰਗਤਾਂ ਦੇ ਉਤਸ਼ਾਹ ਦੀ ਖ਼ਬਰ ਮਿਲੀ ਤਾਂ ਉਹਦੀ ਨੀਅਤ ਬਦਲ ਗਈ। ਉਹਨੇ ਸਾਜਿਸ਼ ਤਿਆਰ ਕੀਤੀ ਕਿ ਜਦੋਂ ਸੰਗਤ ਅੰਮ੍ਰਿਤਸਰ ਆ ਕੇ ਜੁੜੇ ਤਾਂ ਉਸ ਸਮੇਂ ਤਕੜਾ ਫੌਜੀ

ਹਮਲਾ ਕਰਕੇ ਸਭ ਨੂੰ ਕਤਲ ਕਰ ਦਿਤਾ ਜਾਏ। ਉਹਨੇ ਬਹੁਤ ਸਾਰੀ ਫੌਜ ਅੰਮ੍ਰਿਤਸਰ ਭੇਜ ਦਿਤੀ ਤੇ ਹੁਕਮ ਦਿਤਾ ਕਿ ਇਕ ਵੀ ਸਿੰਘ ਬਚ ਕੇ ਨਹੀਂ ਜਾਣਾ ਚਾਹੀਦਾ। ਖੁਸ਼ਕਿਸਮਤੀ ਨਾਲ ਉਹਦੀ ਫੌਜ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਭਾਈ ਮਨੀ ਸਿੰਘ ਨੂੰ ਉਹਦੀ ਸਾਜਿਸ਼ ਦਾ ਪਤਾ ਲਗ ਗਿਆ ਤੇ ਇਕ ਵੀ ਸਿੰਘ ਅੰਮ੍ਰਿਤਸਰ ਵਿਚ ਨਾ ਰਿਹਾ। ਜ਼ਕਰੀਆ ਖ਼ਾਨ ਨੂੰ ਬਹੁਤ ਗੁੱਸਾ ਲੱਗਾ ਅਤੇ ਉਹਨੇ ਭਾਈ ਮਨੀ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ। ਜਦ ਭਾਈ ਮਨੀ ਸਿੰਘ ਜੀ ਨੂੰ ਜ਼ਕਰੀਆ ਖ਼ਾਨ ਅੱਗੇ ਪੇਸ਼ ਕੀਤਾ ਗਿਆ ਤਾਂ ਉਹਨੇ ਦਸ ਹਜ਼ਾਰ ਰੁਪਏ ਮੰਗੇ। ਭਾਈ ਮਨੀ ਸਿੰਘ ਨੇ ਕਿਹਾ ਕਿ ਚੜ੍ਹਾਵਾ ਆਉਂਦਾ ਤਾਂ ਦਿਤਾ ਜਾਂਦਾ। ਤੁਸੀਂ ਸਾਡਾ ਇਕੱਠ ਹੋਣ ਹੀ ਨਹੀਂ ਦਿਤਾ। ਇਸ ਲਈ ਰਕਮ ਕਿਉਂ ਦਿਤੀ ਜਾਏ। ਜਦ ਇਨਕਾਰ ਕੀਤਾ ਤਾਂ ਜ਼ਕਰੀਆ ਖ਼ਾਨ ਨੇ ਕਿਹਾ ਕਿ ਇਹ ਰਕਮ ਇਕੋ ਹਾਲਤ ਵਿਚ ਮਾਫ਼ ਕੀਤੀ ਜਾ ਸਕਦੀ ਹੈ, ਜੇਕਰ ਤੁਸੀਂ ਇਸਲਾਮ ਵਿਚ ਸ਼ਾਮਿਲ ਹੋ ਜਾਓ। ਭਾਈ ਮਨੀ ਸਿੰਘ ਨੇ ਕਿਹਾ ਕਿ ਮੈਂ ਆਪਣੇ ਗੁਰੂ ਦਾ ਪੱਲਾ ਕਿਸੇ ਕੀਮਤ ਤੇ ਵੀ ਨਹੀਂ ਛੱਡ ਸਕਦਾ। ਇਸ ਤੇ ਆਪ ਦਾ ਕੇਸ ਮੌਲਵੀਆਂ ਦੇ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਬੰਦ-ਬੰਦ ਕਟ ਕੇ ਕਤਲ ਕਰਨ ਦਾ ਫਤਵਾ ਦਿਤਾ। ਭਾਈ ਮਨੀ ਸਿੰਘ ਜੀ ਨੇ ਖਿੜੇ ਮੱਥੇ ਇਹ ਕੁਰਬਾਨੀ ਦੇਣ ਦਾ ਨਿਸਚਾ ਕਰ ਲਿਆ।

ਜਦ ਜੱਲਾਦ ਲੱਤ ਕੱਟਣ ਲੱਗਾ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਤੈਨੂੰ ਬੰਦ-ਬੰਦ ਕੱਟਣ ਦਾ ਹੁਕਮ ਹੋਇਆ ਹੈ, ਇਸ ਲਈ ਅੰਗ-ਅੰਗ ਵਖ ਕਰ। ਟੋਕੇ ਨਾਲ ਇਕ-ਇਕ ਜੋੜ ਕਟਿਆ ਗਿਆ। ਭਾਈ ਮਨੀ ਸਿੰਘ ਜੀ ਨੇਤਰ ਬੰਦ ਕਰਕੇ ਪਾਠ ਕਰੀ ਜਾ ਰਹੇ ਸਨ ਤੇ ਪਹਿਲਾਂ ਪੋਟੇ, ਫਿਰ ਉਂਗਲਾਂ ਤੇ ਫਿਰ ਸਰੀਰ ਦੇ ਬਾਕੀ ਹਿੱਸੇ ਵੱਢ ਕੇ ਆਪ ਨੂੰ 1738 ਈਸਵੀ ਵਿਚ ਸ਼ਹੀਦ ਕਰ ਦਿਤਾ ਗਿਆ। ਇਸੇ ਸ਼ਹੀਦੀ ਸਦਕਾ ਕੌਮ ਵਿਚ ਅਜਿਹਾ ਜੋਸ਼ ਪੈਦਾ ਹੋਇਆ ਕਿ ਸਿੰਘਾਂ ਨੇ ਮੈਦਾਨ ਵਿਚ ਨਿਕਲ ਕੇ ਮਿਸਲਾਂ ਬਣਾ ਲਈਆਂ ਤੇ ਅਖੀਰ ਰਾਜ ਪਲਟ ਕੇ ਰੱਖ ਦਿਤਾ।


## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਸਾਵਣਿ ਸੰਗਰਾਂਦ - 16 ਜੁਲਾਈ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
